ਬੁੱਧਵਾਰ, 24 ਸਤੰਬਰ, 2025
9 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 114

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 24 SEPTEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫੇ : 12

# ਫਲਸਤੀਨ ਤੇ ਕਿਊਬਾ ਨਾਲ ਯਕਯਹਿਤੀ ਦਾ ਪ੍ਰਗਟਾਵਾ




## 'ਫਲਸਤੀਨ ਆਜ਼ਾਦ ਕਰੋ' ਨਾਲ ਗੂੰਜਿਆ ਹਾਲ, ਦੋਹਾਂ ਦੇਸ਼ਾਂ ਦੇ ਰਾਜਦੂਤਾਂ ਵੱਲੋਂ ਪਾਰਟੀ ਕਾਂਗਰਸ ਦੀ ਸਫ਼ਲਤਾ ਦੀ ਕਾਮਨਾ

**ਚੰਡੀਗੜ੍ਹ (ਗਿਆਨ ਸੈਦਪੁਰੀ)**

ਭਾਰਤੀ ਕਮਿਊਨਿਸਟ ਪਾਰਟੀ ਦੇ ਮਹਾਂ-ਸੰਮੇਲਨ ਦੌਰਾਨ ਇਕ ਵਿਸ਼ੇਸ਼ ਸੈਸ਼ਨ ਕਿਊਬਾ ਅਤੇ ਫਲਸਤੀਨ ਦੇ ਲੋਕਾਂ ਨਾਲ ਇਕਜੁਟਤਾ ਦਾ ਪ੍ਰਗਟਾਵਾ ਕਰਨ ਲਈ ਕੀਤਾ ਗਿਆ। ਜਦੋਂ ਫਲਸਤੀਨ ਦੇ ਅੰਬੇਸਡਰ ਅਬੂ ਸ਼ਾਹਵੇਸ਼ ਅਤੇ ਕਿਊਬਾ ਦੇ ਅੰਬੈਸਡਰ ਜਾਨ ਕਾਰਲੋਸ ਕਾਮਰੇਡ ਅਤੁਲ ਕੁਮਾਰ ਅਨਜਾਨ ਹਾਲ ਵਿਚ ਪਹੁੰਚੇ ਤਾਂ ਸਾਰੇ ਡੈਲੀਗੇਟਾਂ ਨੇ ਕੁਰਸੀਆਂ ਤੋਂ ਉੱਠ ਕੇ ਭਰਪੂਰ ਤਾੜੀਆਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ। 'ਫਲਸਤੀਨ ਆਜ਼ਾਦ ਕਰੋ, ਆਜ਼ਾਦ ਕਰੋ' ਦੇ ਨਾਅਰਿਆਂ ਨਾਲ ਹਾਲ ਗੂੰਜਣ ਲੱਗ ਪਿਆ।

ਭਾਰਤੀ ਕਮਿਊਨਿਸਟ ਪਾਰਟੀ ਦੀ ਸਕੱਤਰੇਤ ਦੇ ਮੈਂਬਰ ਕਾਮਰੇਡ ਪੱਲਵਸੇਨ ਗੁਪਤਾ ਨੇ ਦੋਹਾਂ ਰਾਜਦੂਤਾਂ ਬਾਰੇ ਜਾਣਕਾਰੀ ਦਿੱਤੀ। ਬਨੇਗਾ ਵਾਲੇ ਨੌਜਵਾਨ ਮੁੰਡਿਆਂ ਤੇ ਕੁੜੀਆਂ ਨੇ ਦੋਹਾਂ ਰਾਜਦੂਤਾਂ ਦਾ ਵੱਖਰੇ ਅੰਦਾਜ਼ ਵਿੱਚ ਸਵਾਗਤ ਕੀਤਾ। ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਸਕੱਤਰ ਅਮਰਜੀਤ ਕੌਰ ਨੇ ਦੋਹਾਂ ਮਹਿਮਾਨਾਂ ਦਾ ਸਨਮਾਨ ਕੀਤਾ। ਫਲਸਤੀਨ ਦੇ ਰਾਜਦੂਤ ਅਬੂ ਸ਼ਾਹਵੇਸ਼ ਨੇ ਆਪਣੇ ਸੰਬੋਧਨ ਵਿੱਚ ਫਲਸਤੀਨ ਦੀ ਹੋਣੀ ਬਿਆਨ ਕੀਤੀ। ਉਨ੍ਹਾ ਕਿਹਾ ਕਿ ਸ਼ਬਦ ਨਹੀਂ ਸੁਝਦੇ, ਜਿਨ੍ਹਾਂ ਨਾਲ ਮੈਂ ਭਾਰਤੀ ਲੋਕਾਂ ਦਾ ਧੰਨਵਾਦ ਕਰ ਸਕਾਂ। ਉਹਨਾ ਭਾਰਤ ਨਾਲ ਚੀਨ ਦੇ ਪੁਰਾਣੇ ਨੇੜਲੇ ਸੰਬੰਧਾਂ ਦਾ ਵੀ ਜ਼ਿਕਰ ਕੀਤਾ। ਰਾਜਦੂਤ ਨੇ ਸੀ ਪੀ ਆਈ ਨੂੰ 25ਵੀਂ ਕਾਂਗਰਸ ਦੀ ਵਧਾਈ ਦਿੰਦਿਆਂ ਇਸ ਦੀ ਸਫਲਤਾ ਦੀ ਕਾਮਨਾ ਕੀਤੀ। ਸੀ ਪੀ ਆਈ ਦੇ ਮੈਂਬਰ ਪਾਰਲੀਮੈਂਟ ਕਾਮਰੇਡ ਪੀ ਸੰਤੋਸ਼ ਨੇ ਫਲਸਤੀਨ ਅਤੇ ਕਿਊਬਾ ਨਾਲ ਯਕਯਹਿਤੀ ਦਾ ਮਤਾ ਪੇਸ਼ ਕੀਤਾ। ਕਿਊਬਾ ਦੇ ਰਾਜਦੂਤ ਜਾਨ ਕਾਰਲੋਸ ਨੇ ਵੀ ਭਾਰਤੀ ਕਮਿਊਨਿਸਟ ਪਾਰਟੀ ਨੂੰ 25ਵੀਂ ਪਾਰਟੀ ਕਾਂਗਰਸ ਲਈ ਵਧਾਈ ਦਿੱਤੀ। ਜਾਨ ਕਾਰਲੋਸ ਨੇ ਕਿਊਬਾ ਦੇ ਇਨਕਲਾਬ ਤੋਂ ਲੈ ਕੇ ਮੌਜੂਦਾ ਦੌਰ ਤੱਕ ਦੀਆਂ ਬਹੁਤ ਸਾਰੀਆਂ ਗੱਲਾਂ ਸਾਂਝੀਆਂ ਕੀਤੀਆਂ।



# ਇੰਡੀਆ ਬਲਾਕ ਨੂੰ ਮਜ਼ਬੂਤ ਕਰਨ 'ਤੇ ਜ਼ੋਰ

## ਪੰਜਾਬ ਦੇ ਹੜ੍ਹ ਪੀੜਤਾਂ ਲਈ ਕੇਂਦਰ ਤੋਂ ਯੋਗ ਮੁਆਵਜ਼ੇ ਦੀ ਮੰਗ

**ਚੰਡੀਗੜ੍ਹ (ਗਿਆਨ ਸੈਦਪੁਰੀ)**

ਇੱਥੇ ਭਾਰਤੀ ਕਮਿਊਨਿਸਟ ਪਾਰਟੀ ਦੀ ਚੱਲ ਰਹੀ 25ਵੀਂ ਕਾਂਗਰਸ ਵਿੱਚ ਪਾਰਟੀ ਦੇ ਜਨਰਲ ਸਕੱਤਰ ਡੀ. ਰਾਜਾ ਨੇ ਕਿਹਾ ਕਿ ਇਹ ਪਾਰਟੀ ਕਾਂਗਰਸ ਉਸ ਇਤਿਹਾਸਕ ਸਾਲ ਵਿੱਚ ਹੋ ਰਹੀ ਹੈ, ਜਦੋਂ ਪਾਰਟੀ ਆਪਣੇ ਸ਼ਤਾਬਦੀ ਸਾਲ ਵਿੱਚ ਪ੍ਰਵੇਸ਼ ਕਰ ਰਹੀ ਹੈ। ਵਿਜੇਵਾੜਾ (ਆਂਧਰਾ ਪ੍ਰਦੇਸ਼) ਵਿੱਚ ਹੋਈ 24ਵੀਂ ਪਾਰਟੀ ਕਾਂਗਰਸ ਤੋਂ ਬਾਅਦ ਵਿਸ਼ਵ ਅਤੇ ਸਾਡਾ ਦੇਸ਼ ਡੂੰਘੀਆਂ ਸਿਆਸੀ, ਆਰਥਿਕ ਅਤੇ ਸਮਾਜਿਕ ਤਬਦੀਲੀਆਂ ਵਿੱਚੋਂ ਗੁਜ਼ਰਿਆ ਹੈ। ਅੱਜ ਭਾਰਤ ਲੋਕਤੰਤਰ, ਧਰਮ ਨਿਰਪੱਖਤਾ, ਸਮਾਜਿਕ ਨਿਆਂ ਤੇ ਹੋਰ ਕਈ ਗੰਭੀਰ ਖਤਰਿਆਂ ਦਾ ਸਾਹਮਣਾ ਕਰ ਰਿਹਾ ਹੈ। ਇਸ ਪਿੱਠ ਭੂਮੀ ਵਿੱਚ 25ਵੀਂ ਕਾਂਗਰਸ ਚੁਣੌਤੀਆਂ ਤੇ ਰਾਜਸੀ ਸਪੱਸ਼ਟਤਾ ਅਤੇ ਦ੍ਰਿੜ੍ਹ ਵਿਸ਼ਵਾਸ ਨਾਲ ਵਿਚਾਰ-ਚਰਚਾ ਕਰ ਰਹੀ ਹੈ। ਇਸ ਵਿੱਚ ਇਸ ਤਰ੍ਹਾਂ ਦੇ ਮਤੇ ਪਾਸ ਕੀਤੇ ਜਾਣਗੇ, ਜੋ ਪਾਰਟੀ ਦੀ 100 ਸਾਲਾਂ ਦੀ ਵਿਰਾਸਤ ਨੂੰ ਦਰਸਾਉਣਗੇ ਅਤੇ ਇੱਕ ਸਾਹਸੀ ਤੇ ਨਿਰਣਾਇਕ ਦਿਸ਼ਾ ਪ੍ਰਦਾਨ ਕਰਨਗੇ।


ਸਿਆਸੀ ਮਤੇ 'ਤੇ ਬਹਿਸ ਵਿੱਚ ਹਿੱਸਾ ਲੈਂਦੇ ਹੋਏ ਕੇਰਲ ਤੋਂ ਮੁਹੰਮਦ ਸਲੀਮ, ਮੰਚ 'ਤੇ ਬੈਠੇ ਹੋਏ ਡੀ ਰਾਜਾ ਤੇ ਪ੍ਰਧਾਨਗੀ ਮੰਡਲ।

ਪਿਛਲੀ ਕਾਂਗਰਸ ਤੋਂ ਬਾਅਦ ਭਾਜਪਾ-ਆਰ ਐੱਸ ਐੱਸ ਦੇ ਗੱਠਜੋੜ ਨੇ ਆਪਣੇ ਧਰਮ ਰਾਜ ਅਤੇ ਹਿੰਦੂ ਰਾਜ ਦੇ ਏਜੰਡੇ ਨੂੰ ਵਧੇਰੇ ਹਮਲਾਵਾਰੀ ਰੂਪ ਵਿੱਚ ਅੱਗੇ ਵਧਾਇਆ ਹੈ।ਸਿਆਸੀ ਮਤੇ ਵਿੱਚ ਦੇਸ਼ ਅਤੇ ਪੂਰੇ ਸੰਸਾਰ ਦੀਆਂ ਪ੍ਰਸਥਿਤੀਆਂ ਦਾ ਪੂਰਾ ਵਿਸਥਾਰ ਦਿੱਤਾ ਗਿਆ ਹੈ। ਕੌਮੀ ਆਗੂ ਅਮਰਜੀਤ ਕੌਰ, ਸਾਬਕਾ ਐੱਮ ਪੀ ਨਾਗੇਂਦਰ ਨਾਥ ਓਝਾ, ਪੀ ਐੱਮ ਮੂਰਥੀ, ਹਰਦੇਵ ਸਿੰਘ ਅਰਸ਼ੀ, ਮੁਹੰਮਦ ਸਲੀਮ, ਪਰਾਂਤੀ ਅਧਿਕਾਰੀ, ਦੇਵੀ ਕੁਮਾਰੀ ਸਰਹਾਲੀ ਕਲਾਂ ਤੇ ਦਨੇਸ਼ 'ਤੇ ਅਧਾਰਤ ਪ੍ਰਧਾਨਗੀ ਮੰਡਲ ਦੀ ਹਾਜ਼ਰੀ ਵਿੱਚ ਵੱਖ-ਵੱਖ ਡੈਲੀਗੇਟਾਂ ਨੇ ਰਾਜਸੀ ਮਤੇ 'ਤੇ ਗੰਭੀਰ ਬਹਿਸ ਕੀਤੀ। ਮਤੇ ਦਾ ਸਮਰਥਨ ਵੀ ਕੀਤਾ ਗਿਆ ਤੇ ਬਹੁਤ ਸਾਰੇ ਸੁਝਾਅ ਵੀ ਦਿੱਤੇ ਗਏ।

ਇਸ ਚਰਚਾ ਦੌਰਾਨ ਇੰਡੀਆ ਬਲਾਕ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੰਦਿਆਂ ਕਿਹਾ ਗਿਆ ਕਿ ਗੱਠਜੋੜ ਵਿੱਚ ਰਹਿ ਗਈਆਂ ਕਮੀਆਂ ਨੂੰ ਦੂਰ ਕਰਨਾ ਚਾਹੀਦਾ ਹੈ। ਆਂਧਰਾ ਪ੍ਰਦੇਸ਼ ਦੇ ਰਾਮਾ ਕ੍ਰਿਸ਼ਨਾ ਨੇ ਕਿਹਾ ਕਿ ਅਜੋਕਾ ਦੌਰ ਬੜਾ ਖਤਰਨਾਕ ਹੈ। ਅਜਿਹੇ ਸਮੇਂ ਪਾਰਟੀ ਦੀ ਮਜ਼ਬੂਤੀ ਬਹੁਤ ਜ਼ਰੂਰੀ ਹੈ। ਤਿਲਕ ਰਾਜ ਵਨਾਇਕ ਨੇ ਕਿਹਾ ਕਿ ਅਸੀਂ ਵਿਚਾਰਧਾਰਕ ਤੌਰ 'ਤੇ ਬਹੁਤ ਮਜ਼ਬੂਤ ਹਾਂ। ਏਨੀ ਮਜ਼ਬੂਤੀ ਹੀ ਸਾਨੂੰ ਪ੍ਰੈਕਟੀਕਲੀ ਵੀ ਹੋਣੀ ਚਾਹੀਦੀ ਹੈ। ਉਹਨਾ ਕਿਹਾ ਕਿ ਮਨਰੇਗਾ ਦੇ ਕੰਮ ਨੂੰ ਖੇਤੀ ਨਾਲ ਜੋੜਨਾ ਚਾਹੀਦਾ ਹੈ। ਅਸਾਮ ਦੇ ਬੁਲਾਰੇ ਨੇ ਅਸਾਮੀ ਲੋਕਾਂ ਦੀ ਪਛਾਣ ਦੀ ਸਮੱਸਿਆ ਦਾ ਜ਼ਿਕਰ ਕੀਤਾ।

ਇਸ ਦੌਰਾਨ ਆਲ ਇੰਡੀਆ ਕਿਸਾਨ ਸਭਾ ਦੇ ਪ੍ਰਧਾਨ ਰਾਜਨ ਖੀਰ ਸਾਗਰ ਨੇ ਪੰਜਾਬ ਅਤੇ ਹੋਰ ਸੂਬਿਆਂ ਵਿੱਚ ਆਏ ਹੜ੍ਹਾਂ ਬਾਰੇ ਮਤਾ ਪੇਸ਼ ਕੀਤਾ। ਉਹਨਾ ਕਿਹਾ ਕਿ ਕਮਿਊਨਿਸਟ ਪਾਰਟੀ ਦੀ 25ਵੀਂ ਕਾਂਗਰਸ ਹੜ੍ਹ ਪੀੜਤਾਂ ਨਾਲ ਇਕਜੁੱਟਤਾ ਪ੍ਰਗਟਾਉਂਦੀ ਹੋਈ ਉਹਨਾਂ ਦੇ ਨਾਲ ਖੜੀ ਹੈ।ਮਤੇ ਵਿੱਚ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਹੜ੍ਹ ਪ੍ਰਭਾਵਤਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ।ਮਤੇ ਵਿੱਚ ਦੱਸਿਆ ਗਿਆ ਕਿ ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚ ਸੀ ਪੀ ਆਈ ਵੱਲੋਂ ਰਾਹਤ ਕੈਂਪ ਚਲਾਏ ਜਾ ਰਹੇ ਹਨ। ਸਾਰੀਆਂ ਕਿਸਾਨ ਜਥੇਬੰਦੀਆਂ, ਸਮਾਜਿਕ ਸੰਸਥਾਵਾਂ ਅਤੇ ਸਥਾਨਕ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਰਾਹਤ ਕੈਂਪਾਂ ਨੂੰ ਸਹਿਯੋਗ ਦਿੱਤਾ ਜਾਵੇ।ਇੱਕ ਮਤੇ ਵਿੱਚ ਫਲਸਤੀਨੀ ਲੋਕਾਂ ਨਾਲ ਇੱਕਜੁਟਤਾ ਦਾ ਪ੍ਰਗਟਾਵਾ ਕੀਤਾ ਗਿਆ। ਇਸੇ ਤਰ੍ਹਾਂ ਫਲਸਤੀਨੀ ਲੋਕਾਂ ਦੀ ਹਮਾਇਤ ਦਾ ਮਤਾ ਪਾਸ ਕੀਤਾ ਗਿਆ।ਯੂਨੀਵਰਸਲ ਹੈੱਲਥ ਕੇਅਰ ਸੰਬੰਧੀ ਵੀ ਇੱਕ ਮਤਾ ਪਾਸ ਕੀਤਾ ਗਿਆ। ਮਤੇ ਵਿੱਚ ਕਿਹਾ ਗਿਆ ਹੈ ਕਿ ਸਿਹਤ ਵਿਅਕਤੀ ਦਾ ਮੁੱਢਲਾ ਹੱਕ ਹੈ। ਦੇਸ਼ ਦੀ ਸਮਾਜਿਕ ਤੇ ਆਰਥਿਕ ਤਰੱਕੀ ਲਈ ਲੋਕਾਂ ਦੀ ਸਿਹਤ ਚੰਗੀ ਹੋਣੀ ਜ਼ਰੂਰੀ ਹੈ। ਯੂਨੀਅਨ ਟੈਰੇਟਰੀ ਪੁਡੂਚੇਰੀ ਲਈ ਕੇਂਦਰ ਸਰਕਾਰ ਦੇ ਸਹਿਯੋਗ ਸੰਬੰਧੀ ਵੀ ਇੱਕ ਮਤਾ ਪਾਸ ਕੀਤਾ ਗਿਆ।ਇਸੇ ਦੌਰਾਨ ਵੱਖ-ਵੱਖ ਦੇਸ਼ਾਂ ਤੋਂ 25ਵੀਂ ਕਾਂਗਰਸ ਲਈ ਆਏ ਵਧਾਈ ਸੰਦੇਸ਼ ਪੜ੍ਹ ਕੇ ਸੁਣਾਏ ਗਏ।

ਵਧਾਈ ਸੰਦੇਸ਼ ਦੇਣ ਵਾਲੇ ਦੇਸ਼ਾਂ ਵਿੱਚ ਆਸਟਰੇਲੀਆ ਦੀ ਕਮਿਊਨਿਸਟ ਪਾਰਟੀ, ਕਮਿਊਨਿਸਟ ਪਾਰਟੀ ਆਫ ਬੰਗਲਾਦੇਸ਼, ਬਰਤਾਨੀਆ ਦੀ ਕਮਿਊਨਿਸਟ ਪਾਰਟੀ ਤੋਂ ਇਲਾਵਾ ਬਰਾਜ਼ੀਲ, ਚੀਨ, ਕਿਊਬਾ, ਸਾਈਪ੍ਰਸ, ਕੈਟਾਲੋਨੀਆ, ਫਰਾਂਸ, ਜਰਮਨੀ, ਗਰੀਸ, ਈਰਾਨ, ਆਇਰਲੈਂਡ, ਕੀਨੀਆ, ਕੋਰੀਆ ਅਤੇ ਲਾਊਸ ਦੀ ਕ੍ਰਾਂਤੀਕਾਰੀ ਪਾਰਟੀ ਸ਼ਾਮਿਲ ਹੈ। ਇਸੇ ਦੌਰਾਨ ਲਗਭਗ 30 ਡੈਲੀਗੇਟਾਂ ਨੇ ਰਾਜਸੀ ਰਿਪੋਰਟ 'ਤੇ ਹੋਈ ਚਰਚਾ ਵਿੱਚ ਹਿੱਸਾ ਲਿਆ। ਚਰਚਾ ਦੀ ਕਾਰਵਾਈ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਚਲਾਈ।

## ਮਿੰਨੀ-ਮਿੰਨੀ ਤਾਰਿਆਂ ਦੀ ਲੋਅ...



**ਚੰਡੀਗੜ੍ਹ (ਗਿਆਨ ਸੈਦਪੁਰੀ)** ਭਾਰਤੀ ਕਮਿਊਨਿਸਟ ਪਾਰਟੀ ਦੇ ਇੱਥੇ ਚੱਲ ਰਹੇ 25ਵੇਂ ਮਹਾਂ-ਸੰਮੇਲਨ ਦੌਰਾਨ ਸ਼ਾਮ ਨੂੰ ਹੋ ਰਹੇ ਸੱਭਿਆਚਾਰਕ ਸਮਾਗਮਾਂ ਦੀ ਲੜੀ ਵਜੋਂ ਲੰਘੀ ਰਾਤ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੀ ਯਾਦ ਨੂੰ ਸਮਰਪਿਤ ਸੱਭਿਆਚਾਰਕ ਸਮਾਗਮ ਹੋਇਆ। ਇਸ ਵਿੱਚ ਨਿਸਾਰ ਅਲੀ ਨਾਚਾ ਕਲਾਕਾਰ (ਛੱਤੀਸਗੜ੍ਹ) ਮੀਤ ਰੰਗਰੇਜ਼ ਇਪਟਾ ਕਲਾਕਾਰ ਮੋਗਾ ਅਤੇ ਡੋਲੀ ਗੁਲੇਰੀਆ ਤੇ ਸੁਨੈਨੀ ਗੁਲੇਰੀਆ ਸ਼ਰਮਾ ਨੇ ਸ਼ਾਨਦਾਰ ਪੇਸ਼ਕਾਰੀਆਂ ਕੀਤੀਆਂ।

ਮਰਹੂਮ ਸੁਰਿੰਦਰ ਕੌਰ ਦੀ ਬੇਟੀ ਡੋਲੀ ਗਲੇਰੀਆ ਤੇ ਉਸ ਦੀ ਧੀ ਸੁਨੈਨੀ ਗਲੇਰੀਆ ਸ਼ਰਮਾ ਨੇ ਆਪਣੇ ਸਦਾਬਹਾਰ ਗੀਤਾਂ ਰਾਹੀਂ ਪੰਜਾਬ ਦਾ ਸੱਭਿਆਚਾਰ ਪੇਸ਼ ਕੀਤਾ। ਗੁਲੇਰੀਆ ਮਾਂ-ਧੀ ਨੇ ਸੁਰਿੰਦਰ ਕੌਰ ਦੇ ਪਤੀ ਜੋਗਿੰਦਰ ਸਿੰਘ ਦਾ ਲਿਖਿਆ ਗੀਤ 'ਅਮਨ ਦਾ ਕਾਫਲਾ' ਗਾ ਕੇ ਅਮਨ ਲਹਿਰ ਦਾ ਚੇਤਾ ਕਰਵਾ ਦਿੱਤਾ। 'ਰਾਤੀ ਅਸਾਂ ਤਾਰਿਆਂ ਨਾਲ ਗੱਲਾਂ ਕੀਤੀਆਂ.....' ਅਤੇ 'ਮਿੰਨੀ-ਮਿੰਨੀ ਤਾਰਿਆਂ ਦੀ ਲੋਅ.....' ਦੀ ਪੇਸ਼ਕਾਰੀ ਮੌਕੇ ਡੈਲੀਗੇਟਾਂ ਵਿੱਚ ਸ਼ਾਮਿਲ ਔਰਤਾਂ ਗਾਇਕਾਵਾਂ ਦਾ ਸਾਥ ਦੇਣ ਲੱਗ ਪਈਆਂ। ਇਹਨਾਂ ਗੀਤਾਂ ਤੋਂ ਇਲਾਵਾ 'ਕਾਲੇ ਰੰਗ ਦਾ ਪਰਾਂਦਾ ਮੇਰੇ ਸੱਜਣਾਂ ਨੇ ਆਂਦਾ......, 'ਬਾਜਰੇ ਦਾ ਸਿੱਟਾ ਅਸੀਂ ਤਲੀ 'ਤੇ ਮਰੋੜਿਆ....' 'ਅੰਬਰਸਰ ਦੇ ਪਾਪੜ ਵੇ ਮੈਂ ਖਾਨੀ ਆਂ.....' ਅਤੇ 'ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ....' ਆਦਿ ਦੀ ਪੇਸ਼ਕਾਰੀ ਨੇ ਸਰੋਤੇ ਝੂੰਮਣ ਲਾ ਦਿੱਤੇ। ਇਸ ਮੌਕੇ ਡਾ. ਸਵਰਾਜਬੀਰ ਸਿੰਘ ਅਤੇ ਡਾ. ਸੁਖਦੇਵ ਸਿੰਘ ਸਿਰਸਾ ਉਚੇਚੇ ਤੌਰ 'ਤੇ ਮੌਜੂਦ ਰਹੇ।

ਔਰਤ ਡੈਲੀਗੇਟਾਂ ਵਿੱਚ ਰਜਿੰਦਰ ਪਾਲ ਕੌਰ, ਨਰਿੰਦਰ ਸੋਹਲ, ਕਮਲਜੀਤ ਕੌਰ ਢਿੱਲੋਂ, ਵੀਨਾ ਜੰਮੂ, ਨਿਸ਼ਾ ਸਿੱਧੂ, ਸੁਮਿੱਤਰਾ, ਦਸਵਿੰਦਰ ਕੌਰ, ਦੇਵੀ ਕੁਮਾਰੀ ਸਰਹਾਲੀ ਕਲਾਂ, ਕਾਰਤਿਕਾ ਕਥੂਰੀਆ, ਨਿਵੇਦਤਾ, ਸੰਤੋਸ਼ ਬਰਾੜ, ਰੁਪਿੰਦਰ ਕੌਰ ਮਾੜੀਮੇਘਾ ਅਤੇ ਸੁਲਤਾਨਾ ਆਦਿ ਮੌਜੂਦ ਸਨ। ਡਾ. ਸਵਰਾਜਬੀਰ ਸਿੰਘ ਦੀ ਜੀਵਨ ਸਾਥਣ ਅਰਵਿੰਦਰ ਕੌਰ ਨੇ ਵੀ ਸੱਭਿਆਚਾਰਕ ਸਮਾਗਮ ਦਾ ਆਨੰਦ ਮਾਣਿਆ।

# ਸੁਰਾਵਰਮ ਸੁਧਾਕਰ ਰੈਡੀ ਨਗਰ ਦੀ ਵੱਖਰੀ ਪਛਾਣ

**ਗਿਆਨ ਸੈਦਪੁਰੀ**

ਇੱਥੋਂ ਦੇ ਕਿਸਾਨ ਭਵਨ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ-ਸੰਮੇਲਨ ਵਾਸਤੇ ਬਣਾਏ ਗਏ 'ਸੁਰਾਵਰਮ ਸੁਧਾਕਰ ਰੈਡੀ ਨਗਰ' ਨੂੰ ਵੱਖਰੀ, ਨਿਆਰੀ ਦਿੱਖ ਪ੍ਰਦਾਨ ਕੀਤੀ ਗਈ ਹੈ। ਇਸ ਦੀ ਝਲਕ ਸਟਾਲਿਨ ਤੋਂ ਲੈ ਕੇ ਜੰਗੀਰ ਸਿੰਘ ਜੋਗਾ, ਪਾਸ਼ ਤੋਂ ਲੈ ਕੇ ਲਾਲ ਸਿੰਘ ਦਿਲ, ਭਾਅ ਜੀ ਗੁਰਸ਼ਰਨ ਸਿੰਘ, ਮੁਨਸ਼ੀ ਪ੍ਰੇਮ ਚੰਦ, ਦੁਸ਼ਅੰਤ ਕੁਮਾਰ, ਯਾਨਿ ਹਰ ਖੇਤਰ ਦੇ ਮਹਾਨ ਮਨੁੱਖਾਂ ਦੀਆਂ ਲਿਖਤਾਂ ਤੇ ਪੋਸਟਰ ਤੁਹਾਡਾ ਧਿਆਨ ਖਿੱਚਦੇ ਹਨ।




ਸਭ ਤੋਂ ਪਹਿਲਾਂ 'ਕਨਮ ਰਾਜੇਂਦਰਨ ਦੁਆਰ' ਤੁਹਾਡਾ ਸਵਾਗਤ ਕਰਦਾ ਹੈ। ਇੱਥੇ ਹੀ ਲਾਲ ਰੰਗ ਦਾ ਜਾਹੋ-ਜਲਾਲ ਮਨ-ਮਸਤਕ ਨੂੰ ਪ੍ਰਭਾਵਤ ਕਰਦਾ ਹੈ। ਮੁੱਖ ਹਾਲ ਦਾ ਨਾਂਅ ਧੜੱਲੇਦਾਰ ਕਿਸਾਨ ਆਗੂ ਕਾਮਰੇਡ ਅਤੁਲ ਅਣਜਾਨ ਰੱਖਿਆ ਗਿਆ ਹੈ। ਇਸ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਸਆਦਤ ਹਸਨ ਮੰਟੋ ਦੀ ਤਸਵੀਰ ਤੇ ਉਸ ਦਾ ਇੱਕ ਕਥਨ ਮੱਲੋ-ਮੱਲੀ ਰੋਕ ਲੈਂਦਾ ਹੈ। ਮੰਟੋ ਕਹਿੰਦਾ ਹੈ, 'ਲੀਡਰ ਜਦੋਂ ਹੰਝੂ ਵਹਾ ਕੇ ਲੋਕਾਂ ਨੂੰ ਕਹਿੰਦੇ ਹਨ ਕਿ ਮਜ਼ਹਬ ਨੂੰ ਖਤਰਾ ਹੈ, ਇਸ ਵਿੱਚ ਕੋਈ ਸੱਚਾਈ ਨਹੀਂ ਹੁੰਦੀ। ਮਜ਼ਹਬ ਕੋਈ ਅਜਿਹੀ ਚੀਜ਼ ਨਹੀਂ, ਜੋ ਖਤਰੇ ਵਿੱਚ ਪੈ ਸਕੇ। ਜੇਕਰ ਕਿਸੇ ਗੱਲ ਦਾ ਖਤਰਾ ਹੈ ਤਾਂ ਉਹ ਲੀਡਰ ਦਾ ਹੈ, ਜਿਹੜੇ ਆਪਣਾ ਉੱਲੂ ਸਿੱਧਾ ਕਰਨ ਲਈ ਧਰਮ ਨੂੰ ਖਤਰੇ ਵਿੱਚ ਪਾਉਂਦੇ ਹਨ।' ਇਹ ਪੜ੍ਹ ਕੇ ਤੁਸੀਂ ਹੋਰ ਲੇਖਕਾਂ ਦੀਆਂ ਕਵਿਤਾਵਾਂ ਤੇ ਟੂਕਾਂ ਪੜ੍ਹਨ ਲਈ ਪ੍ਰੇਰਿਤ ਹੋ ਜਾਂਦੇ ਹੋ। ਪਾਸ਼ ਦੀ ਕਵਿਤਾ 'ਸਭ ਤੋਂ ਖਤਰਨਾਕ' ਮੱਲੋ-ਮੱਲੀ ਪੜ੍ਹ ਹੋ ਜਾਂਦੀ ਹੈ। ਸੀ ਪੀ ਆਈ ਦੀ ਉਸਾਰੀ ਕਰਨ ਵਿੱਚ ਯੋਗਦਾਨ ਪਾਉਣ ਵਾਲੇ ਆਗੂਆਂ ਨੂੰ ਇਸ ਨਗਰ ਵਿੱਚ ਪੂਰਾ ਮਾਣ-ਸਤਿਕਾਰ ਦਿੱਤਾ ਹੋਇਆ ਹੈ। ਭੋਜਨ ਵਾਲੇ ਪੰਡਾਲ ਦਾ ਨਾਂਅ 'ਡਾਕਟਰ ਜੁਗਿੰਦਰ ਦਿਆਲ ਨਗਰ' ਰੱਖਿਆ ਗਿਆ ਹੈ।

ਜਿਹੜੀ ਨੁਮਾਇਸ਼ ਸੀ ਪੀ ਆਈ ਦੇ ਇਤਿਹਾਸ 'ਤੇ ਪੰਛੀ-ਝਾਤ ਪਵਾਉਣ ਦੇ ਨਾਲ ਹੋਰ ਕਈ ਕੁਝ ਦਿਖਾਉਂਦੀ ਹੈ, ਉਹ ਕਾਮਰੇਡ ਏ ਬੀ ਬਰਧਨ ਨੂੰ ਸਮਰਪਿਤ ਕੀਤੀ ਗਈ ਹੈ। ਬਨੇਗਾ ਵਾਲੇ ਨੌਜਵਾਨ ਲਾਲ ਪੁਸ਼ਾਕਾਂ ਪਾਈ ਆਪਣੀਆਂ ਡਿਊਟੀਆਂ ਨਿਭਾਉਂਦੇ ਫਰਿਸ਼ਤਿਆਂ ਵਰਗੇ ਨਜ਼ਰ ਆਉਂਦੇ ਹਨ।ਪੂਰੇ 'ਸੁਰਾਵਰਮ ਸੁਧਾਕਰ ਰੈਡੀ ਨਗਰ' ਵਿੱਚ ਜ਼ਿੰਦਗੀ ਦੀ ਸਰਗਮ ਸੁਣਾਈ ਦਿੰਦੀ ਹੈ।













24-SEP-PAGE-10.qxd 9/23/2025 9:22 PM Page 1



# ਸੁਖਬੀਰ ਬਾਦਲ ਨੇ ਅਜਨਾਲਾ 'ਚ ਵੰਡਣ ਵਾਸਤੇ 100 ਟਰੱਕ ਮੱਕੀ ਦੇ ਅਚਾਰ ਦੇ ਕੀਤੇ ਰਵਾਨਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਜਨਾਲਾ ਦੇ ਹੜ੍ਹ ਮਾਰੇ ਇਲਾਕਿਆਂ ਵਿਚ ਵੰਡਣ ਵਾਸਤੇ 100 ਟਰੱਕ ਮੱਕੀ ਦੇ ਅਚਾਰ ਦੇ ਰਵਾਨਾ ਕੀਤੇ ਅਤੇ ਉਹਨਾਂ ਨੇ ਰਣਜੀਤ ਸਾਗਰ ਡੈਮ ਅਤੇ ਮਾਧੋਪੁਰ ਹੈਡਵਰਕਸ 'ਤੇ ਕੁਪ੍ਰਬੰਧਨ ਜਿਸ ਕਾਰਨ ਹੜ੍ਹ ਆਏ , ਦੀ ਨਿਰਪੱਖ ਜਾਂਚ ਦੀ ਮੰਗ ਕੀਤੀ।ਅਕਾਲੀ ਦਲ ਦੇ ਪ੍ਰਧਾਨ, ਜਿਹਨਾਂ ਨੇ ਇਸ ਹਲਕੇ ਦੇ ਵੜਿੰਗ ਪਿੰਡ ਤੋਂ 100 ਟਰੱਕ ਮੱਕੀ ਦੇ ਅਚਾਰ ਦੇ ਰਵਾਨਾ ਕੀਤੇ, ਨੇ ਇਹ ਵੀ ਦੱਸਿਆ ਕਿ ਟਰੱਕਾਂ ਵਿਚ ਤੂੜੀ ਵੀ ਹੜ੍ਹ ਪ੍ਰਭਾਵਤ ਇਲਾਕਿਆਂ ਵਾਸਤੇ ਰਵਾਨਾ ਕੀਤੀ ਗਈ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਰਣਜੀਤ ਸਾਗਰ ਡੈਮ ਤੋਂ ਪਾਣੀ ਛੱਡੇ ਜਾਣ ਦੀ ਰਿਪੋਰਟ ਤੋਂ ਪਤਾ ਚਲਦਾ ਹੈ ਕਿ ਸਰਕਾਰ ਨੇ ਹੜ੍ਹਾਂ ਤੋਂ 20 ਦਿਨ ਪਹਿਲਾਂ ਪਾਣੀ ਨਹੀਂ ਛੱਡਿਆ।ਉਹਨਾਂ ਕਿਹਾ ਕਿ ਬਜਾਏ ਪਾਣੀ ਨੂੰ ਸਹੀ ਤਰੀਕੇ ਛੱਡਣ ਦੇ ਸਰਕਾਰ ਨੇ ਡੈਮ ਵਿਚ ਪਾਣੀ ਇਕੱਠਾ ਕੀਤਾ ਅਤੇ ਫਿਰ ਜਦੋਂ ਇਹ ਖ਼ਤਰਨਾਕ ਪੱਧਰ ਟੱਪ ਗਿਆ ਤਾਂ ਇਹ ਛੱਡ ਦਿੱਤਾ। ਉਹਨਾਂ ਕਿਹਾ ਕਿ ਤਿੰਨ ਦਿਨਾਂ ਤੱਕ ਦੋ ਲੱਖ ਕਿਊਸਿਕ ਪਾਣੀ ਛੱਡਣ ਕਾਰਨ ਸਾਡੀ ਇਕ ਲੱਖ ਏਕੜ ਵਿਚ ਝੋਨੇ ਦੀ ਫਸਲ ਰੁੜ੍ਹ ਗਈ।ਉਹਨਾ ਕਿਹਾ ਕਿ ਇਸੇ ਤਰੀਕੇ ਮਾਧੋਪੁਰ ਹੈਡਵਰਕਸ 'ਤੇ ਸਰਕਾਰ ਨੇ ਜਨਵਰੀ ਤੋਂ ਬੇਨਤੀਆਂ ਦੀ ਪ੍ਰਵਾਹ ਨਹੀਂ ਕੀਤੀ ਕਿ ਮੁਰੰਮਤਾਂ ਦੀ ਜ਼ਰੂਰਤ ਹੈ ਤੇ ਇਸ ਨੇ ਤਿੰਨ ਲੱਖ ਕਿਊਸਿਕ ਪਾਣੀ ਇਕੋ ਵਾਰ ਵਿਚ ਛੱਡ ਦਿੱਤਾ ਜਿਸ ਕਾਰਨ ਹੈਡਵਰਕਸ ਦੇ ਗੇਟ ਟੁੱਟ ਗਏ ਤੇ ਲੋਕਾਂ ਨੂੰ ਮਾਰ ਝੱਲਣੀ ਪਈ।ਉਹਨਾਂ ਕਿਹਾ ਕਿ ਅਕਾਲੀ ਦਲ ਇਸ ਸਾਰੇ ਮਾਮਲੇ ਦੀ ਨਿਰਪੱਖ ਜਾਂਚ ਅਤੇ ਜ਼ਿੰਮੇਵਾਰੀ ਤੈਅ ਕੀਤੇ ਜਾਣ ਤੇ ਦੋਸ਼ੀ ਨੂੰ ਸਜ਼ਾ ਦੇਣ ਦੀ ਮੰਗ ਕਰਦਾ ਹੈ।ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਕਿਸਾਨਾਂ ਨੂੰ ਫੇਲ੍ਹ ਕਰਨ ਵਾਸਤੇ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ।ਉਹਨਾਂ ਕਿਹਾ ਕਿ ਪਹਿਲਾਂ ਤਾਂ ਹੜ੍ਹਾਂ ਦੀ ਰੋਕਥਾਮ ਵਾਸਤੇ ਮੀਟਿੰਗਾਂ ਨਹੀਂ ਕੀਤੀਆਂ ਗਈਆਂ।ਫਿਰ ਜਦੋਂ ਹੜ੍ਹ ਆਏ ਤਾਂ ਸੂਬੇ ਵਿਚੋਂ ਸਰਕਾਰ ਗਾਇਬ ਹੋ ਗਈ। ਹੁਣ ਜਦੋਂ ਕਿਸਾਨਾਂ ਨੂੰ ਮੁਆਵਜ਼ਾ ਦੇਣ ਦਾ ਸਮਾਂ ਆਇਆ ਹੈ ਤਾਂ ਆਪ ਸਰਕਾਰ ਮੁਆਵਜ਼ੇ ਦੇ ਨਾਂ 'ਤੇ ਸਿਆਸੀਕਰਨ ਕਰਨ 'ਤੇ ਲੱਗੀ ਹੈ।ਬਾਦਲ ਨੇ ਕਿਹਾ ਕਿ ਇਸ ਵਾਸਤੇ ਹੀ ਉਹਨਾਂ ਫੈਸਲਾ ਕੀਤਾ ਕਿ ਉਹ ਹੜ੍ਹ ਪ੍ਰਭਾਵਤ ਇਲਾਕਿਆਂ ਵਿਚ ਆ ਜਾ ਕੇ ਕਿਸਾਨਾਂ ਨਾਲ ਗੱਲਬਾਤ ਕਰਨਗੇ।ਉਹਨਾਂ ਕਿਹਾ ਕਿ ਉਹ ਪਾਰਟੀ ਦੇ ਅਹੁਦੇਦਾਰਾਂ ਦੇ ਧੰਨਵਾਦੀ ਹਨ ਜਿਹਨਾਂ ਨੇ ਇਸ ਪਹਿਲਕਦਮੀ ਵਿਚ ਮਦਦ ਕੀਤੀ।ਉਹਨਾਂ ਕਿਹਾ ਕਿ ਅਸੀਂ ਹਜ਼ਾਰਾਂ ਲੀਟਰ ਡੀਜ਼ਲ ਅਤੇ ਹੋਰ ਲੋੜੀਂਦੀ ਮਦਦ ਹੜ੍ਹ ਮਾਰੇ ਲੋਕਾਂ ਨੂੰ ਪ੍ਰਦਾਨ ਕੀਤੀ ਹੈ।ਉਹਨਾਂ ਕਿਹਾ ਕਿ ਹੁਣ ਅਸੀਂ ਮੱਕੀ ਦਾ ਅਚਾਰ ਤੇ ਤੂੜੀ ਪ੍ਰਦਾਨ ਕਰਨੀ ਸ਼ੁਰੂ ਕੀਤੀ ਹੈ ਜੋ ਸਾਨੂੰ 8 ਕਰੋੜ ਰੁਪਏ ਵਿਚ ਪੈ ਰਹੀ ਹੈ।

ਇਸ ਮੌਕੇ ਸੀਨੀਅਰ ਆਗੂ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਤੇਜਿੰਦਰ ਸਿੰਘ ਮਿੱਡੂਖੇੜਾ, ਹਰਪ੍ਰੀਤ ਸਿੰਘ ਕੋਟਭਾਈ, ਮਨਜਿੰਦਰ ਬਿੱਟੂ, ਪ੍ਰੀਤਇੰਦਰ ਸਿੰਘ ਸੰਮੇਵਾਲੀ, ਅਕਾਸ਼ਦੀਪ ਸਿੰਘ ਮਿੱਡੂਖੇੜਾ, ਲੱਪੀ ਐਨਾਖੇੜਾ, ਨਵਜਿੰਦਰ ਮਾਨ, ਪਰਮਿੰਦਰ ਕੋਲਿਆਂਵਾਲੀ, ਹਨੀ ਫੱਤਣਵਾਲਾ ਸਮੇਤ ਹੋਰ ਆਗੂ ਹਾਜ਼ਰ ਸਨ।

## ਓ.ਐੱਸ.ਡੀ. ਸੁਖਵੀਰ ਸਿੰਘ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ 'ਚ ਉਦਘਾਟਨ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਸੁਖਵੀਰ ਸਿੰਘ ਨੇ ਹਲਕੇ ਵਿੱਚ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਤੇ ਹਲਕੇ ਦੀਆਂ ਜ਼ਰੂਰੀਆਂ ਸੁਵਿਧਾਵਾਂ ਤੇ ਵਿਕਾਸ ਕਾਰਜਾਂ ਦੇ ਮੁੱਖ ਪ੍ਰਕਿਰਿਆਵਾਂ 'ਤੇ ਜ਼ੋਰ ਦਿੱਤਾ।ਸੁਖਵੀਰ ਸਿੰਘ ਨੇ ਆਪਣੇ ਦੌਰੇ ਦੌਰਾਨ ਗੈਸਟ ਹਾਊਸ ਬੱਬਨਪੁਰ ਵਿਖੇ 43 ਪੰਚਾਇਤਾਂ ਨੂੰ ਫੌਗਿੰਗ ਮਸ਼ੀਨਾਂ ਤਕਸੀਮ ਕੀਤੀਆਂ, ਜੋ ਮਲੇਰੀਆ ਤੇ ਹੋਰ ਕੀਟ ਪ੍ਰਬੰਧਨ ਲਈ ਵਰਤੀਆਂ ਜਾਣਗੀਆਂ।ਇਹ ਕਦਮ ਹਲਕੇ ਦੇ ਸਿਹਤ ਸੁਰੱਖਿਆ ਉਪਰਾਲਿਆਂ ਵਿੱਚ ਇਕ ਮਿਹਨਤ ਵਾਲਾ ਯੋਗਦਾਨ ਮੰਨਿਆ ਗਿਆ।ਪਿੰਡ ਜਹਾਂਗੀਰ ਵਿਖੇ 35 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਗਈ ਨਵੀਂ ਲਾਇਬ੍ਰੇਰੀ ਦਾ ਉਦਘਾਟਨ ਕੀਤਾ ਗਿਆ।ਇਸ ਲਾਇਬ੍ਰੇਰੀ ਦੇ ਜਰੀਏ ਪਿੰਡ ਦੇ ਵਿਦਿਆਰਥੀਆਂ ਅਤੇ ਲੋਕਾਂ ਨੂੰ ਪੜ੍ਹਾਈ ਤੇ ਗਿਆਨ ਪ੍ਰਾਪਤ ਕਰਨ ਲਈ ਆਧੁਨਿਕ ਸਾਧਨ ਪ੍ਰਦਾਨ ਕੀਤੇ ਜਾਣਗੇ।ਨਾਲ ਹੀ ਪਿੰਡ ਘਨੌਰੀ ਕਲਾਂ ਵਿਖੇ 40 ਲੱਖ ਰੁਪਏ ਦੀ ਲਾਗਤ ਨਾਲ ਬਣੇ ਕੰਮਿਊਨਿਟੀ ਸੈਂਟਰ ਦਾ ਲੋਕ ਅਰਪਣ ਕੀਤਾ ਗਿਆ, ਜਿਸ ਵਿੱਚ ਲੋਕਾਂ ਲਈ ਸਮਾਜਿਕ, ਸੱਭਿਆਚਾਰਕ ਅਤੇ ਰਚਨਾਤਮਕ ਗਤੀਵਿਧੀਆਂ ਲਈ ਸੁਵਿਧਾਵਾਂ ਮੌਜੂਦ ਹੋਣਗੀਆਂ।ਓ.ਐੱਸ.ਡੀ. ਸੁਖਵੀਰ ਸਿੰਘ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਧੂਰੀ ਹਲਕੇ ਦੇ ਵਿਕਾਸ ਕਾਰਜ ਸਿਰਫ ਇੱਕ ਜ਼ਰੂਰੀ ਕਾਰਜ ਨਹੀਂ, ਸਗੋਂ ਇਨ੍ਹਾਂ ਕਾਰਜਾਂ ਰਾਹੀਂ ਹਲਕੇ ਨੂੰ ਆਧੁਨਿਕ, ਸੁਰੱਖਿਅਤ ਅਤੇ ਵਿਕਸਿਤ ਹਲਕਾ ਬਣਾਉਣਾ ਹੈ। ਉਨ੍ਹਾਂ ਨੇ ਲੋਕਾਂ ਨੂੰ ਇਹ ਭਰੋਸਾ ਦਿਵਾਇਆ ਕਿ ਸਰਕਾਰ ਦੀਆਂ ਯੋਜਨਾਵਾਂ ਹਲਕੇ ਦੇ ਹਰ ਪਿੰਡ ਤੱਕ ਪਹੁੰਚਣਗੀਆਂ ਅਤੇ ਇੱਥੇ ਦੇ ਵਾਸੀਆਂ ਦੇ ਜੀਵਨ ਮਿਆਰ ਵਿੱਚ ਸੁਧਾਰ ਕੀਤਾ ਜਾਵੇਗਾ।ਇਸ ਤਰ੍ਹਾਂ ਸੁਖਵੀਰ ਸਿੰਘ ਦੇ ਦੌਰੇ ਨਾਲ ਧੂਰੀ ਹਲਕੇ ਵਿੱਚ ਸਿਹਤ, ਸਿੱਖਿਆ ਅਤੇ ਸਮਾਜਿਕ ਢਾਂਚੇ ਦੇ ਵਿਕਾਸ ਵਿੱਚ ਇੱਕ ਨਵੀਂ ਦਿਸ਼ਾ ਮਿਲੀ ਹੈ, ਜੋ ਹਲਕੇ ਨੂੰ ਮਾਡਲ ਹਲਕਾ ਬਣਾਉਣ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਵਿੱਚ ਯੋਗਦਾਨ ਪਾਏਗੀ।

## ਕਾਂਗਰਸ ਮਹਿਲਾ ਵਿੰਗ ਦੀ ਪ੍ਰਧਾਨ ਮਨਜੀਤ ਕੁਮਾਰੀ ਨੇ ਮੰਚਨ ਦਾ ਕੀਤਾ ਉਦਘਾਟਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕੁਹਾੜਾ ਮਾਰਗ 'ਤੇ ਸਥਿਤ ਇੰਦਰਾ ਕਾਲੋਨੀ ਵਿਖੇ ਬਾਲ ਰਾਮਲੀਲ੍ਹਾ ਕਮੇਟੀ ਵੱਲੋਂ ਤੀਜੀ ਰਾਤ ਰਾਮਲੀਲ੍ਹਾ ਦਾ ਮੰਚਨ ਜਾਰੀ ਰਿਹਾ। ਇਸ ਮੌਕੇ ਮੁੱਖ ਮਹਿਮਾਨ ਵਜੋਂ ਕਾਂਗਰਸ ਮਹਿਲਾ ਵਿੰਗ ਦੀ ਬਲਾਕ ਪ੍ਰਧਾਨ ਮਨਜੀਤ ਕੁਮਾਰੀ ਨੇ ਸ਼ਮੂਲੀਅਤ ਕਰ ਬਾਲ ਕਲਾਕਾਰਾਂ ਦੀ ਹੌਂਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਇਹ ਛੋਟੇ ਬੱਚੇ ਪਵਿੱਤਰ ਗ੍ਰੰਥ ਰਮਾਇਣ 'ਤੇ ਅਧਾਰਤ ਮੰਚਨ ਕਰ ਸਾਡੇ ਸਮਾਜ ਨੂੰ ਸੇਧ ਦੇ ਰਹੇ ਹਨ। ਰਾਮਲੀਲ੍ਹਾ ਮੰਚਨ ਦੀ ਤੀਜੀ ਰਾਤ ਚਾਚੀ ਤਾੜਕਾ ਦੇ ਅੰਤ ਦੇ ਦ੍ਰਿਸ਼ ਦਿਖਾਏ ਗਏ ਜਿਸ ਨੂੰ ਦਰਸ਼ਕਾਂ ਨੇ ਖੂਬ ਸਰਾਹਿਆ। ਪ੍ਰਬੰਧਕਾਂ ਵਲੋਂ ਮੁੱਖ ਮਹਿਮਾਨ ਮਨਜੀਤ ਕੁਮਾਰੀ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸਾਬਕਾ ਕੌਂਸਲਰ ਪਰਮਜੀਤ ਪੰਮੀ, ਅਮਰਜੀਤ ਸਿੰਘ, ਪ੍ਰਧਾਨ ਸਤਪਾਲ, ਜਗਮੋਹਣ ਸਿੰਘ ਮਹਿਰਾ, ਬਲਵਿੰਦਰ ਜੱਸਲ, ਗਗਨ ਮਹਿਰਾ, ਬੌਬੀ ਮਹਿਰਾ, ਸਤਨਾਮ ਮਾਨ, ਚਰਨਜੀਤ ਸਿੰਘ ਚੰਨੀ, ਬਲਜੀਤ ਸਿੰਘ, ਦੀਨਾ ਮਾਛੀਵਾੜਾ ਵੀ ਮੌਜੂਦ ਸਨ।

## ਭਾਜਪਾ ਜ਼ਿਲ੍ਹਾ ਦਫ਼ਤਰ 'ਚ ਵਿਸ਼ਵ ਕਲਿਆਣ ਤੇ ਵਾਤਾਵਰਣ ਦੀ ਸ਼ੁੱਧਤਾ ਲਈ ਕਰਵਾਇਆ ਹਵਨ ਯੱਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਨਵਰਾਤ੍ਰੇ ਦੇ ਪਹਿਲੇ ਦਿਨ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਦਫ਼ਤਰ ਵਿੱਚ ਵਿਸ਼ਵ ਕਲਿਆਣ ਅਤੇ ਵਾਤਾਵਰਣ ਦੀ ਸ਼ੁੱਧਤਾ ਲਈ ਹਵਨ ਯੱਗ ਦਾ ਆਯੋਜਨ ਕੀਤਾ ਗਿਆ। ਵੈਦਿਕ ਮੰਤਰੋਚਾਰਣ ਦੇ ਵਿਚਕਾਰ ਆਚਾਰਯ ਨੰਦਲਾਲ ਸ਼ਰਮਾ ਨੇ ਹਵਨ ਦੀਆਂ ਆਹੂਤੀਆਂ ਦਿਵਾਈਆਂ। ਇਸ ਮੌਕੇ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਯਜਮਾਨ ਵਜੋਂ ਹਾਜ਼ਰ ਰਹੇ। ਹਵਨ ਯੱਗ ਵਿੱਚ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਰਾਕੇਸ਼ ਸ਼ਰਮਾ, ਬਾਘਾਪੁਰਾਣਾ ਤੋਂ ਸਾਬਕਾ ਜ਼ਿਲ੍ਹਾ ਪ੍ਰਧਾਨ ਵਿਜੇ ਸ਼ਰਮਾ, ਸਾਬਕਾ ਜ਼ਿਲ੍ਹਾ ਪ੍ਰਧਾਨ ਵਿਨੈ ਸ਼ਰਮਾ, ਡਾ. ਰਜਿੰਦਰ ਕੌਰ, ਭਾਜਪਾ ਮਹਿਲਾ ਮੋਰਚਾ ਦੇ ਸੂਬਾ ਵਾਈਸ ਪ੍ਰਧਾਨ ਮਨਿੰਦਰ ਕੌਰ ਸਲ੍ਹੀਣਾ, ਭਾਜਪਾ ਆਗੂ ਦੇਵ ਪ੍ਰੀਆ ਤਿਆਗੀ, ਸੀਨੀਅਰ ਭਾਜਪਾ ਆਗੂ ਨਿਤਕ਼ਕ ਸਿੰਘ ਬਰਾੜ, ਭਾਜਪਾ ਆਗੂ ਲਖਵੰਤ ਸਿੰਘ ਸਾਫੂਵਾਲਾ, ਮੁਖਤਿਆਰ ਸਿੰਘ, ਮੰਡਲ ਪ੍ਰਧਾਨ ਸ਼ਮਸ਼ੇਰ ਸਿੰਘ ਕੈਲਾ, ਸਾਬਕਾ ਐਮ.ਪੀ ਕੇਵਲ ਸਿੰਘ ਲੰਢੇਕੇ, ਸ਼ਿਲਪਾ ਬਾਂਸਲ ਜ਼ਿਲਾ ਪ੍ਰਧਾਨ ਮਹਿਲਾ ਮੋਰਚਾ ਮੋਗਾ, ਕਮਲਜੀਤ ਕੌਰ ਧੱਲੇਕੇ, ਲੀਨਾ ਗੋਇਲ, ਸੁਮਨ ਮਲਹੋਤਰਾ, ਸਮੇਤ ਕਈ ਪਾਰਟੀ ਅਹੁਦੇਦਾਰ ਅਤੇ ਵਰਕਰ ਮੌਜੂਦ ਸਨ। ਡਾ. ਹਰਜੋਤ ਨੇ ਮਾਤਾ ਦੁਰਗਾ ਕੋਲ ਅਰਦਾਸ ਕਰਦੇ ਹੋਏ ਕਿਹਾ ਕਿ ਮਾਤਾ ਵਰਕਰਾਂ ਨੂੰ ਏਨੀ ਤਾਕਤ ਦੇਵੇ ਕਿ ਉਹ ਪੰਜਾਬ ਵਿਚ ਸੁੱਖ, ਸ਼ਾਂਤੀ ਅਤੇ ਖੁਸ਼ਹਾਲੀ ਲਿਆਉਣ ਦੇ ਅਭਿਆਨ ਵਿੱਚ ਲਗਾਤਾਰ ਯੋਗਦਾਨ ਦਿੰਦੇ ਰਹਿਣ। ਹਵਨ ਯਜਨ ਦੀ ਸਮਾਪਤੀ 'ਤੇ ਪ੍ਰਸ਼ਾਦ ਵੰਡਿਆ ਗਿਆ।

## ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ 'ਚ ਵਿਸ਼ਵ ਪੰਜਾਬੀ ਦਿਵਸ ਉਤਸ਼ਾਹ ਨਾਲ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਪ੍ਰਸਿੱਧ ਸਿੱਖਿਆ ਸੰਸਥਾ ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ, ਬਾਘਾ ਪੁਰਾਣਾ ਵਿੱਚ 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਵੱਡੇ ਉਤਸ਼ਾਹ ਨਾਲ ਮਨਾਇਆ ਗਿਆ। ਇਹ ਸਮਾਗਮ ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ ਦੇ ਸੱਦੇ 'ਤੇ ਕੀਤਾ ਗਿਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਜੀਨਮ ਗਰਗ ਅਤੇ ਮਨੋਜ ਕੁਮਾਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਸਿਰਜਿਆ ਜਾ ਰਿਹਾ ਇਹ ਨਵਾਂ ਇਤਿਹਾਸ ਪੰਜਾਬੀ ਬੋਲੀ ਨੂੰ ਵਿਸ਼ਵ ਪੱਧਰ 'ਤੇ ਮਾਣ ਦੇਵੇਗਾ। ਉਨ੍ਹਾਂ ਦੱਸਿਆ ਕਿ ਬਾਬਾ ਫ਼ਰੀਦ ਦੇ ਆਗਮਨ ਦਿਵਸ ਨੂੰ ਸਮਰਪਿਤ ਕਰਕੇ ਹਰ ਸਾਲ 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਉਣ ਦਾ ਫੈਸਲਾ ਲਿਆ ਗਿਆ ਹੈ, ਕਿਉਂਕਿ ਬਾਬਾ ਫ਼ਰੀਦ ਪੰਜਾਬੀ ਦੇ ਪਹਿਲੇ ਮਹਾਨ ਕਵੀ ਸਨ, ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਨ ਮਿਲਿਆ।ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ।ਪ੍ਰਿੰਸੀਪਲ ਸਾਹਿਬਾਨਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮਾਂ ਬੋਲੀ ਦਾ ਸਤਿਕਾਰ ਕਰਨਾ ਤੇ ਇਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਸਾਡਾ ਮੁੱਢਲਾ ਫਰਜ਼ ਹੈ।ਸਕੂਲ ਵਿੱਚ ਪੰਜਾਬੀ ਕਵਿਤਾ ਉਚਾਰਨ, ਕਾਵਿ ਲੇਖਨ, ਨਿਬੰਧ ਲੇਖਨ, ਕਹਾਣੀ ਰਚਨਾ, ਵਾਦ-ਵਿਵਾਦ, ਭਾਸ਼ਣ ਮੁਕਾਬਲਾ, ਅਨੁਵਾਦ ਮੁਕਾਬਲਾ, ਸ਼ਬਦ ਜੋੜ, ਸੁੰਦਰ ਲਿਖਾਈ, ਪੋਸਟਰ ਬਣਾਉਣ, ਡਰਾਇੰਗ ਅਤੇ ਨਾਅਰਾ ਲਿਖਣ ਵਰਗੀਆਂ ਕਈ ਗਤੀਵਿਧੀਆਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਭਾਗ ਲਿਆ।

## ਡਾਕਟਰ ਰਾਜਵੀਰ ਸਿੰਘ ਦੀ ਹੋਈ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਬਲਾਕ ਨਿਹਾਲ ਸਿੰਘ ਵਾਲਾ ਦੀ ਮਹੀਨਾਵਾਰ ਮੀਟਿੰਗ ਚੇਅਰਮੈਨ ਸੋਹਣ ਸਿੰਘ ਸੈਦੋਕੇ ਦੀ ਅਗਵਾਈ ਵਿੱਚ ਕਾਮਰੇਡ ਗੁਰਬਖਸ਼ ਸਿੰਘ ਯਾਦਗਾਰੀ ਹਾਲ ਵਿਖੇ ਹੋਈ ਜਿਸ ਵਿੱਚ ਡਾਕਟਰ ਰਾਜਵੀਰ ਸਿੰਘ ਰੌਂਤਾ ਦੀ ਹੋਈ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਮੀਟਿੰਗ ਦੀ ਸ਼ੁਰੂਆਤ ਵਿਛੜੇ ਸਾਥੀ ਲਈ ਦੋ ਮਿੰਟ ਦਾ ਮੌਨ ਧਾਰਨ ਕਰਕੇ ਕੀਤੀ ਗਈ.ਜਿਸ ਵਿੱਚ ਸੂਬਾ ਜਨਰਲ ਸਕੱਤਰ ਗੁਰਮੇਲ ਸਿੰਘ ਮਾਛੀਕੇ,ਜ਼ਿਲ੍ਹਾ ਜਨਰਲ ਸਕੱਤਰ ਰਜਿੰਦਰ ਸਿੰਘ ਲੋਪੋ,ਡਾਕਟਰ ਰਣਧੀਰ ਸਿੰਘ ਮੀਨੀਆਂ ਨੇ ਕਿਹਾ ਕਿ ਸਾਡਾ ਰੋਜ਼ਗਾਰ ਜੱਥੇਬੰਦੀ ਦੀ ਮਜ਼ਬੂਤੀ ਨਾਲ ਜੁੜਿਆ ਹੋਇਆ ਹੈ ਇਸ ਲਈ ਜਥੇਬੰਦੀ ਵਿੱਚ ਵੱਧ ਤੋਂ ਵੱਧ ਸ਼ਾਮਿਲ ਹੋਣਾ ਜ਼ਰੂਰੀ ਹੈ। ਉਹਨਾਂ ਕਿਹਾ ਕਿ ਹਾਈਕੋਰਟ ਅਤੇ ਸੁਪਰੀਮ ਕੋਰਟ ਦੇ ਫੈਸਲਿਆਂ ਦੇ ਬਾਵਜੂਦ ਅਸੀਂ ਆਪਣੇ ਕਿੱਤੇ ਦੇ ਮਾਨ ਸਨਮਾਨ ਨੂੰ ਬਹਾਲ ਰੱਖ ਰਹੇ ਹਾਂ ਤਾਂ ਇਸ ਪਿੱਛੇ ਸਾਡੀ ਜੱਥੇਬੰਦਕ ਤਾਕਤ ਹੀ ਹੈ।ਸੂਬਾ ਕਮੇਟੀ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ 30 ਸਤੰਬਰ ਨੂੰ ਜ਼ਿਲ੍ਹਾ ਪੱਧਰੀ ਜੱਥੇਬੰਦਕ ਸਿੱਖਿਆ ਕੰਨਵੈਨਸ਼ਨ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿੱਚ ਸਾਰੇ ਸਾਥੀਆਂ ਨੂੰ ਭਰਵੀਂ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਗਿਆ ਹੈ। ਮੀਟਿੰਗ ਵਿੱਚ ਸ਼ਾਮਲ ਸਾਥੀਆਂ ਵੱਲੋਂ ਜੱਥੇਬੰਦਕ ਸਿੱਖਿਆ ਕੰਨਵੈਨਸ਼ਨ ਵਿੱਚ ਹੱਥ ਖੜੇ ਕਰਕੇ ਸ਼ਮੂਲੀਅਤ ਕਰਨ ਦੀ ਪ੍ਰਵਾਨਗੀ ਲਈ ਗਈ। ਸੀਨੀਅਰ ਮੀਤ ਪ੍ਰਧਾਨ ਜਗਸੀਰ ਸਿੰਘ ਹਿੰਮਤਪੁਰਾ, ਬਲਾਕ ਸਕੱਤਰ ਅਮਨਪ੍ਰੀਤ ਸਿੰਘ ਦੌਧਰ ਵੱਲੋਂ ਸ਼ਹੀਦ ਭਗਤ ਸਿੰਘ ਦੇ ਜੀਵਨ ਤੋਂ ਪ੍ਰੇਰਨਾ ਲੈਂਦੇ ਹੋਏ ਵੱਖ ਵੱਖ ਤਬਕਿਆਂ ਦੇ ਘੋਲਾਂ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਪ੍ਰੈਸ ਸਕੱਤਰ ਭਗਵਾਨ ਸਿੰਘ ਖੋਟੇ, ਬਲਾਕ ਆਗੂ ਸੁਖਵਿੰਦਰ ਗੋਲਣ, ਬਲਾਕ ਆਗੂ ਭਗਵਾਨ ਸਿੰਘ ਰਾਮਾ ਵੱਲੋਂ ਹੜ੍ਹਾਂ ਵਿੱਚ ਹੋਏ ਜਾਨੀ ਮਾਲੀ ਨੁਕਸਾਨ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਜੱਥੇਬੰਦੀ ਵੱਲੋਂ ਲਗਾਏ ਸੂਬਾ ਪੱਧਰੀ ਫ੍ਰੀ ਮੈਡੀਕਲ ਕੈਂਪਾਂ ਦੀ ਸ਼ਲਾਘਾ ਕੀਤੀ। ਮੀਟਿੰਗ ਦੌਰਾਨ ਡਾਕਟਰ ਸਾਥੀਆਂ ਨੂੰ ਸਰਟੀਫਿਕੇਟ ਅਤੇ ਆਈ ਕਾਰਡ ਵੰਡੇ ਗਏ ਅਤੇ ਜੱਥੇਬੰਦੀ ਦਾ ਬੈਚ ਰਿਲੀਜ਼ ਕੀਤਾ ਗਿਆ। ਡਾਕਟਰ ਸੋਹਣ ਸਿੰਘ ਵੱਲੋਂ ਆਏ ਹੋਏ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਕੇਵਲ ਸਿੰਘ ਮਾਛੀਕੇ, ਜਗਰਾਜ ਸਿੰਘ ਖਾਈ, ਗਗਨ ਡਾਲਾ, ਬਿੱਟੂ ਨਿਹਾਲ ਸਿੰਘ ਵਾਲਾ, ਰਾਮ ਸਿੰਘ ਸੈਦੋਕੇ, ਗੁਰਪ੍ਰੀਤ ਸਿੰਘ ਰੌਂਤਾ, ਰੁਪਿੰਦਰ ਸਿੰਘ ਦੀਦਾਰੇ ਵਾਲਾ, ਚਮਕੌਰ ਸਿੰਘ ਖਾਈ, ਛਿੰਦਰਪਾਲ ਸਿੰਘ ਰਾਊਕੇ, ਜਗਸੀਰ ਸਿੰਘ ਬਿਲਾਸਪੁਰ ਆਦਿ ਹਾਜ਼ਰ ਸਨ।

## ਪੰਜਾਬ ਦਾ ਯੂਥ ਚਾਹੁੰਦਾ ਹੈ ਨੌਜਵਾਨ ਅੱਗੇ ਆਉਣ : ਗੌਰਵ ਸੰਧੂ

**ਸਮਾਣਾ (ਇਕਬਾਲ ਸਿੰਘ ਬੱਲ)**-2027 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਲਈ ਹਰੇਕ ਪਾਰਟੀ ਨੇ ਹੁਣ ਤੋਂ ਕਮਰ ਕੱਸੇ ਕੱਸਣੇ ਸ਼ੁਰੂ ਕਰ ਦਿੱਤੇ ਹਨ, ਉਥੇ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਦੇ ਅਕਸਰ ਬਿਆਨ ਆਉਂਦੇ ਹਨ ਕਿ ਨੌਜਵਾਨਾਂ ਨੂੰ ਪਾਰਟੀ ਵਿੱਚ ਅੱਗੇ ਲਿਆਂਦਾ ਜਾਵੇਗਾ ਤਾਂ ਜੋ ਉਹ ਪਾਰਟੀ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਪੰਜਾਬ ਵਿੱਚ ਕਾਂਗਰਸ ਪਾਰਟੀ ਵੱਲੋਂ ਸੰਗਠਨ ਸਿਰਜਣ ਅਭਿਆਨ ਚਲਾਇਆ ਜਾ ਰਿਹਾ ਹੈ ਜਿਸ ਵਿੱਚ ਜ਼ਿਲ੍ਹਾ ਪ੍ਰਧਾਨਾਂ ਦੀ ਚੋਣ ਕੀਤੀ ਜਾਣੀ ਹੈ। ਕਾਂਗਰਸ ਪਾਰਟੀ ਨੂੰ ਚਾਹੀਦਾ ਹੈ ਕਿ ਨੌਜਵਾਨ ਵਰਕਰਾਂ ਵਿੱਚੋਂ ਜ਼ਿਲ੍ਹਾ ਪ੍ਰਧਾਨ ਚੁਣੇ ਜਾਣ ਜੋ ਦਿਨ ਰਾਤ ਇੱਕ ਕਰਕੇ ਪਾਰਟੀ ਲਈ ਮਿਹਨਤ ਕਰਦੇ ਆ ਰਹੇ ਹਨ। ਕਾਂਗਰਸ ਪਾਰਟੀ ਕਿਸਾਨ ਵਿੰਗ ਦੇ ਜਨਰਲ ਸਕੱਤਰ ਗੌਰਵ ਸੰਧੂ ਨੇ ਕਿਹਾ ਕਿ ਨੌਜਵਾਨ ਵਰਕਰ ਦਿਨ ਰਾਤ ਇੱਕ ਕਰਕੇ ਕਾਂਗਰਸ ਪਾਰਟੀ ਲਈ ਕੰਮ ਕਰ ਰਹੇ ਹਨ, ਉਹਨਾਂ ਵਿੱਚੋਂ ਹੀ ਜਿਲਾ ਪ੍ਰਧਾਨ ਚੁਣਿਆ ਜਾਣਾ ਚਾਹੀਦਾ ਹੈ। ਗੌਰਵ ਸੰਧੂ ਦਿਨ ਰਾਤ ਇੱਕ ਕਰਕੇ ਕਾਂਗਰਸ ਪਾਰਟੀ ਲਈ ਕੰਮ ਕਰਦੇ ਆ ਰਹੇ ਹਨ ਜੋ ਜ਼ਿਲ੍ਹਾ ਪ੍ਰਧਾਨ ਦੀ ਚੋਣ ਲਈ ਮੈਦਾਨ ਵਿੱਚ ਹਨ। ਉਹਨਾਂ ਕਿਹਾ ਕਿ ਜੇਕਰ ਪਾਰਟੀ ਉਹਨਾਂ ਨੂੰ ਮੌਕਾ ਦਿੰਦੀ ਹੈ ਤਾਂ ਉਹ ਜ਼ਿਲ੍ਹਾ ਪਟਿਆਲਾ ਤੇ ਹਰ ਪਿੰਡ ਵਿੱਚ ਵੱਡੇ ਪੱਧਰ 'ਤੇ ਕਾਂਗਰਸੀ ਵਰਕਰ ਪੈਦਾ ਕਰਨ ਨੂੰ ਤਰਜੀਹ ਦੇਣਗੇ ਤਾਂ ਜੋ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਵੱਡੇ ਪੱਧਰ 'ਤੇ ਜਿੱਤ ਪ੍ਰਾਪਤ ਕਰੇ ਗੌਰਵ ਸੰਧੂ ਨੇ ਕਿਹਾ ਨੇ ਕਿਹਾ ਕਿ ਪੰਜਾਬ ਦਾ ਯੂਥ ਚਾਹੁੰਦਾ ਹੈ ਇਹ ਪੰਜਾਬ ਵਿੱਚ ਯੂਥ ਅੱਗੇ ਆਵੇ।

## 'ਕੁਝ ਦਵਾਈਆਂ 'ਤੇ ਜੀ ਐੱਸ ਟੀ ਘਟਣ ਨਾਲ ਸਿਹਤ 'ਤੇ ਆਉਣ ਵਾਲੇ ਖਰਚੇ 'ਤੇ ਨਾਮਾਤਰ ਫ਼ਰਕ ਪਏਗਾ'



**ਲੁਧਿਆਣਾ (ਐਮ ਐਸ ਭਾਟੀਆ)**-ਅੱਜ ਜਾਰੀ ਇੱਕ ਬਿਆਨ ਵਿੱਚ ਇੰਡੀਅਨ ਡਾਕਟਰਸ ਫਾਰ ਪੀਸ ਐਂਡ ਡਿਵੈਲਪਮੈਂਟ (ਆਈ ਡੀ ਪੀ ਡੀ) ਦੇ ਕੌਮੀ ਪ੍ਰਧਾਨ ਡਾਕਟਰ ਅਰੁਣ ਮਿੱਤਰਾ ਨੇ ਕਿਹਾ ਹੈ ਕਿ ਕੁਝ ਦਵਾਈਆਂ 'ਤੇ ਜੀ ਐਸ ਟੀ ਘਟਾਉਣਾ ਚੰਗੀ ਗੱਲ ਹੈ, ਪਰ ਇਸ ਦੇ ਨਾਲ ਸਿਹਤ ਸੇਵਾਵਾਂ 'ਚ ਨਾ ਮਾਤਰ ਹੀ ਫ਼ਰਕ ਪਏਗਾ।ਅੱਜ ਚੰਡੀਗੜ੍ਹ ਵਿੱਚ ਦੇਸ਼ ਭਰ ਤੋਂ ਆਏ ਆਈ.ਡੀ.ਪੀ.ਡੀ. ਦੇ ਨਾਲ ਸੰਬੰਧਤ ਕੁਝ ਡਾਕਟਰਾਂ ਦੀ ਮੀਟਿੰਗ ਹੋਈ ਜਿਸ ਵਿੱਚ ਇਸ ਗੱਲ 'ਤੇ ਵਿਚਾਰ ਕਰਕੇ ਬਿਆਨ ਜਾਰੀ ਕੀਤਾ।ਨੀਤੀ ਆਯੋਗ ਦੇ ਮੁਤਾਬਕ ਸਿਹਤ ਸੇਵਾਵਾਂ ਤੇ ਆਪਣੀ ਜੇਬ ਵਿੱਚੋਂ ਖਰਚ ਕਰਨ ਕਾਰਨ ਹਰ ਸਾਲ ਭਾਰਤ ਵਿੱਚ 10 ਕਰੋੜ ਲੋਕ ਗਰੀਬ ਹੋ ਜਾਂਦੇ ਹਨ।ਇਸ ਲਈ ਸਿਹਤ ਸੇਵਾਵਾਂ ਵਿੱਚ ਸਮੁੱਚੇ ਸੁਧਾਰ ਕਰਨ ਦੀ ਲੋੜ ਹੈ। ਸਰਕਾਰ ਨੂੰ ਸਿਹਤ ਨੂੰ ਸੰਵਿਧਾਨ ਦੇ ਵਿੱਚ ਇੱਕ ਮੌਲਿਕ ਅਧਿਕਾਰ ਦਾ ਦਰਜਾ ਦੇਣਾ ਚਾਹੀਦਾ ਹੈ ਤਾਂ ਜੋ ਸਿਹਤ ਸੇਵਾਵਾਂ ਨੂੰ ਕਾਨੂੰਨੀ ਦਰਜਾ ਮਿਲ ਸਕੇ ਤੇ ਸਰਕਾਰ ਉਸ ਲਈ ਜ਼ਿੰਮੇਵਾਰ ਹੋਵੇ।ਇਸ ਬਾਰੇ ਭਾਰਤ ਸਰਕਾਰ ਨੇ ਅਨੇਕਾਂ ਕੌਮਾਂਤਰੀ ਦਸਤਾਵੇਜ਼ਾਂ ਤੇ ਹਸਤਾਖਰ ਕੀਤੇ ਹਨ ਪਰ ਅਮਲੀ ਰੂਪ ਵਿੱਚ ਉਲਟ ਨਤੀਜੇ ਨਿਕਲ ਰਹੇ ਹਨ।ਸਾਡੇ ਦੇਸ਼ ਵਿੱਚ ਅੱਜ ਸਿਹਤ ਸੇਵਾਵਾਂ ਕਾਰਪੋਰੇਟ ਖੇਤਰ ਦੇ ਅਧੀਨ ਲਿਆਉਣ ਦੀ ਪ੍ਰਕਿਰਿਆ ਬੜੀ ਤੇਜ਼ੀ ਨਾਲ ਜਾਰੀ ਹੈ।ਸਿਹਤ ਸੇਵਾਵਾਂ ਦੇ ਕੇਂਦਰ ਵਿੱਚ ਵਿਦੇਸ਼ੀ ਇਕਵਿਟੀ ਨਿਵੇਸ਼ ਬਹੁਤ ਜ਼ਿਆਦਾ ਵਧ ਰਿਹਾ ਹੈ।ਮੈਡੀਕਲ ਸਿੱਖਿਆ ਕੇਂਦਰ ਵੀ ਨਿੱਜੀ ਖੇਤਰ ਵਿੱਚ ਖੋਲ੍ਹੇ ਜਾ ਰਹੇ ਹਨ ਅਤੇ ਵੈਲਨੈਸ ਕਲੀਨਿਕ ਤੇ ਪ੍ਰਾਇਮਰੀ ਸਿਹਤ ਕੇਂਦਰਾਂ ਦਾ ਵੀ ਨਿੱਜੀਕਰਨ ਕੀਤਾ ਜਾ ਰਿਹਾ ਹੈ, ਜਿਸ ਕਰਕੇ ਲੋਕਾਂ ਨੂੰ ਮੁਫਤ ਸੇਵਾਵਾਂ ਮਿਲਣੀਆਂ ਇੱਕ ਸੁਪਨਾ ਹੀ ਰਹਿ ਜਾਏਗਾ।ਦਵਾਈਆਂ ਸਰਕਾਰੀ ਖੇਤਰ ਵਿਚ ਬਣਾਈਆਂ ਜਾਣ ਤੇ ਵਿਤਰਿਤ ਕੀਤੀਆਂ ਜਾਣ।ਇਹ ਬੜੇ ਦੁੱਖ ਦੀ ਗੱਲ ਹੈ ਕਿ ਭਾਰਤ ਸਰਕਾਰ ਇਸ ਗੱਲ ਨੂੰ ਲੋਕਾਂ ਤੋਂ ਛੁਪਾ ਰਹੀ ਹੈ ਕਿ ਦਵਾਈਆਂ ਪਹਿਲੇ ਜਨਤਕ ਖੇਤਰ ਦੀਆਂ ਕੰਪਨੀਆਂ ਵਲੋਂ ਬਣਾਈਆਂ ਜਾਂਦੀਆਂ ਸਨ ਅਤੇ ਸਸਤੀਆਂ ਦਰਾਂ ਤੇ ਸਾਰੀ ਦੁਨੀਆਂ ਵਿੱਚ ਭੇਜੀਆਂ ਜਾਂਦੀਆਂ ਸਨ, ਪਰ ਹੁਣ ਸਰਕਾਰ ਨੇ ਇਹਨਾਂ ਸਾਰੇ ਕੇਂਦਰਾਂ ਨੂੰ ਬੰਦ ਕਰ ਦਿੱਤਾ ਹੈ।ਇਹਨਾਂ ਨੂੰ ਦੁਬਾਰਾ ਚਾਲੂ ਕਰਨਾ ਚਾਹੀਦਾ ਹੈ।

# ਜ਼ਿਲ੍ਹਾ ਪੱਧਰੀ ਰੈੱਡ ਰਿਬਨ ਕਲੱਬਾਂ ਦੇ ਡਰਾਮਾ ਮੁਕਾਬਲੇ

**ਮੋਗਾ (ਇਕਬਾਲ ਸਿੰਘ ਖਹਿਰਾ)**



ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਪੰਜਾਬ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ, ਚੰਡੀਗੜ੍ਹ ਦੇ ਸਹਿਯੋਗ ਨਾਲ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਮੋਗਾ ਦਵਿੰਦਰ ਸਿੰਘ ਲੋਟੇ ਦੀ ਅਗਵਾਈ ਹੇਠ ਕੰਮ ਕਰ ਰਹੀਆਂ ਰੈਡ ਰਿਬਨ ਕਲੱਬਾਂ ਦੇ ਜ਼ਿਲ੍ਹਾ ਪੱਧਰੀ ਡਰਾਮਾ ਮੁਕਾਬਲੇ ਡੀ.ਐਮ. ਕਾਲਜ ਆਫ ਐਜੂਕੇਸ਼ਨ ਮੋਗਾ ਵਿਖੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਜ਼ਿਲ੍ਹੇ ਦੇ 10 ਰੈਡ ਰਿਬਨ ਕਲੱਬਾਂ ਵੱਲੋਂ ਭਾਗ ਲਿਆ ਗਿਆ। ਇਹ ਮੁਕਾਬਲੇ ਨਸ਼ਿਆਂ, ਐਚ.ਆਈ.ਵੀ./ ਏਡਜ਼, ਟੀ.ਬੀ ਤੋਂ ਬਚਾਅ ਅਤੇ ਖੂਨਦਾਨ ਵਿਸ਼ਿਆਂ 'ਤੇ ਕਰਵਾ ਕੇ ਨੌਜਵਾਨਾਂ ਅਤੇ ਆਮ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਮੁਕਾਬਲੇ ਦੀ ਸ਼ੁਰੂਆਤ ਪ੍ਰਿੰਸੀਪਲ ਡੀ. ਐਮ. ਕਾਲਜ ਆਫ ਐਜੂਕੇਸ਼ਨ ਆਸ਼ਿਮਾ ਭੰਡਾਰੀ ਵੱਲੋਂ ਕੀਤੀ ਗਈ। ਇਸ ਬਾਰੇ ਦਵਿੰਦਰ ਸਿੰਘ ਲੋਟੇ ਨੇ ਦੱਸਿਆ ਕਿ ਕਾਲਜਾਂ ਵਿੱਚ ਕੰਮ ਕਰ ਰਹੀਆਂ ਰੈੱਡ ਰਿਬਨ ਕਲੱਬਾਂ ਵੱਲੋਂ ਨਸ਼ਿਆਂ, ਐਚ.ਆਈ. ਵੀ./ਏਡਜ਼, ਟੀ.ਬੀ ਤੋਂ ਬਚਾਅ ਅਤੇ ਖੂਨਦਾਨ ਸਬੰਧੀ ਨੌਜਵਾਨਾਂ ਅਤੇ ਆਮ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁਕਾਬਲੇ ਵਿੱਚ ਪਹਿਲਾ ਸਥਾਨ ਡੀ.ਐਮ. ਕਾਲਜ ਆਫ ਐਜੂਕੇਸ਼ਨ ਮੋਗਾ, ਦੂਜਾ ਸਥਾਨ ਲਾਲਾ ਲਾਜਪਤ ਰਾਏ ਮੈਮੋਰੀਅਲ ਆਈ.ਟੀ.ਸੀ. ਅਜੀਤਵਾਲ ਅਤੇ ਤੀਜਾ ਸਥਾਨ ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਗਰਲਜ਼ ਕਾਲਜ ਸੁਖਾਨੰਦ ਨੇ ਹਾਸਲ ਕੀਤਾ।ਪਹਿਲਾ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ ਤਿੰਨ ਹਜ਼ਾਰ ਰੁਪਏ, ਦੂਜਾ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ ਦੋ ਹਜ਼ਾਰ ਰੁਪਏ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ ਇੱਕ ਹਜ਼ਾਰ ਰੁਪਏ ਇਨਾਮ ਰਾਸ਼ੀ ਦਿੱਤੀ ਗਈ। ਮੁਕਾਬਲੇ ਦੀ ਜੱਜਮੈਂਟ ਪ੍ਰਿੰਸੀਪਲ ਬਾਬੇ ਕੇ ਕਾਲਜ ਆਫ ਐਜੂਕੇਸ਼ਨ ਦੌਧਰ, ਜਸਕਿਰਨ ਕੌਰ ਦਿਆਲ, ਦਵਿੰਦਰ ਸਿੰਘ (ਨਾਟਕਕਾਰ) ਪਸਸਬ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਜਵਾਹਰ ਸਿੰਘ ਵਾਲਾ ਤੇ ਅੰਮ੍ਰਿਤਪਾਲ ਸਿੰਘ ਵੱਲੋਂ ਕੀਤੀ ਗਈ। ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਭਾਗੀਦਾਰਾਂ ਨੂੰ ਸਰਟੀਫਿਕੇਟ ਵੀ ਦਿੱਤੇ ਗਏ। ਕਾਲਜਾਂ ਦੇ ਨੋਡਲ ਇੰਚਾਰਜ਼/ਨੋਡਲ ਅਫਸਰਾਂ ਅਤੇ ਰੈਡ ਰੀਬਨ ਕਲੱਬਾਂ ਦੇ ਵਲੰਟੀਅਰਾਂ ਤੋਂ ਇਲਾਵਾ ਐਡਵੋਕੇਟ ਗੁਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਘਾਲੀ, ਮਨਵੀਨ ਕੌਰ, ਅਨੁਪਮਾ ਸ਼ਰਮਾ, ਡਾ. ਗੁਰਜੀਤ ਕੌਰ, ਹਰਮੇਲ ਸਿੰਘ, ਵਿਸ਼ਾਲਜੀਤ ਕੌਰ, ਡਾ. ਸੋਨੀਆ ਜਿੰਦਲ, ਅੰਜਲੀ, ਹਰਜਿੰਦਰ ਕੌਰ, ਡਾ. ਬਲਜੀਤ ਕੌਰ, ਅਮਨਦੀਪ ਕੌਰ, ਨੀਲਮ, ਤਮੰਨਾ ਸ਼ਰਮਾ, ਮਨਿੰਦਰ ਕੌਰ, ਇੰਤਜ਼ਾਰ ਹੁਸੈਨ, ਸੁਖਪ੍ਰੀਤ ਕੌਰ, ਜੋਸਫ ਆਦਿ ਹਾਜ਼ਰ ਸਨ।

## ਕਿਸਾਨਾਂ ਵੱਲੋਂ ਮਹਿਲਾ ਪੁਲਸ ਅਧਿਕਾਰੀ ਨਾਲ ਬਦਸਲੂਕੀ ਦੀ ਨਿਖੇਧੀ

**ਸਮਰਾਲਾ (ਸੁਰਜੀਤ ਸਿੰਘ)**-ਨਾਭਾ ਵਿਖੇ ਧਰਨਾ ਦੇ ਰਹੇ ਕਿਸਾਨਾਂ ਵੱਲੋਂ ਮਹਿਲਾ ਪੁਲਸ ਅਧਿਕਾਰੀ ਨਾਲ ਕੀਤੀ ਗਈ ਬਦਸਲੂਕੀ ਦੀ ਸਹੀ ਸੋਚ ਵਾਲੇ ਲੋਕਾਂ ਵੱਲੋਂ ਨਿਖੇਧੀ ਕੀਤੀ ਹੈ। ਸਮਾਜ ਸੇਵੀ ਅੰਮ੍ਰਿਤਪਾਲ ਅਤੇ ਸ਼ਿਵ ਕੁਮਾਰ ਸ਼ੁਵਲੀ ਨੇ ਕਿਹਾ ਕਿ ਬੇਸ਼ੱਕ ਆਪਣੀਆਂ ਮੰਗਾਂ ਨੂੰ ਲੈ ਕੇ ਧਰਨੇ ਮੁਜ਼ਾਹਰੇ ਕਰਨਾ ਦੇਸ਼ ਦੇ ਨਾਗਰਿਕਾਂ ਦਾ ਜਮਹੂਰੀ ਹੱਕ ਹੈ, ਪਰ ਇਸ ਦੇ ਨਾਲ ਹੀ ਹਰ ਨਾਗਰਿਕ ਅਤੇ ਜਥੇਬੰਦੀ ਨੂੰ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਆਪਣੇ ਹੱਕਾਂ ਲਈ ਆਵਾਜ਼ ਉਠਾਉਣੀ ਜਾਇਜ਼ ਹੈ। ਉਹਨਾਂ ਕਿਹਾ ਕਿ ਮਹਿਲਾ ਪੁਲਸ ਅਧਿਕਾਰੀ ਨੇ ਧਰਨਾਕਾਰੀਆਂ ਨੂੰ ਕਿਹਾ ਕਿ ਉਹ ਕਿਸੇ ਜ਼ਰੂਰੀ ਕੰਮ ਲਈ ਦਫਤਰ ਜਾ ਰਹੀ ਹੈ, ਤੇ ਉਸ ਨੂੰ ਜਾਣ ਦਿੱਤਾ ਜਾਵੇ, ਪਰ ਕੁਝ ਸ਼ਰਾਰਤੀ ਅਨਸਰਾਂ ਨੇ ਨਾ ਸਿਰਫ ਪੁਲਸ ਅਧਿਕਾਰੀ ਦਾ ਰਸਤਾ ਰੋਕਿਆ, ਬਲਕਿ ਉਸ ਦੀ ਸਰਕਾਰੀ ਡਿਊਟੀ ਵਿਚ ਵੀ ਵਿਘਨ ਪਾਇਆ। ਉਹਨਾਂ ਕਿਹਾ ਕਿ ਡੀ ਐਸ ਪੀ ਮਨਦੀਪ ਕੌਰ ਨੇ ਕਿਸਾਨਾਂ 'ਤੇ ਦੋਸ਼ ਲਗਾਇਆ ਕਿ ਪ੍ਰਦਰਸ਼ਨਕਾਰੀਆਂ ਨੇ ਉਸ ਨਾਲ ਧੱਕਾ ਮੁੱਕੀ ਕੀਤੀ, ਮੇਰਾ ਜੂੜਾ ਪੁੱਟਿਆ ਗਿਆ ਤੇ ਵਰਦੀ ਨਾਲ ਵੀ ਖਿੱਚੋਤਾਣ ਕੀਤੀ ਗਈ। ਉਹਨਾਂ ਕਿਹਾ ਕਿ ਅਸਲ ਮਾਮਲਾ ਕੀ ਹੈ, ਕਿਉਂ ਅਜਿਹੇ ਹਾਲਾਤ ਬਣੇ, ਮਹਿਲਾ ਅਧਿਕਾਰੀ ਨਾਲ ਅਜਿਹੀ ਹਰਕਤ ਕਿਉਂ ਕੀਤੀ ਗਈ, ਇਹ ਜਾਂਚ ਦਾ ਵਿਸ਼ਾ ਹੈ। ਪਰ ਸਾਡੇ ਪੰਜਾਬ ਅੰਦਰ ਧੀਆਂ ਭੈਣਾਂ ਦਾ ਸਤਿਕਾਰ ਹਮੇਸ਼ਾਂ ਤੋਂ ਹੁੰਦਾ ਆਇਆ ਹੈ, ਅੱਜ ਅਜਿਹਾ ਕਿਉਂ ਵਾਪਰਿਆ, ਇਹ ਬੜਾ ਦੁਖਦਾਈ ਲੱਗਿਆ।ਕਾਨੂੰਨ ਹੱਥ ਵਿੱਚ ਲੈਣ ਦੀ ਕਿਸੇ ਨੂੰ ਇਜਾਜ਼ਤ ਨਹੀਂ ਹੁੰਦੀ। ਇਸ ਦੀ ਜਾਂਚ ਕੀਤੀ ਜਾਵੇ, ਜੋ ਵੀ ਦੋਸ਼ੀ ਨੇ, ਉਹਨਾਂ 'ਤੇ ਕਾਰਵਾਈ ਹੋਣੀ ਚਾਹੀਦੀ ਹੈ। ਡੀ ਐਸ ਪੀ ਮਨਦੀਪ ਕੌਰ ਇੱਕ ਸਿਆਣੀ ਅਫ਼ਸਰ ਹੈ, ਸਾਡੇ ਮਾਛੀਵਾੜਾ ਸਾਹਿਬ ਅੰਦਰ ਉਹ ਆਪਣੀਆਂ ਸੇਵਾਵਾਂ ਦੇ ਚੁੱਕੀ ਹੈ, ਉਸ ਦੇ ਕੰਮ ਕਰਨ ਦਾ ਨਿਡਰ ਸੁਭਾਅ ਅੱਜ ਵੀ ਮਾਛੀਵਾੜਾ ਸਾਹਿਬ ਦੇ ਲੋਕ ਯਾਦ ਕਰਦੇ ਹਨ।

## ਸੰਗਠਨ ਸਿਰਜਨ ਅਭਿਆਨ ਤਹਿਤ ਕਾਂਗਰਸ ਵੱਲੋਂ ਮੀਟਿੰਗ



ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਹਲਕਾ ਸ਼ੁਤਰਾਣਾ ਦੇ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਨੇ ਮਹੰਤ ਸਰਦਾਰ ਹਰਵਿੰਦਰ ਸਿੰਘ ਖਨੌੜਾ ਦੀ ਚੰਗੀ ਕਾਰਗੁਜ਼ਾਰੀ ਬਾਰੇ ਮਨੀਸ਼ਾ ਪਵਾਰ ਨੂੰ ਜਾਣੂ ਕਰਵਾਇਆ।ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਹਲਕਾ ਪ੍ਰਧਾਨ ਰਣਜੀਤ ਸਿੰਘ, ਮਤੌਲੀ ਸ਼ਹਿਰ ਪਾਤੜਾਂ ਦੇ ਪ੍ਰਧਾਨ ਰਕੇਸ਼ ਕੁਮਾਰ ਹੈਪੀ, ਦਲੇਰ ਸਿੰਘ ਹਰਿਆਊ, ਸਿਕੰਦਰ ਸਿੰਘ ਦਤਾਲ,ਪਵਨ ਕੁਮਾਰ ਪਟਵਾਰੀ, ਆਸ਼ੂ ਪਟਵਾਰੀ, ਨਿਰਮਲ ਸਿੰਘ ਨਿਆਲ, ਸਾਹਿਬ ਸਿੰਘ ਦਤਾਲ, ਹਰਭਜਨ ਸਿੰਘ ਸ਼ੇਰਗੜ੍ਹ, ਗੁਰਦਰਸ਼ਨ ਸਿੰਘ ਗਲੌਲੀ, ਵਿਜੇ ਕੁਮਾਰ ਭੋਲਾ, ਨਿਰਮਲ ਸਿੰਘ ਪੰਨੂ, ਮੋਹਰ ਸਿੰਘ ਜਿਉਣਪੁਰਾ, ਗੁਰਜਿੰਦਰ ਪਾਲ ਸਿੰਘ ਰਾਜੂ, ਮਾਂਗਾ ਰਾਮ ਢਾਬੀ ਗੁਜਰਾ, ਧੰਨਾ ਸਿੰਘ ਕਲਵਾਣੂ, ਗੁਰਦੀਪ ਸਿੰਘ ਧਨੇਠਾ ਤੋਂ ਇਲਾਵਾ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਆਗੂ ਅਤੇ ਵਰਕਰ ਹਾਜ਼ਰ ਸਨ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਭਾਰਤ ਦੇਸ਼ ਅੰਦਰ ਰਾਹੁਲ ਗਾਂਧੀ ਵੱਲੋਂ ਸੰਗਠਨ ਸਿਰਜਨ ਅਭਿਆਨ ਤਹਿਤ ਵੱਡੇ ਪੱਧਰ 'ਤੇ ਪ੍ਰੋਗਰਾਮ ਸ਼ੁਰੂ ਕੀਤੇ ਹਨ।ਕਾਂਗਰਸ ਹਾਈ ਕਮਾਨ ਵੱਲੋਂ ਵੱਖ ਵੱਖ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ, ਇਸੇ ਹੀ ਲੜੀ ਦੇ ਤਹਿਤ ਸ੍ਰੀਮਤੀ ਮਨੀਸ਼ਾ ਪਵਾਰ ਨੂੰ ਪੰਜਾਬ ਸੂਬੇ ਅੰਦਰ ਨਿਯੁਕਤ ਕੀਤਾ ਗਿਆ ਹੈ।ਜਿਲਾ ਪਟਿਆਲਾ ਪ੍ਰਧਾਨਗੀ ਨੂੰ ਲੈ ਕੇ ਹਲਕਾ ਸ਼ੁਤਰਾਣਾ ਦੇ ਆਗੂਆਂ ਅਤੇ ਵਰਕਰਾਂ ਤੋਂ ਸੁਝਾਅ ਮੰਗੇ ਗਏ।ਸ੍ਰੀਮਤੀ ਮਨੀਸ਼ਾ ਪਵਾਰ ਨੇ ਕਿਹਾ ਕਿ ਸ੍ਰੀ ਰਾਹੁਲ ਗਾਂਧੀ ਵੱਲੋਂ ਚਲਾਏ ਗਏ ਇਸ ਅਭਿਆਨ ਦਾ ਮੁੱਖ ਟੀਚਾ ਪੂਰੇ ਭਾਰਤ ਦੀ ਜਨਤਾ ਨੂੰ ਕਾਂਗਰਸ ਪਾਰਟੀ ਵਿੱਚ ਇਕੱਠੇ ਕਰਨਾ ਹੈ।ਇਸ ਮੌਕੇ

## ਸਾਬਕਾ ਵਿਧਾਇਕ ਰਜਿੰਦਰ ਸਿੰਘ ਦੀ ਅਗਵਾਈ 'ਚ ਹੋਈ ਮੀਟਿੰਗ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਾਬਕਾ ਵਿਧਾਇਕ ਰਜਿੰਦਰ ਸਿੰਘ ਦੀ ਅਗਵਾਈ ਹੇਠ ਕਰਵਾਈ ਗਈ ਸੰਗਠਨ ਸਿਰਜਣ ਅਭਿਆਨ ਦੀ ਮੀਟਿੰਗ ਨੇ ਰੈਲੀ ਦਾ ਰੂਪ ਧਾਰਨ ਕੀਤਾ, ਜਿਸ ਵਿੱਚ ਮਾਤਾ ਨੈਣਾ ਆਰੀਆ ਧਰਮਸ਼ਾਲਾ ਦਾ ਹਾਲ ਪੂਰੀ ਤਰ੍ਹਾਂ ਭਰ ਗਿਆ। ਇਸ ਮੀਟਿੰਗ ਵਿੱਚ ਅਬਜ਼ਰਵਰ ਮਨੀਸ਼ਾ ਪਵਾਰ ਨੇ ਵਰਕਰਾਂ ਦੇ ਸੁਝਾਅ ਇਕੱਤਰ ਕਰਨੇ ਸਨ ਕਿ ਪਾਰਟੀ ਪ੍ਰਧਾਨ ਕਿਹੋ ਜਿਹਾ ਹੋਣਾ ਚਾਹੀਦਾ ਹੈ ਅਤੇ ਕਿਸ ਨੂੰ ਬਣਾਇਆ ਜਾਵੇ। ਪੰਜਾਬ ਅੰਦਰ ਕਾਂਗਰਸ ਪਾਰਟੀ ਇਸ ਮਹੀਨੇ ਵਿਚ ਪਾਰਟੀ ਦੇ ਸੰਗਠਨ ਦਾ ਦੁਬਾਰਾ ਨਿਰਮਾਣ ਕਰਨ ਜਾ ਰਹੀ ਹੈ ਜਿਸ ਤਹਿਤ ਵੱਖ ਵੱਖ ਜ਼ਿਲ੍ਹਿਆਂ ਦੇ ਪ੍ਰਧਾਨਾਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕੀਤਾ ਜਾ ਰਿਹਾ ਹੈ। ਪਾਰਟੀ ਵੱਲੋਂ ਪੰਜਾਬ ਅੰਦਰ ਵੱਡੀ ਪੱਧਰ 'ਤੇ ਨਵੇਂ ਜ਼ਿਲ੍ਹਾ ਪ੍ਰਧਾਨਾਂ ਨੂੰ ਵਾਗਡੋਰ ਦਿੱਤੀ ਜਾ ਰਹੀ ਹੈ। ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾ ਅਰਜੁਨ ਖੜਗੇ, ਰਾਹੁਲ ਗਾਂਧੀ ਦੀ ਟੀਮ ਵੱਲੋਂ ਸੰਗਠਨ ਸਿਰਜਣ ਅਭਿਆਨ ਤਹਿਤ ਆਲ ਇੰਡੀਆ ਕਾਂਗਰਸ ਵੱਲੋਂ ਨਿਯੁਕਤ ਅਬਜ਼ਰਵਰਾਂ ਵਲੋਂ ਪੰਜਾਬ ਵਿੱਚ ਵਰਕਰਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਤਹਿਤ ਜ਼ਿਲ੍ਹਾ ਪਟਿਆਲਾ ਵਿਖੇ ਨਿਯੁਕਤ ਅਬਜ਼ਰਵਰ ਮੈਡਮ ਮਨੀਸ਼ਾ ਪਵਾਰ ਨੇ ਅੱਜ ਦੇ ਸਮਾਣਾ ਵਿਖੇ ਸੰਗਠਨ ਸਿਰਜਣ ਅਭਿਆਨ ਤਹਿਤ ਮੀਟਿੰਗ ਕੀਤੀ ਜਿਸ ਦੀ ਅਗਵਾਈ ਸਾਬਕਾ ਵਿਧਾਇਕ ਰਜਿੰਦਰ ਸਿੰਘ ਨੇ ਕੀਤੀ। ਇਹ ਮੀਟਿੰਗ ਪਾਰਟੀ ਵਰਕਰ ਮੀਟਿੰਗ ਸੀ ਪ੍ਰੰਤੂ ਇਹ ਮੀਟਿੰਗ ਵੱਡੀ ਰੈਲੀ ਦਾ ਰੂਪ ਧਾਰਨ ਕਰ ਗਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਮਹੰਤ ਹਰਵਿੰਦਰ ਸਿੰਘ ਖਨੌੜਾ, ਨਗਰ ਕੌਂਸਲ ਸਮਾਣਾ ਤੇ ਸਾਬਕਾ ਪ੍ਰਧਾਨ ਯਸਪਾਲ ਸਿੰਗਲਾ, ਡਾਕਟਰ ਪ੍ਰੇਮਪਾਲ, ਜੀਵਨ ਗਰਗ,ਦੀਪੂ ਬਾਲੀ, ਸਾਹਿਲ ਸਾਂਦੜ, ਪੀ ਏ ਸਚਿਨ ਕੰਬੋਜ, ਪੀਏ ਮੇਜਰ ਸਿੰਘ, ਹਰਪ੍ਰੀਤ ਸਿੰਘ ਕੂਕਾ, ਰਤਨਪਾਲ ਸਿੰਘ ਚੀਮਾਂ,ਪਵਨ ਸ਼ਾਸਤਰੀ, ਰਿਸ਼ੂ ਕਰਹਾਲੀ,ਯਤਿਨ ਵਰਮਾ, ਯਸ਼ ਬੱਬੂ, ਕਰਨ ਗੁਪਤਾ, ਸੋਨੀ ਸਿੰਘ ਚੇਅਰਮੈਨ, ਭੁਪਿੰਦਰ ਸਿੰਘ ਰਾਜਲਾ, ਰਾਮ ਬਾਸਲ, ਸ਼ਿਵ ਕੁਮਾਰ ਘੱਗਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਹਾਜ਼ਰ ਸਨ। ਇਸ ਮੌਕੇ ਸਾਬਕਾ ਵਿਧਾਇਕ ਰਜਿੰਦਰ ਸਿੰਘ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਸਮਾਣੇ ਦੇ ਵਿਧਾਇਕ ਸਨ ਤਾਂ ਉਹਨਾਂ ਨੇ ਸਰਬ ਪੱਖੀ ਵਿਕਾਸ ਕਰਵਾਇਆ ਸੀ ਪ੍ਰੰਤੂ ਅੱਜ ਸੜਕਾਂ ਦਾ ਬੁਰਾ ਹਾਲ ਹੈ, ਵਪਾਰੀ ਮਜ਼ਦੂਰ ਵਰਗ ਸਰਕਾਰ ਤੋਂ ਤੰਗ ਆ ਚੁੱਕਾ ਹੈ।

ਇਸ ਲਈ ਸੰਗਠਨ ਸਿਰਜਣ ਅਭਿਆਨ ਤਹਿਤ ਜ਼ਿਲ੍ਹਾ ਪ੍ਰਧਾਨ ਵਧੀਆ ਚੁਣਿਆ ਜਾਵੇ। ਜੋ ਐਮ ਐਲ ਏ ਦੀ ਟਿਕਟ ਦਾ ਦਾਅਵੇਦਾਰ ਨਾ ਹੋਵੇ ਅਤੇ ਲੋਕਾਂ ਦੀ ਸੇਵਾ ਭਾਵਨਾ ਕਰਨ ਦਾ ਚਾਹਵਾਨ ਹੋਵੇ। ਇਸ ਮੌਕੇ ਅਬਜ਼ਰਵਰ ਮੈਡਮ ਮਨੀਸ਼ਾ ਪਵਾਰ ਨੇ ਕਿਹਾ ਕਿ ਉਹ ਵੱਖ-ਵੱਖ ਮੀਟਿੰਗਾਂ ਜ਼ਿਲ੍ਹੇ ਵਿੱਚ ਕਰ ਰਹੇ ਹਨ ।

## ਆਪ ਨੂੰ ਮੁੜ ਵੋਟਾਂ ਮੰਗਣ ਦਾ ਹੱਕ ਨਹੀਂ : ਜਗਰੂਪ ਜੂਪਾ

**ਬੱਧਨੀ ਕਲਾ (ਲਵਲੀ ਕੁਮਾਰ)**-ਜੇਕਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ



ਪੰਜਾਬ ਦੇ ਲੋਕਾਂ ਦਾ ਕੇਂਦਰ ਸਰਕਾਰ ਵੱਲ ਰੁਕੇ ਬਕਾਇਆ ਫ਼ੰਡ ਲਈ ਆਪਣੀ ਹਾਉਮੈ ਤੇ ਆਕੜ ਦਾ ਤਿਆਗ ਨਹੀਂ ਕਰ ਸਕਦੇ, ਫਿਰ ਆਮ ਆਦਮੀ ਪਾਰਟੀ ਨੂੰ ਲੋਕਾਂ ਦੀ ਕਚਹਿਰੀ ਵਿਚ ਜਾ ਕੇ ਵੋਟਾਂ ਮੰਗਣ ਦਾ ਕੋਈ ਹੱਕ ਨਹੀਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਮੋਗਾ ਯੂਥ ਕਾਂਗਰਸ ਦੇ ਸੀਨੀਅਰ ਵਾਇਸ ਪ੍ਰਧਾਨ ਤੇ ਨਗਰ ਪੰਚਾਇਤ ਨਿਹਾਲ ਸਿੰਘ ਵਾਲਾ ਕੌਂਸਲਰ ਜਗਰੂਪ ਸਿੰਘ ਜੂਪਾ ਨੇ ਕਰਦਿਆਂ ਕਿਹਾ ਕਿ ਸਟੇਜਾਂ ਉਪਰੋਂ ਆਪਣੇ ਭਾਸ਼ਣਾਂ ਰਾਹੀਂ ਫ਼ੰਡ ਰੋਕੇ ਜਾਣ ਦਾ ਢਿੰਡੋਰਾ ਜੋਰ ਸ਼ੋਰ ਨਾਲ ਪਿੱਟਿਆ ਜਾ ਰਿਹਾ ਹੈ ਪਰ ਫ਼ੰਡ ਲੈਣ ਲਈ ਗਰਦਨ 'ਚੋਂ ਕਿੱਲਾ ਨਹੀਂ ਕੱਢਿਆ ਜਾ ਰਿਹਾ। ਉਨ੍ਹਾਂ ਕਿਹਾ ਕਿ ਜੇਕਰ ਆਮ ਆਦਮੀ ਪਾਰਟੀ ਦੀ ਨਾਲਾਇਕੀ ਕਾਰਨ ਕੇਂਦਰ ਸਰਕਾਰ ਫੰਡ ਮੁਹੱਈਆ ਨਹੀਂ ਕਰਵਾ ਰਹੀ ਤਾਂ ਪੰਜਾਬ ਦੇ ਲੋਕ ਇਨ੍ਹਾਂ ਨੂੰ ਵੋਟਾਂ ਪਾ ਕੇ ਮੁੜ ਆਪਣੇ ਪੈਰੀਂ ਕੁਹਾੜਾ ਕਿਉਂ ਮਾਰਨਗੇ।

## ਸ਼ੈਲਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਦਾ ਸਨਮਾਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਮਾਰਕੀਟ ਕਮੇਟੀ ਦਫ਼ਤਰ ਵਿਖੇ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਮੋਹਿਤ ਕੁੰਦਰਾ ਅਤੇ ਸਮੂਹ ਆੜ੍ਹਤੀਆਂ ਵੱਲੋਂ ਸ਼ੈਲਰ ਐਸੋਸੀਏਸ਼ਨ ਦੇ ਨਵੇਂ ਅਹੁਦੇਦਾਰਾਂ ਦਾ ਸਨਮਾਨ ਕੀਤਾ ਗਿਆ। ਪ੍ਰਧਾਨ ਮੋਹਿਤ ਕੁੰਦਰਾ ਨੇ ਸ਼ੈਲਰ ਐਸੋਸੀਏਸ਼ਨ ਦੇ ਨਵ-ਨਿਯੁਕਤ ਚੇਅਰਮੈਨ ਹੁਸਨ ਲਾਲ ਮੜਕਨ, ਪ੍ਰਧਾਨ ਅਸ਼ੋਕ ਸੂਦ ਅਤੇ ਸਰਪ੍ਰਸਤ ਸਤੀਸ਼ ਮਿੱਤਲ ਨੂੰ ਦੋਸ਼ਾਲੇ ਭੇਟ ਕਰਕੇ ਸਨਮਾਨਤ ਕੀਤਾ। ਪ੍ਰਧਾਨ ਮੋਹਿਤ ਕੁੰਦਰਾ ਨੇ ਕਿਹਾ ਕਿ ਸ਼ੈਲਰ ਅਤੇ ਆੜ੍ਹਤੀ ਐਸੋਸੀਏਸ਼ਨਾਂ ਮਿਲ ਕੇ ਕੰਮ ਕਰਨਗੀਆਂ ਅਤੇ ਫਸਲਾਂ ਦੀ ਖਰੀਦ ਦੌਰਾਨ ਕਿਸਾਨਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ, ਸੁਸ਼ੀਲ ਲੂਥਰਾ, ਰਾਜੀਵ ਕੌਸ਼ਲ, ਸੰਤੋਖ ਸਿੰਘ ਬਾਜਵਾ, ਵਿੱਕੀ ਕੁੰਦਰਾ, ਸਾਬਕਾ ਸਰਪੰਚ ਹਰਵਿੰਦਰ ਸਿੰਘ ਸ਼ੇਰੀਆਂ, ਹੈਪੀ ਬਾਂਸਲ, ਸ਼ਸ਼ੀ ਭਾਟੀਆ, ਰਿਸ਼ਭ ਕੁਮਾਰ, ਬੌਬੀ ਖੋਸਲਾ, ਅਜੈ ਕੁਮਾਰ ਬਾਂਸਲ, ਜੈਦੀਪ ਕਾਹਲੋਂ, ਸੰਨੀ ਸੂਦ ਵੀ ਮੌਜੂਦ ਸਨ।

## ਲੰਗੇਆਣਾ ਖੁਰਦ ਵਿਖੇ ਨੌਜਵਾਨ ਭਾਰਤ ਸਭਾ ਕਮੇਟੀ ਦੀ ਚੋਣ



**ਮੋਗਾ (ਇਕਬਾਲ ਸਿੰਘ ਖਹਿਰਾ)**-ਨੌਜਵਾਨ ਭਾਰਤ ਸਭਾ ਵਲੋਂ ਪਿੰਡ ਲੰਗੇਆਣਾ ਖੁਰਦ ਵਿਖੇ ਨੌਜਵਾਨਾਂ ਦੀ ਚਲ ਰਹੀ ਮੈਂਬਰਸ਼ਿਪ ਮੁਕੰਮਲ ਹੋਣ ਉਪਰੰਤ 11 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ। ਜਿਸ ਵਿਚ ਜੀਵਨ ਸਿੰਘ ਨੂੰ ਪ੍ਰਧਾਨ, ਗੁਰਜੀਵਨ ਸਿੰਘ ਨੂੰ ਸਕੱਤਰ, ਜਗਦੀਪ ਸਿੰਘ ਨੂੰ ਮੀਤ ਪ੍ਰਧਾਨ, ਅਰਸ਼ਪ੍ਰੀਤ ਸਿੰਘ ਨੂੰ ਖਜ਼ਾਨਚੀ ਅਤੇ ਲਵਪ੍ਰੀਤ ਸਿੰਘ, ਗਗਨਦੀਪ ਸਿੰਘ, ਏਕਮਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਜਸਪਾਲ ਸਿੰਘ, ਵਿਸ਼ਵਦੀਪ ਸਿੰਘ, ਗੁਰਪ੍ਰੀਤ ਸਿੰਘ ਨੂੰ ਕਮੇਟੀ ਮੈਂਬਰ ਚੁਣਿਆ ਗਿਆ। ਇਹ ਚੋਣ ਨੌਜਵਾਨ ਭਾਰਤ ਸਭਾ ਦੇ ਸੂਬਾ ਮੀਤ ਪ੍ਰਧਾਨ ਕਰਮਜੀਤ ਮਾਣੂੰਕੇ, ਜਗਦੀਪ ਸਿੰਘ ਦੀ ਅਗਵਾਈ ਹੇਠ ਕੀਤੀ ਗਈ। ਉਨ੍ਹਾਂ ਸੰਬੋਧਨ ਕਰਦਿਆਂ ਦੱਸਿਆ ਕਿ ਨੌਜਵਾਨਾਂ ਸਾਹਮਣੇ ਬੇਰੁਜ਼ਗਾਰੀ ਦੀ ਵਿਕਰਾਲ ਸਮੱਸਿਆ ਹੈ। ਸਰਕਾਰੀ ਪੋਰਟਲ ਅਨੁਸਾਰ ਪੰਜਾਬ ਵਿੱਚ 22.12 ਲੱਖ ਨੌਜਵਾਨ ਬੇਰੁਜ਼ਗਾਰ ਹਨ। ਜਿਨ੍ਹਾਂ ਲਈ ਬੇਰੁਜ਼ਗਾਰੀ ਭੱਤੇ ਦਾ ਵੀ ਪ੍ਰਬੰਧ ਨਹੀਂ ਹੈ। ਇਸ ਤੋਂ ਸਤਾਏ ਨੌਜਵਾਨ ਗੈਂਗਵਾਰ, ਨਸ਼ਿਆਂ ਦਾ ਸ਼ਿਕਾਰ ਹਨ। ਰੁਜ਼ਗਾਰ ਦੀ ਤਲਾਸ਼ ਵਿਚ ਵਿਦੇਸ਼ਾਂ ਨੂੰ ਜਾ ਕੇ ਓਥੇ ਆਪਣਾ ਸ਼ੋਸ਼ਣ ਕਰਵਾ ਰਹੇ ਹਨ। ਅਰਬ ਦੇਸ਼ਾਂ ਵਿਚ ਨੌਜਵਾਨਾਂ ਦੀ ਹਾਲਤ ਬੰਧੂਆ ਮਜ਼ਦੂਰਾਂ ਵਾਲੀ ਹੈ। ਜਵਾਨੀ ਨੂੰ ਆਪਣੇ ਜੁਝਾਰੂ ਤੇ ਇਨਕਲਾਬੀ ਵਿਰਸੇ ਤੋਂ ਸੇਧ ਲੈ ਕੇ ਨੌਜਵਾਨ ਲਹਿਰ ਤਕੜੀ ਕਰਨ ਦੀ ਜ਼ਰੂਰਤ ਹੈ। ਆਸ ਹੈ ਕਿ ਚੁਣੀ ਗਈ ਕਮੇਟੀ ਨੌਜਵਾਨ ਭਾਰਤ ਸਭਾ ਨੂੰ ਪਿੰਡ ਵਿੱਚ ਮਜ਼ਬੂਤ ਕਰੇਗੀ, ਨੌਜਵਾਨਾਂ ਦੇ ਮੁੱਦਿਆ ਉਪਰ ਡਟ ਕੇ ਸੰਘਰਸ਼ ਕਰੇਗੀ। ਅਖੀਰ ਪਿੰਡ ਪ੍ਰਧਾਨ ਜੀਵਣ ਸਿੰਘ ਨੇ ਸਭ ਦਾ ਧੰਨਵਾਦ ਕੀਤਾ।

## ਮਾਤਾ ਦਾ ਮ੍ਰਿਤਕ ਸਰੀਰ ਮੈਡੀਕਲ ਖੋਜਾਂ ਲਈ ਦਾਨ ਕੀਤਾ



**ਪਾਤੜਾਂ ( ਨਿਸ਼ਾਨ ਸਿੰਘ ਬਣਵਾਲਾ)**-ਡੇਰਾ ਸੱਚਾ ਸੌਦਾ ਸਿਰਸਾ ਦੀ ਪ੍ਰੇਰਨਾ ਸਦਕਾ ਬਲਾਕ ਪਾਤੜਾਂ ਦੇ ਪਿੰਡ ਖਾਨੇਵਾਲ ਦੀ ਵਸਨੀਕ ਮਾਤਾ ਜਗਿੰਦਰੋ ਦੇਵੀ ਇੰਸਾਂ ਦਾ ਸਰੀਰ ਸ੍ਰੀ ਗੁਰੂ ਰਾਮ ਰਾਏ ਮੈਡੀਕਲ ਕਾਲਜ ਦੇਹਰਾਦੂਨ ਉਤਰਾਖੰਡ ਨੂੰ ਮੈਡੀਕਲ ਖੋਜਾਂ ਲਈ ਦਾਨ ਕੀਤਾ ਗਿਆ। ਪਿੰਡ ਖਾਨੇਵਾਲ ਦੀ ਪਹਿਲੀ ਸਰੀਰਦਾਨੀ ਹੋਣ ਦਾ ਮਾਣ ਪ੍ਰਾਪਤ ਕਰਨ ਵਾਲੀ ਮਾਤਾ ਜਗਿੰਦਰੋ ਦੇਵੀ ਲੰਮੇ ਸਮੇਂ ਤੋਂ ਡੇਰਾ ਸੱਚਾ ਸੌਦਾ ਨਾਲ ਜੁੜੇ ਹੋਏ ਸਨ।ਪਰਿਵਾਰਕ ਮੈਂਬਰਾਂ ਦੇ ਦੱਸਣ ਅਨੁਸਾਰ ਮਾਤਾ ਨੇ ਡੇਰਾ ਸੱਚਾ ਸੌਦਾ ਦੀਆਂ ਸਿੱਖਿਆਵਾਂ 'ਤੇ ਚਲਦੇ ਹੋਏ ਮਰਨ ਉਪਰੰਤ ਆਪਣਾ ਸਰੀਰ ਦਾਨ ਕਰਨ ਦਾ ਫਾਰਮ ਭਰਿਆ ਹੋਇਆ ਸੀ ਅਤੇ ਉਨ੍ਹਾਂ ਦੀ ਦਿਲੀ ਇੱਛਾ ਅਨੁਸਾਰ ਉਨ੍ਹਾਂ ਦੇ ਸਮੂਹ ਪਰਿਵਾਰ ਵੱਲੋਂ ਆਪਣੀ ਸਹਿਮਤੀ ਨਾਲ ਉਨ੍ਹਾਂ ਦਾ ਸਰੀਰ ਮੈਡੀਕਲ ਖੋਜਾਂ ਲਈ ਦਾਨ ਕੀਤਾ ਗਿਆ।ਇਸ ਮੌਕੇ ਮਾਤਾ ਜਗਿੰਦਰੋ ਦੇਵੀ ਇੰਸਾਂ ਦੀਆਂ ਧੀਆਂ ਅਤੇ ਨੂੰਹਾਂ ਵਲੋਂ ਉਨ੍ਹਾਂ ਦੀ ਅਰਥੀ ਨੂੰ ਮੋਢਾ ਦੇ ਕੇ ਅੰਤਿਮ ਵਿਦਾਇਗੀ ਦਿੱਤੀ ਗਈ। ਮ੍ਰਿਤਕ ਦੇਹ ਨੂੰ ਪਿੰਡ ਦੇ ਸਾਬਕਾ ਸਰਪੰਚ ਬਲਜੀਤ ਸਿੰਘ ਬੱਲੀ ਵਲੋਂ ਹਰੀ ਝੰਡੀ ਦਿਖਾ ਕੇ ਮੈਡੀਕਲ ਖੋਜਾਂ ਲਈ ਰਵਾਨਾ ਕੀਤਾ ਗਿਆ। ਮ੍ਰਿਤਕ ਦੇਹ ਦੀ ਅੰਤਿਮ ਰਵਾਨਗੀ ਮੌਕੇ ਸੱਚੇ ਨਿਮਰ ਸੇਵਾਦਾਰ ਪੰਜਾਬ ਜਗਤਾਰ ਇੰਸਾਂ , ਨਿਰਭੈ ਇੰਸਾਂ, ਸੁੱਖਾ ਇੰਸਾਂ , ਭੈਣ ਗੁਰਜੀਤ ਇੰਸਾਂ ਅਤੇ ਭੈਣ ਕੋਮਲ ਇੰਸਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਾਹ ਸਤਿਨਾਮ ਜੀ ਗ੍ਰੀਨ ਐਸ ਵੈਲਫੇਅਰ ਕਮੇਟੀ ਦੇ ਸੇਵਾਦਾਰ ਅਤੇ ਸਾਧ ਸੰਗਤ ਹਾਜ਼ਰ ਸੀ।

## ਹਾਰਵਰਡ ਕਾਨਵੈਂਟ ਸਕੂਲ 'ਚ ਮਨਾਇਆ ਗਿਆ ਪੰਜਾਬੀ ਦਿਵਸ



**ਬਾਘਾਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿੱਚ ਪੰਜਾਬੀ ਦਿਵਸ ਮਨਾਇਆ ਗਿਆ। ਇਸ ਸਮੇਂ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਅਤੇ ਡਾਇਰੈਕਟਰ ਇੰਜੀਨੀਅਰ ਜਗਦੀਪ ਸਿੰਘ ਬਰਾੜ ਨੇ ਬੱਚਿਆਂ ਅਤੇ ਅਧਿਆਪਕਾਂ ਨੂੰ ਪੰਜਾਬੀ ਦਿਵਸ ਦੀ ਵਧਾਈ ਦਿੱਤੀ। ਸਕੂਲ ਦੇ ਵਿਦਿਆਰਥੀਆਂ ਨੇ ਪੰਜਾਬੀ ਦਿਵਸ ਨਾਲ ਸੰਬੰਧਿਤ ਭਿੰਨ ਭਿੰਨ ਪ੍ਰਕਾਰ ਦੇ ਚਾਰਟ ਬਣਾਏ।ਇਸ ਸਮੇਂ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬੀ ਸਾਡੀ ਮਾਂ ਬੋਲੀ ਹੈ।ਇਹ ਗੁਰੂਆਂ ਪੀਰਾਂ ਦੁਆਰਾ ਦਿੱਤੀ ਹੋਈ ਸਾਨੂੰ ਇੱਕ ਅਣਮੁੱਲੀ ਬਖਸ਼ਿਸ਼ ਹੈ।ਸਾਨੂੰ ਇਸ ਦੀ ਅਹਿਮੀਅਤ ਨੂੰ ਸਮਝਣਾ ਪਵੇਗਾ।ਭਾਵੇਂ ਕਿ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਹੋਇਆਂ ਸਾਨੂੰ ਦੂਜੀਆਂ ਬੋਲੀਆਂ ਵੀ ਸਿੱਖਣੀਆਂ ਪੈਂਦੀਆਂ ਹਨ, ਪਰ ਸਾਨੂੰ ਆਪਣੇ ਮਾਂ ਬੋਲੀ ਨਹੀਂ ਭੁੱਲਣੀ ਚਾਹੀਦੀ।

## ਏ ਡੀ ਸੀ ਢਿੱਲੋਂ ਤੇ ਹਨੀ ਫੱਤਣਵਾਲਾ ਨੇ ਕੀਤਾ ਏ.ਯੂ ਸਮਾਲ ਬੈਂਕ ਦੀ ਨਵੀਂ ਬਣੀ ਬਰਾਂਚ ਦਾ ਉਦਘਾਟਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸਥਾਨਕ ਕੋਟਕਪੂਰਾ ਰੋਡ ਵਿਖੇ ਏ.ਯੂ ਸਮਾਲ ਬੈਂਕ ਦੀ ਨਵੀਂ ਖੁੱਲੀ ਬਰਾਂਚ ਦਾ ਉਦਘਾਟਨ ਕੀਤਾ ਗਿਆ।ਉਕਤ ਨਵੀਂ ਖੁੱਲੀ ਬਰਾਂਚ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਏ.ਡੀ.ਸੀ (ਵਿਕਾਸ) ਸੁਰਿੰਦਰ ਸਿੰਘ ਢਿੱਲੋਂ ਵੱਲੋਂ ਕੀਤਾ ਗਿਆ। ਉਦਘਾਟਨ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਣਵਾਲਾ ਵੱਲੋਂ ਤੇ ਏ.ਡੀ.ਸੀ ਸੁਰਿੰਦਰ ਸਿੰਘ ਢਿੱਲੋਂ ਵੱਲੋਂ ਮੋਮਬੱਤੀ ਜਗਾ ਕੇ ਸਮਾਗਮ ਦੀ ਸ਼ੁਰੂਆਤ ਕੀਤੀ ਗਈ।ਉਦਘਾਟਨ ਮੌਕੇ ਵਿਨੈ ਸਿੰਗਲਾ ਕਲਸਟਰ ਹੈਡ, ਵਿਨਕਲ ਉਪਨੇਜਾ ਬਰਾਂਚ ਮੈਨੇਜਰ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ ਤੇ ਬੈਂਕ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਪੱਖੀ ਸਕੀਮਾਂ ਸਬੰਧੀ ਜਾਣੂ ਕਰਵਾਇਆ ਗਿਆ।ਇਸ ਮੌਕੇ ਰਾਹੁਲ ਚੁੱਘ, ਸੰਕੇਤ ਗਿਲਹੋਤਰਾ, ਰਣਜੀਤ ਸਿੰਘ ਭੁੱਟੀਵਾਲਾ, ਅਸ਼ੋਕ ਚੁੱਘ, ਸੁਰਿੰਦਰ ਕੰਬੋਜ ਤੋਂ ਇਲਾਵਾ ਬੈਂਕ ਦਾ ਸਟਾਫ ਤੇ ਇਲਾਕੇ ਦੇ ਪਤਵੰਤੇ ਹਾਜਰ ਸਨ।

## ਹਰਦੀਪ ਦੌਲਤਪੁਰ ਨੇ ਜ਼ਿਲ੍ਹਾ ਪ੍ਰਧਾਨ ਲਈ ਆਪਣਾ ਦਾਅਵਾ ਠੋਕਿਆ



**ਧੂਰੀ, (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਅਤੇ ਪ੍ਰਦੇਸ਼ ਕਾਂਗਰਸ ਦੇ ਡੈਲੀਗੇਟ ਮੈਂਬਰ ਹਰਦੀਪ ਸਿੰਘ ਦੌਲਤਪੁਰ ਨੇ ਜਿਲ੍ਹਾ ਪ੍ਰਧਾਨ ਦੇ ਪਦ ਲਈ ਆਪਣੀ ਉਮੀਦਵਾਰੀ ਪੇਸ਼ ਕਰ ਦਿੱਤੀ ਹੈ। ਇਸ ਸਬੰਧੀ ਉਹਨਾਂ ਨੇ ਸੰਗਠਨ ਸਿਰਜਣ ਪ੍ਰੋਗਰਾਮ ਤਹਿਤ ਸਾਬਕਾ ਮੰਤਰੀ ਅਤੇ ਆਲ ਇੰਡੀਆ ਕਾਂਗਰਸ ਦੇ ਨਿਗਰਾਨ ਜਗਦੀਸ਼ ਚੰਦਰ ਜਾਗੜ ਕੋਲ ਆਪਣੀ ਫਾਈਲ ਜਮ੍ਹਾਂ ਕਰਵਾਈ ਹੈ। ਦਾਅਵਾ ਕਰਨ ਵਾਲੇ ਹਰਦੀਪ ਸਿੰਘ ਦੌਲਤਪੁਰ ਨੇ ਜ਼ੋਰ ਦਿੱਤਾ ਹੈ ਕਿ ਉਹ ਦਿਨ-ਰਾਤ ਇੱਕ ਕਰਕੇ ਕਾਂਗਰਸ ਪਾਰਟੀ ਨੂੰ ਮਜਬੂਤ ਕਰਨ ਲਈ ਕੰਮ ਕਰ ਰਹੇ ਹਨ।ਹਰਦੀਪ ਦੌਲਤਪੁਰ ਹਲਕਾ ਧੂਰੀ ਤੋਂ ਕਾਂਗਰਸ ਪਾਰਟੀ ਦੀ ਟਿਕਟ ਲਈ ਸਖ਼ਤ ਮੁਕਾਬਲੇ ਵਾਲੇ ਦਾਅਵੇਦਾਰਾਂ ਵਿੱਚ ਸ਼ਾਮਿਲ ਹਨ। ਦੱਸਣਯੋਗ ਹੈ ਕਿ ਹਰਦੀਪ ਸਿੰਘ ਦੌਲਤਪੁਰ ਨੇ ਆਮ ਆਦਮੀ ਪਾਰਟੀ ਵੱਲੋਂ ਲਿਆਂਦੀ ਗਈ ਲੈਂਡ ਪੂਲਿੰਗ ਨੀਤੀ ਦੇ ਵਿਰੋਧ ਵਿੱਚ ਹਲਕਾ ਧੂਰੀ ਵਿੱਚ ਕਰੀਬ ਇੱਕ ਹਜ਼ਾਰ ਟਰੈਕਟਰਾਂ ਨਾਲ ਟਰੈਕਟਰ ਮਾਰਚ ਕੀਤਾ ਸੀ।ਹਾਲ ਹੀ ਵਿੱਚ ਹੋਈ ਹੜ੍ਹਾਂ ਦੀ ਕੁਦਰਤੀ ਆਫ਼ਤ ਦੌਰਾਨ ਹਰਦੀਪ ਸਿੰਘ ਦੌਲਤਪੁਰ ਨੇ ਹਲਕੇ ਵਿੱਚੋਂ 15 ਟਰਾਲੀਆਂ ਰਸਦ ਅਤੇ ਹਰਾ ਚਾਰਾ ਇਕੱਠੇ ਕਰਕੇ ਹੜ੍ਹ ਪੀੜਤ ਇਲਾਕਿਆਂ ਵਿੱਚ ਵੰਡੀ।

24-SEP-PAGE-3.qxd 9/23/2025 9:19 PM Page 1

ਬੁੱਧਵਾਰ, 24 ਸਤੰਬਰ, 2025
9 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 114

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 24 SEPTEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in



## ਕੋਲਕਾਤਾ ਡੁੱਬ ਗਿਆ, ਕਰੰਟ ਨਾਲ 8 ਮੌਤਾਂ, ਮਮਤਾ ਨੇ ਨਿੱਜੀ ਬਿਜਲੀ ਕੰਪਨੀ ਨੂੰ ਕੋਸਿਆ

**ਕੋਲਕਾਤਾ** : ਰਾਤ ਭਰ ਪਏ ਮੀਂਹ ਮਗਰੋਂ ਹੜ੍ਹਾਂ ਵਾਲੇ ਹਾਲਾਤ ਕਰਕੇ ਮੰਗਲਵਾਰ ਨੂੰ ਕੋਲਕਾਤਾ 'ਚ ਆਮ ਜ਼ਿੰਦਗੀ ਲੀਹੋਂ ਲੱਥ ਗਈ। ਰੋਜ਼ਮਰ੍ਹਾ ਦੀਆਂ ਸਰਗਰਮੀਆਂ ਠੱਪ ਹੋ ਕੇ ਰਹਿ ਗਈਆਂ। ਘੱਟੋ-ਘੱਟ 8 ਲੋਕਾਂ ਦੀ ਕਰੰਟ ਨਾਲ ਮੌਤ ਹੋ ਗਈ।

ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸਥਿਤੀ ਨੂੰ ਭਿਆਨਕ ਦੱਸਦਿਆਂ ਫਰੱਕਾ ਬੰਨ੍ਹ ਦੀ ਮਾੜੀ ਡਰੇਨਿੰਗ ਅਤੇ ਨਿੱਜੀ ਬਿਜਲੀ ਕੰਪਨੀ ਕਲਕੱਤਾ ਇਲੈਕਟ੍ਰੀਸਿਟੀ ਸਪਲਾਈ ਕਾਰਪੋਰੇਸ਼ਨ (ਸੀ ਈ ਐੱਸ ਸੀ) ਦੀਆਂ ਖਾਮੀਆਂ 'ਤੇ ਨਿਰਾਸ਼ਾ ਜ਼ਾਹਰ ਕੀਤੀ। ਉਨ੍ਹਾ ਕਿਹਾ ਕਿ ਨਿੱਜੀ ਕੰਪਨੀ ਬਿਜ਼ਨੈੱਸ ਇੱਥੇ ਕਰਦੀ ਹੈ ਤੇ ਆਪਣੀਆਂ ਰਾਜਸਥਾਨ ਵਿਚਲੀਆਂ ਸਹੂਲਤਾਂ ਦਾ ਆਧੁਨਿਕੀਕਰਨ ਕਰ ਰਹੀ ਹੈ। ਉਸ ਨੂੰ ਕਈ ਵਾਰ ਕਹਿਣ ਦੇ ਬਾਵਜੂਦ ਉਸ ਨੇ ਧਿਆਨ ਨਹੀਂ ਦਿੱਤਾ। ਜਿਹੜੇ ਲੋਕ ਮਰੇ ਹਨ, ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਕੰਪਨੀ ਨੌਕਰੀਆਂ ਦੇਵੇ। ਉਨ੍ਹਾ ਇਹ ਵੀ ਕਿਹਾ ਕਿ ਸੰਕਟ ਦੀ ਇਸ ਘੜੀ ਵਾਰ-ਵਾਰ ਸੰਪਰਕ ਕਰਨ 'ਤੇ ਵੀ ਕੰਪਨੀ ਦੇ ਅਧਿਕਾਰੀ ਨਹੀਂ ਮਿਲੇ। ਮੁੱਖ ਮੰਤਰੀ ਨੇ ਨਿੱਜੀ ਖੇਤਰ ਦੇ ਮੁਲਾਜ਼ਮਾਂ ਨੂੰ ਕਿਹਾ ਹੈ ਕਿ ਉਹ ਅਗਲੇ ਦੋ ਦਿਨ ਘਰਾਂ ਤੋਂ ਕੰਮ ਕਰਨ, ਕਿਉਂਕਿ ਪਤਾ ਨਹੀਂ ਕਿੱਥੇ ਬਿਜਲੀ ਦੀ ਤਾਰ ਨੰਗੀ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਪਟੜੀਆਂ 'ਤੇ ਪਾਣੀ ਭਰਨ ਕਾਰਨ ਸ਼ਹਿਰ ਅਤੇ ਉਪਨਗਰਾਂ ਵਿੱਚ ਰੇਲ ਅਤੇ ਮੈਟਰੋ ਰੇਲਵੇ ਸੇਵਾਵਾਂ ਵਿੱਚ ਵਿਘਨ ਪਿਆ। ਅੱਧੀ ਰਾਤ ਤੋਂ ਸ਼ੁਰੂ ਹੋਏ ਮੀਂਹ ਤੋਂ ਬਾਅਦ ਸੜਕਾਂ ਪਾਣੀ ਵਿੱਚ ਡੁੱਬ ਜਾਣ ਕਾਰਨ ਸ਼ਹਿਰ ਦੇ ਕਈ ਘਰਾਂ ਅਤੇ ਰਿਹਾਇਸ਼ੀ ਕੰਪਲੈਕਸਾਂ ਵਿੱਚ ਪਾਣੀ ਦਾਖਲ ਹੋ ਗਿਆ। ਪੂਰਬੀ ਰੇਲਵੇ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਪਟੜੀਆਂ 'ਤੇ ਪਾਣੀ ਭਰਨ ਕਾਰਨ ਸਿਆਲਦਾਹ ਦੱਖਣੀ ਹਿੱਸੇ ਵਿੱਚ ਰੇਲ ਆਵਾਜਾਈ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਕੋਲਕਾਤਾ ਨਗਰ ਨਿਗਮ ਨੇ ਕਿਹਾ ਕਿ ਸ਼ਹਿਰ ਦੇ ਦੱਖਣੀ ਅਤੇ ਪੂਰਬੀ ਹਿੱਸਿਆਂ ਵਿੱਚ ਵੱਧ ਮੀਂਹ ਪਿਆ। ਕੁਝ ਘੰਟਿਆਂ ਵਿੱਚ ਹੀ ਗਰੀਆ ਕਾਮਦਹਰੀ ਵਿੱਚ 332 ਮਿਲੀਮੀਟਰ ਤੇ ਜੋਧਪੁਰ ਪਾਰਕ ਵਿੱਚ 285 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ। ਕਾਲੀਘਾਟ ਵਿੱਚ 280 ਮਿਲੀਮੀਟਰ, ਟੋਪਸੀਆ ਵਿੱਚ 275 ਮਿਲੀਮੀਟਰ, ਬਾਲੀਗੰਜ ਵਿੱਚ 264 ਮਿਲੀਮੀਟਰ, ਜਦੋਂ ਕਿ ਉੱਤਰੀ ਕੋਲਕਾਤਾ ਦੇ ਥੰਟਾਨੀਆ ਵਿੱਚ 195 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ। ਇਸ ਤੋਂ 37 ਸਾਲ ਪਹਿਲਾਂ 24 ਅਗਸਤ 1988 ਨੂੰ ਕੋਲਕਾਤਾ ਵਿੱਚ 253 ਮਿਲੀਮੀਟਰ ਮੀਂਹ ਰਿਕਾਰਡ ਕੀਤਾ ਗਿਆ ਸੀ।

ਮੌਸਮ ਵਿਭਾਗ ਨੇ ਕਿਹਾ ਕਿ ਬੁੱਧਵਾਰ ਤੱਕ ਦੱਖਣੀ ਬੰਗਾਲ ਦੇ ਪੂਰਬੀ ਅਤੇ ਪੱਛਮੀ ਮੇਦਨੀਪੁਰ, ਦੱਖਣੀ 24 ਪਰਗਨਾ, ਝਾਰਗ੍ਰਾਮ ਅਤੇ ਬਾਂਕੁਰਾ ਜ਼ਿਲ੍ਹਿਆਂ ਵਿੱਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ।

## ਅੱਧੀ ਤਾਕਤ ਨਾਲ ਕੰਮ ਕਰਦੀਆਂ ਹਾਈ ਕੋਰਟਾਂ ਤੋਂ ਫੁਰਤੀ ਦੀ ਆਸ ਨਹੀਂ ਕਰ ਸਕਦੇ : ਸੁਪਰੀਮ ਕੋਰਟ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮੰਗਲਵਾਰ ਕਿਹਾ ਕਿ ਹਾਈ ਕੋਰਟਾਂ ਉਸ ਦੀ ਨਿਗਰਾਨੀ ਕੰਟਰੋਲ (ਸੁਪਰਵਾਈਜ਼ਰੀ ਕੰਟਰੋਲ) ਹੇਠ ਨਹੀਂ ਹਨ ਅਤੇ ਜੇ ਉਹ ਅੱਧੀ ਤਾਕਤ (ਘੱਟ ਜੱਜਾਂ) ਨਾਲ ਕੰਮ ਕਰ ਰਹੀਆਂ ਹਨ, ਤਾਂ ਉਨ੍ਹਾਂ ਤੋਂ ਸਾਰੇ ਮਾਮਲਿਆਂ ਨੂੰ ਤੇਜ਼ੀ ਨਾਲ ਨਿਬੇੜਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੀ ਬੈਂਚ ਨੇ ਇਹ ਟਿੱਪਣੀ ਕਰਦਿਆਂ ਇਲਾਹਾਬਾਦ ਹਾਈ ਕੋਰਟ ਨੂੰ ਇੱਕ ਅਪੀਲ ਦਾ ਜਲਦੀ ਨਿਪਟਾਰਾ ਕਰਨ ਦਾ ਨਿਰਦੇਸ਼ ਦੇਣ ਦੀ ਮੰਗ ਕਰਨ ਵਾਲੀ ਇੱਕ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ।

ਪਟੀਸ਼ਨਰ ਦੇ ਵਕੀਲ ਨੇ ਕਿਹਾ ਕਿ ਇਹ ਮਾਮਲਾ 13 ਸਾਲਾਂ ਤੋਂ ਵੱਧ ਸਮੇਂ ਤੋਂ ਹਾਈ ਕੋਰਟ ਵਿੱਚ ਪੈਂਡਿੰਗ ਹੈ। ਜਸਟਿਸ ਨਾਥ ਨੇ ਕਿਹਾ, 'ਹਾਈ ਕੋਰਟਾਂ ਇਸ ਅਦਾਲਤ ਦੇ ਨਿਗਰਾਨੀ ਕੰਟਰੋਲ ਹੇਠ ਨਹੀਂ ਹਨ।' ਵਕੀਲ ਨੇ ਕਿਹਾ ਕਿ ਪਟੀਸ਼ਨਰ ਮਾਮਲੇ ਦੇ ਜਲਦੀ ਨਿਪਟਾਰੇ ਲਈ ਪਹਿਲਾਂ ਹੀ ਹਾਈ ਕੋਰਟ ਵਿੱਚ ਦੋ ਅਰਜ਼ੀਆਂ ਦੇ ਚੁੱਕਾ ਹੈ। ਬੈਂਚ ਨੇ ਕਿਹਾ, 'ਅਰਜ਼ੀਆਂ ਦਿੰਦੇ ਰਹੋ।' ਬੈਂਚ ਨੇ ਅੱਗੇ ਕਿਹਾ, 'ਜੇਕਰ ਹਾਈ ਕੋਰਟਾਂ ਅੱਧੀ ਤਾਕਤ ਨਾਲ ਕੰਮ ਕਰ ਰਹੀਆਂ ਹਨ, ਤਾਂ ਤੁਸੀਂ ਉਨ੍ਹਾਂ ਤੋਂ ਕਿਵੇਂ ਉਮੀਦ ਕਰ ਸਕਦੇ ਹੋ ਕਿ ਉਹ ਸਾਰੇ ਮਾਮਲਿਆਂ ਦਾ ਓਨੀ ਜਲਦੀ ਨਿਪਟਾਰਾ ਕਰਨ, ਜਿੰਨਾ ਤੁਸੀਂ ਚਾਹੁੰਦੇ ਹੋ? ਇਸ ਤੋਂ ਪੁਰਾਣੇ ਮਾਮਲੇ ਵੀ ਪੈਂਡਿੰਗ ਹਨ। ਜਾਓ ਅਤੇ ਬੇਨਤੀ ਕਰੋ।' ਪਟੀਸ਼ਨ ਦੀ ਜਾਂਚ ਕਰਨ ਤੋਂ ਇਨਕਾਰ ਕਰਦਿਆਂ ਬੈਂਚ ਨੇ ਪਟੀਸ਼ਨਰ ਨੂੰ ਪੈਂਡਿੰਗ ਮਾਮਲੇ ਦੀ ਜਲਦੀ ਸੂਚੀਬੱਧਤਾ ਅਤੇ ਨਿਪਟਾਰੇ ਲਈ ਹਾਈ ਕੋਰਟ ਵਿੱਚ ਇੱਕ ਅਰਜ਼ੀ ਦੇਣ ਦੀ ਇਜਾਜ਼ਤ ਦਿੱਤੀ। ਬੈਂਚ ਨੇ ਕਿਹਾ ਕਿ ਅਜਿਹੀ ਅਰਜ਼ੀ ਦਾਖਲ ਕਰਨ ਉਪਰੰਤ ਉਸ 'ਤੇ ਉਸ ਅਨੁਸਾਰ ਵਿਚਾਰ ਕੀਤਾ ਜਾਵੇਗਾ।

ਜਸਟਿਸ ਨਾਥ ਨੇ ਵਕੀਲ ਨੂੰ ਦੱਸਿਆ ਕਿ ਉਨ੍ਹਾ ਇੱਕ ਵਕੀਲ ਵਜੋਂ ਆਪਣੇ ਦਿਨਾਂ ਦੌਰਾਨ ਇਲਾਹਾਬਾਦ ਹਾਈ ਕੋਰਟ ਵਿੱਚ ਕਈ ਸਾਲ ਅਭਿਆਸ ਕੀਤਾ ਸੀ ਅਤੇ ਉਹ ਜਾਣਦੇ ਹਨ ਕਿ ਮਾਮਲਿਆਂ ਨੂੰ ਸੂਚੀਬੱਧ ਕਰਵਾਉਣ ਲਈ ਕਿੰਨੀ ਕੋਸ਼ਿਸ਼ ਕਰਨੀ ਪੈਂਦੀ ਸੀ। ਜਸਟਿਸ ਨਾਥ ਨੇ ਕਿਹਾ, 'ਦੋ ਅਰਜ਼ੀਆਂ ਕੁਝ ਵੀ ਨਹੀਂ ਹਨ। ਤੁਹਾਨੂੰ ਆਪਣੇ ਮਾਮਲੇ ਨੂੰ ਸੂਚੀਬੱਧ ਕਰਵਾਉਣ ਲਈ ਸੈਂਕੜੇ ਅਰਜ਼ੀਆਂ ਦਾਖਲ ਕਰਨੀਆਂ ਪੈ ਸਕਦੀਆਂ ਹਨ।'

ਕਾਨੂੰਨ ਮੰਤਰਾਲੇ ਦੀ ਵੈੱਬਸਾਈਟ 'ਤੇ ਉਪਲੱਬਧ ਅੰਕੜਿਆਂ ਅਨੁਸਾਰ ਹਾਈ ਕੋਰਟਾਂ ਵਿੱਚ ਜੱਜਾਂ ਦੀ ਮਨਜ਼ੂਰਸ਼ੁਦਾ ਗਿਣਤੀ 1,122 ਹੈ, ਪਰ 1 ਸਤੰਬਰ ਤੱਕ ਉਹ 792 ਜੱਜਾਂ ਨਾਲ ਕੰਮ ਕਰ ਰਹੀਆਂ ਹਨ, ਜਦੋਂ ਕਿ 330 ਅਸਾਮੀਆਂ ਖਾਲੀ ਹਨ।

## ਸਤੇਂਦਰ ਜੈਨ ਦੀਆਂ 7.44 ਕਰੋੜ ਦੀਆਂ ਜਾਇਦਾਦਾਂ ਜ਼ਬਤ

**ਨਵੀਂ ਦਿੱਲੀ** : ਈ ਡੀ ਨੇ ਦਿੱਲੀ ਦੇ ਸਾਬਕਾ ਮੰਤਰੀ ਅਤੇ 'ਆਪ' ਆਗੂ ਸਤੇਂਦਰ ਕੁਮਾਰ ਜੈਨ ਵਲੋਂ ਕਥਿਤ ਤੌਰ 'ਤੇ ਨਿਯੰਤਰਤ ਕੰਪਨੀਆਂ ਨਾਲ ਜੁੜੀਆਂ 7.44 ਕਰੋੜ ਰੁਪਏ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਹਨ। ਇਹ ਕਾਰਵਾਈ 15 ਸਤੰਬਰ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ ਤਹਿਤ ਕੀਤੀ ਗਈ। ਈ ਡੀ ਨੇ ਜੈਨ 'ਤੇ ਮੰਤਰੀ ਵਜੋਂ ਫਰਵਰੀ 2015 ਤੋਂ ਮਈ 2017 ਦਰਮਿਆਨ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦਾ ਦੋਸ਼ ਲਾਇਆ ਹੈ। ਈ ਡੀ ਨੇ ਮਾਰਚ 2022 ਵਿੱਚ ਪਹਿਲਾਂ ਇਸ ਕੇਸ ਵਿੱਚ 4.81 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਸੀ।

## ਝੋਨੇ ਦੀ ਨਿਰਵਿਘਨ ਖ਼ਰੀਦ ਬਰਕਰਾਰ ਰੱਖਾਂਗੇ : ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪਿਛਲੇ ਤਿੰਨ ਸਾਲਾਂ ਦੌਰਾਨ ਕਿਸਾਨਾਂ ਨੂੰ ਫ਼ਸਲ ਵੇਚਣ ਵਿੱਚ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਾ ਆਉਣ ਦੇਣ ਦਾ ਦਾਅਵਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਕਿਹਾ ਕਿ ਪਿਛਲੇ ਸਾਲਾਂ ਵਾਂਗ ਇਸ ਸਾਲ ਵੀ ਸੂਬਾ ਸਰਕਾਰ ਪੰਜਾਬ ਵਿੱਚ ਸੁਚਾਰੂ ਤੇ ਸਮਾਂਬੱਧ ਖ਼ਰੀਦ ਦਾ ਇਤਿਹਾਸ ਦੁਹਰਾਏਗੀ।



ਇੱਥੇ ਮੀਟਿੰਗ ਦੌਰਾਨ ਸੂਬੇ ਵਿੱਚ ਚੱਲ ਰਹੇ ਖ਼ਰੀਦ ਕਾਰਜਾਂ ਦੀ ਸਮੀਖਿਆ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਕ ਪਾਸੇ ਝੋਨੇ ਦੀ ਸੁਚਾਰੂ ਤੇ ਫੌਰੀ ਖ਼ਰੀਦ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਹਰੇਕ ਹੰਭਲਾ ਮਾਰ ਰਹੀ ਹੈ, ਉੱਥੇ ਦੂਜੇ ਪਾਸੇ ਕਿਸਾਨਾਂ ਨੂੰ ਸਮੇਂ ਸਿਰ ਅਦਾਇਗੀ ਕੀਤੀ ਜਾ ਰਹੀ ਹੈ। ਉਨ੍ਹਾ ਸਪੱਸ਼ਟ ਤੌਰ ਉੱਤੇ ਆਖਿਆ ਕਿ ਸੂਬੇ ਦੇ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਲਈ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਹੀਂ ਆਉਣੀ ਚਾਹੀਦੀ। ਮਾਨ ਨੇ ਕਿਹਾ ਕਿ ਝੋਨੇ ਦੀ ਖ਼ਰੀਦ 15 ਸਤੰਬਰ ਤੋਂ ਸ਼ੁਰੂ ਹੈ ਅਤੇ 175 ਲੱਖ ਮੀਟਰਿਕ ਟਨ ਝੋਨੇ ਦੀ ਖ਼ਰੀਦ ਲਈ ਪਹਿਲਾਂ ਹੀ ਵਿਆਪਕ ਪ੍ਰਬੰਧ ਕੀਤੇ ਗਏ ਹਨ। ਉਨ੍ਹਾ ਚੇਤਾਵਨੀ ਦਿੱਤੀ ਕਿ ਜੇ ਕਿਸੇ ਕਿਸਾਨ ਨੂੰ ਦਿੱਕਤ ਦਾ ਸਾਹਮਣਾ ਕਰਨਾ ਪਿਆ ਤਾਂ ਸੰਬੰਧਤ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾ ਸੂਬਾਈ ਖ਼ਰੀਦ ਏਜੰਸੀਆਂ ਨੂੰ ਹਦਾਇਤ ਕੀਤੀ ਕਿ ਮੌਜੂਦਾ ਸੀਜ਼ਨ ਵਿੱਚ ਝੋਨੇ ਦੀ ਖ਼ਰੀਦ ਲਈ ਪੂਰੀ ਤਰ੍ਹਾਂ ਮੁਸਤੈਦ

• ਬਾਕੀ ਸਫਾ 10 'ਤੇ

## ਡੇਰਾ ਬਿਆਸ ਮੁਖੀ ਜੇਲ੍ਹ 'ਚ ਮਜੀਠੀਆ ਨੂੰ ਮਿਲੇ



**ਨਾਭਾ** : ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਨੇ ਮੰਗਲਵਾਰ ਨਾਭਾ ਜੇਲ੍ਹ ਵਿੱਚ ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਕਰੀਬ ਅੱਧਾ ਘੰਟਾ ਮੁਲਾਕਾਤ ਕੀਤੀ। ਮੁਲਾਕਾਤ ਮਗਰੋਂ ਡੇਰਾ ਮੁਖੀ ਜੇਲ੍ਹ ਦੇ ਬਾਹਰ ਇਕੱਤਰ ਲੋਕਾਂ ਨੂੰ ਵੀ ਮਿਲੇ। ਮਜੀਠੀਆ ਨੂੰ ਮਿਲਣ ਮਗਰੋਂ ਡੇਰਾ ਬਿਆਸ ਮੁਖੀ ਨਾਭਾ ਦੇ ਸ਼ਾਹੀ ਪਰਵਾਰ ਦੇ ਵਾਰਸਾਂ ਨੂੰ ਮਿਲਣ ਲਈ ਹੀਰਾ ਮਹਿਲ ਵੀ ਗਏ। ਜ਼ਿਕਰਯੋਗ ਹੈ ਕਿ ਜੇਲ੍ਹ ਪ੍ਰਸ਼ਾਸਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੂੰ ਅਜੇ ਤੱਕ ਬਿਕਰਮ ਸਿੰਘ ਮਜੀਠੀਆ ਨੂੰ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ। ਬੀਤੇ ਦਿਨਾਂ ਵਿੱਚ ਦਲਜੀਤ ਸਿੰਘ ਚੀਮਾ, ਸਿਕੰਦਰ ਸਿੰਘ ਮਲੂਕਾ, ਮਹੇਸ਼ ਇੰਦਰ ਗਰੇਵਾਲ, ਵਿਰਸਾ ਸਿੰਘ ਵਲਟੋਹਾ ਆਦਿ ਆਗੂਆਂ ਨੂੰ ਇਹ ਕਹਿ ਕੇ ਜੇਲ੍ਹ ਦੇ ਬਾਹਰੋਂ ਮੋੜ ਦਿੱਤਾ ਗਿਆ ਕਿ ਸਿਰਫ ਰਿਸ਼ਤੇਦਾਰ ਹੀ ਮਿਲ ਸਕਦੇ ਹਨ।

## ਰਜਿਸਟਰੇਸ਼ਨ ਲਈ ਲੰਮੀਆਂ ਲਾਈਨਾਂ



**ਚੰਡੀਗੜ੍ਹ** : 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਬੀਮੇ ਲਈ ਮੰਗਲਵਾਰ ਤੋਂ ਰਜਿਸਟਰੇਸ਼ਨ ਸ਼ੁਰੂ ਹੋ ਗਈ। ਪਾਇਲਟ ਪ੍ਰਾਜੈਕਟ ਵਜੋਂ ਤਰਨ ਤਾਰਨ ਅਤੇ ਬਰਨਾਲਾ ਵਿੱਚ ਕੈਂਪ ਲਗਾਏ ਗਏ। ਇਨ੍ਹਾਂ ਕੈਂਪਾਂ ਵਿਚ ਰਜਿਸਟਰੇਸ਼ਨ ਕਰਵਾਉਣ ਲਈ ਲੰਮੀਆਂ ਲਾਈਨਾਂ ਲੱਗ ਗਈਆਂ। ਸਿਹਤ ਬੀਮਾ ਯੋਜਨਾ ਤਹਿਤ ਪੰਜਾਬ ਦੇ ਹਰੇਕ ਪਰਵਾਰ ਨੂੰ 10 ਲੱਖ ਰੁਪਏ ਸਾਲਾਨਾ ਮੁਫਤ ਇਲਾਜ ਮਿਲੇਗਾ। ਜਲਦੀ ਹੀ ਸੂਬੇ ਦੇ ਹੋਰਨਾਂ ਜ਼ਿਲ੍ਹਿਆਂ ਵਿੱਚ ਰਜਿਸਟਰੇਸ਼ਨ ਕੀਤੀ ਜਾਵੇਗੀ।

## ਯੂਥ ਕਾਂਗਰਸੀ ਆਗੂ ਦੇ ਭਰਾ ਦੀ ਹੱਤਿਆ



**ਲੁਧਿਆਣਾ** : ਸਾਹਨੇਵਾਲ ਦੇ ਪਿੰਡ ਨੰਦਪੁਰ ਵਿੱਚ ਯੂਥ ਕਾਂਗਰਸੀ ਆਗੂ ਅਨੁਜ ਕੁਮਾਰ ਦੇ ਭਰਾ ਅਮਿਤ ਕੁਮਾਰ ਦੀ ਸੋਮਵਾਰ ਦੇਰ ਰਾਤ ਸ਼ਰਾਬ ਦੇ ਅਹਾਤੇ ਵਿੱਚ ਹੱਤਿਆ ਕਰ ਦਿੱਤੀ ਗਈ। ਮੋਟਰਸਾਈਕਲ 'ਤੇ ਆਏ ਤਿੰਨ ਜਣੇ ਅਹਾਤੇ ਦੇ ਅੰਦਰ ਵੜੇ ਤੇ ਅਮਿਤ ਕੁਮਾਰ ਨੂੰ ਗੋਲੀ ਮਾਰ ਕੇ ਫਰਾਰ ਹੋ ਗਏ। ਪੁਲਸ ਦੇ ਮੌਕੇ 'ਤੇ ਪੁੱਜਣ ਤੋਂ ਪਹਿਲਾਂ ਹੀ ਲੋਕਾਂ ਨੇ ਅਮਿਤ ਕੁਮਾਰ ਨੂੰ ਐੱਸ ਪੀ ਐੱਸ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਥਾਣਾ ਸਾਹਨੇਵਾਲ ਦੇ ਐੱਸ ਐੱਚ ਓ ਗੁਰਮੁਖ ਸਿੰਘ ਦੀ ਅਗਵਾਈ ਹੇਠ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਸੀ। ਅਨੁਜ ਕੁਮਾਰ ਨੇ ਦੱਸਿਆ ਕਿ ਅਮਿਤ ਨੰਦਪੁਰ ਸੂਏ ਦੇ ਨੇੜੇ ਸ਼ਰਾਬ ਦੇ ਠੇਕੇ 'ਤੇ ਅਹਾਤਾ ਚਲਾਉਂਦਾ ਸੀ। ਉਹ ਦੇਰ ਰਾਤ ਵੀ ਉਥੇ ਹੀ ਬੈਠਾ ਹੋਇਆ ਸੀ। ਕਾਤਲ ਸਾਮਾਨ ਲੈਣ ਦੇ ਬਹਾਨੇ ਅਹਾਤੇ ਵਿੱਚ ਦਾਖਲ ਹੋਏ। ਉਨ੍ਹਾਂ ਦਾ ਅਮਿਤ ਨਾਲ ਝਗੜਾ ਹੋਇਆ। ਇਸ ਤੋਂ ਬਾਅਦ ਤਿੰਨਾਂ ਵਿੱਚੋਂ ਇੱਕ ਨੇ ਪਿਸਤੌਲ ਕੱਢੀ ਤੇ ਅਮਿਤ ਨੂੰ ਗੋਲੀ ਮਾਰ ਦਿੱਤੀ। ਗੋਲੀ ਅਮਿਤ ਦੀ ਛਾਤੀ ਵਿੱਚ ਲੱਗੀ ਤੇ ਉਹ ਮੌਕੇ 'ਤੇ ਹੀ ਡਿੱਗ ਗਿਆ।

## ਸ਼ਾਹਰੁਖ, ਮੈਸੀ ਤੇ ਰਾਣੀ ਸਨਮਾਨਤ



**ਨਵੀਂ ਦਿੱਲੀ** : ਇੱਥੋਂ ਦੇ ਵਿਗਿਆਨ ਭਵਨ ਵਿੱਚ ਕੌਮੀ ਐਵਾਰਡ ਸਮਾਗਮ ਦੌਰਾਨ ਸਰਵੋਤਮ ਅਦਾਕਾਰ ਦਾ ਖਿਤਾਬ ਸ਼ਾਹਰੁਖ ਖਾਨ ਤੇ ਵਿਕਰਾਂਤ ਮੈਸੀ ਨੂੰ ਦਿੱਤਾ ਗਿਆ ਜਦਕਿ ਸਰਵੋਤਮ ਅਦਾਕਾਰਾ ਦਾ ਖਿਤਾਬ ਅਦਾਕਾਰਾ ਰਾਣੀ ਮੁਖਰਜੀ ਨੂੰ ਦਿੱਤਾ ਗਿਆ। ਸ਼ਾਹਰੁਖ ਖਾਨ ਨੂੰ ਇਹ ਐਵਾਰਡ ਫਿਲਮ 'ਜਵਾਨ', ਵਿਕਰਾਂਤ ਮੈਸੀ ਨੂੰ ਫਿਲਮ '12ਵੀਂ ਫੇਲ੍ਹ' ਤੇ ਰਾਣੀ ਮੁਖਰਜੀ ਨੂੰ ਫਿਲਮ 'ਮਿਸਜ਼ ਚੈਟਰਜੀ ਵਰਸਿਜ਼ ਨਾਰਵੇ' ਲਈ ਦਿੱਤਾ ਗਿਆ। ਇਹ ਐਵਾਰਡ ਰਾਸ਼ਟਰਪਤੀ ਦਰੋਪਦੀ ਮੁਰਮੂ ਵਲੋਂ ਦਿੱਤੇ ਗਏ।

## ਅਦਾਲਤਾਂ ਨੂੰ ਰਿਕਵਰੀ ਏਜੰਟ ਨਾ ਬਣਨ ਦੀ ਨਸੀਹਤ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਅਦਾਲਤਾਂ ਨੂੰ ਰਿਕਵਰੀ ਏਜੰਟ ਵਜੋਂ ਕੰਮ ਕਰਨ ਤੋਂ ਸਖਤੀ ਨਾਲ ਮਨਾਹੀ ਕੀਤੀ ਹੈ। ਉਸ ਨੇ ਕਿਹਾ ਕਿ ਸਿਵਲ ਮਾਮਲਿਆਂ ਨੂੰ ਅਪਰਾਧਕ ਮਾਮਲਿਆਂ ਵਿੱਚ ਬਦਲਣ ਦੀ ਪ੍ਰਕਿਰਿਆ ਨੂੰ ਘੱਟ ਕੀਤਾ ਜਾਣਾ ਚਾਹੀਦਾ ਹੈ। ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਐੱਨ ਕੋਟੀਸ਼ਵਰ ਸਿੰਘ ਦੀ ਬੈਂਚ ਨੇ ਇੱਕ ਕੇਸ ਦੀ ਸੁਣਵਾਈ ਦੌਰਾਨ ਕਿਹਾ ਕਿ ਪੈਸੇ ਦੀ ਵਸੂਲੀ ਲਈ ਕਿਸੇ ਨੂੰ ਗ੍ਰਿਫਤਾਰ ਕਰਨਾ ਅੱਜਕੱਲ੍ਹ ਆਮ ਹੋ ਗਿਆ ਹੈ। ਬਹੁਤ ਸਾਰੇ ਲੋਕ ਪੈਸੇ ਦੀ ਵਸੂਲੀ ਲਈ ਅਪਰਾਧਕ ਮਾਮਲੇ ਦਾਇਰ ਕਰਦੇ ਹਨ, ਭਾਵੇਂ ਇਹ ਇੱਕ ਦੀਵਾਨੀ ਮਾਮਲਾ ਹੈ। ਸੁਪਰੀਮ ਕੋਰਟ ਨੇ ਇਹ ਸੁਣਵਾਈ ਯੂ ਪੀ ਵਿੱਚ ਵਧ ਰਹੇ ਅਪਰਾਧਕ ਮਾਮਲਿਆਂ ਦੇ ਸੰਦਰਭ ਵਿੱਚ ਕੀਤੀ। ਇੱਕ ਮਾਮਲੇ ਵਿੱਚ ਪੈਸੇ ਦੀ ਵਸੂਲੀ ਲਈ ਇੱਕ ਵਿਅਕਤੀ ਵਿਰੁੱਧ ਅਗਵਾ ਦਾ ਕੇਸ ਦਾਇਰ ਕੀਤਾ ਗਿਆ ਸੀ। ਸੁਣਵਾਈ ਦੌਰਾਨ ਐਡੀਸ਼ਨਲ ਸਾਲਿਸਟਰ ਜਨਰਲ ਕੇ ਐੱਮ ਨਟਰਾਜ ਨੇ ਯੂ ਪੀ ਸਰਕਾਰ ਦਾ ਪੱਖ ਪੇਸ਼ ਕਰਦਿਆਂ ਕਿਹਾ ਕਿ ਪੁਲਸ ਅਜਿਹੇ ਮਾਮਲਿਆਂ ਵਿੱਚ ਵਿਚਕਾਰ ਫਸ ਜਾਂਦੀ ਹੈ। ਜੇਕਰ ਪੁਲਸ ਕਿਸੇ ਦੀਵਾਨੀ ਮਾਮਲੇ

• ਬਾਕੀ ਸਫਾ 10 'ਤੇ

## ਆਰਤੀ ਕਰਦਿਆਂ ਕਰੰਟ ਨਾਲ ਮੌਤ

**ਕੌਸ਼ਾਂਬੀ (ਯੂਪੀ)** : ਮੁਹੰਮਦਪੁਰ ਪੇਸਾ ਥਾਣਾ ਖੇਤਰ ਦੇ ਭੈਰਾਮਪੁਰ ਪਿੰਡ ਵਿੱਚ ਸੋਮਵਾਰ ਰਾਤ ਦੁਰਗਾ ਪੂਜਾ ਪੰਡਾਲ ਵਿੱਚ ਮਾਈਕ੍ਰੋਫੋਨ ਤੋਂ ਬਿਜਲੀ ਦਾ ਕਰੰਟ ਲੱਗਣ ਨਾਲ ਇੱਕ 26 ਸਾਲਾ ਵਿਅਕਤੀ ਦੀ ਮੌਤ ਹੋ ਗਈ। ਉਮੇਸ਼ ਕੁਮਾਰ ਅਤੇ ਅਜੈ ਕੁਮਾਰ ਵੱਖ-ਵੱਖ ਮਾਈਕ੍ਰੋਫ਼ੋਨਾਂ ਦੀ ਵਰਤੋਂ ਕਰਕੇ 'ਆਰਤੀ' ਵਿੱਚ ਗਾ ਰਹੇ ਸਨ, ਜਦੋਂ ਦੋਵਾਂ ਨੂੰ ਅਚਾਨਕ ਬਿਜਲੀ ਦਾ ਕਰੰਟ ਲੱਗ ਗਿਆ। ਉਮੇਸ਼ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਅਜੈ ਨੂੰ ਝਟਕਾ ਲੱਗਿਆ।

## 30540 ਨਸ਼ਾ ਤਸਕਰ ਫੜੇ

**ਚੰਡੀਗੜ੍ਹ** : ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ ਦੇ ਹਿੱਸੇ ਵਜੋਂ ਪਿਛਲੇ 205 ਦਿਨਾਂ ਵਿੱਚ 30,540 ਨਸ਼ਾ ਤਸਕਰ ਗ੍ਰਿਫਤਾਰ ਕੀਤੇ ਗਏ ਹਨ। ਇਹ ਜਾਣਕਾਰੀ ਮੰਗਲਵਾਰ ਅਧਿਕਾਰੀਆਂ ਨੇ ਦਿੱਤੀ।

## ਮੁਹਾਲੀ-ਰਾਜਪੁਰਾ ਰੇਲ ਲਿੰਕ ਸ਼ੁਰੂ ਕਰਨ ਦਾ ਐਲਾਨ

**ਨਵੀਂ ਦਿੱਲੀ** : ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਉਨ੍ਹਾ ਦੇ ਡਿਪਟੀ ਰਵਨੀਤ ਸਿੰਘ ਬਿੱਟੂ ਨੇ ਮੋਹਾਲੀ-ਰਾਜਪੁਰਾ ਰੇਲ ਲਿੰਕ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ, ਜਿਸ ਦੀ ਮੰਗ ਪਿਛਲੇ 50 ਸਾਲਾਂ ਤੋਂ ਕੀਤੀ ਜਾ ਰਹੀ ਸੀ। ਉਨ੍ਹਾ ਫਿਰੋਜ਼ਪੁਰ-ਨਵੀਂ ਦਿੱਲੀ ਵੰਦੇ ਭਾਰਤ ਸ਼ੁਰੂ ਕਰਨ ਦਾ ਵੀ ਐਲਾਨ ਕੀਤਾ। ਇਹ ਟਰੇਨ ਬੁੱਧਵਾਰ ਨੂੰ ਛੱਡ ਕੇ ਹਫਤੇ ਭਰ ਚੱਲੇਗੀ। ਮੋਹਾਲੀ-ਰਾਜਪੁਰਾ ਲਿੰਕ ਚੰਡੀਗੜ੍ਹ ਨੂੰ ਮਾਲਵਾ ਖੇਤਰ ਦੇ ਰਾਜਪੁਰਾ, ਪਟਿਆਲਾ, ਸੰਗਰੂਰ ਸਮੇਤ ਹੋਰਾਂ ਨਾਲ ਜੋੜੇਗਾ। ਫਿਰੋਜ਼ਪੁਰ ਤੋਂ ਨਵੀਂ ਦਿੱਲੀ ਤੱਕ ਵੰਦੇ ਭਾਰਤ ਪੂਰੇ ਮਾਲਵਾ ਨੂੰ ਦਿੱਲੀ ਨਾਲ ਜੋੜੇਗੀ। ਇਹ ਵੰਦੇ ਭਾਰਤ ਫਿਰੋਜ਼ਪੁਰ ਤੋਂ ਬਠਿੰਡਾ, ਧੂਰੀ, ਪਟਿਆਲਾ, ਅੰਬਾਲਾ, ਨਵੀਂ ਦਿੱਲੀ ਤੱਕ ਚੱਲੇਗੀ।

ਵੈਸ਼ਨਵ ਨੇ ਕਿਹਾ ਕਿ ਸਿਧਾਂਤਕ ਤੌਰ 'ਤੇ ਮਨਜ਼ੂਰ ਕੀਤੇ ਗਏ ਪ੍ਰਸਤਾਵਾਂ ਨੂੰ ਕੈਬਨਿਟ ਦੀ ਪ੍ਰਵਾਨਗੀ ਲਈ ਭੇਜਿਆ ਜਾਵੇਗਾ। ਮੁਹਾਲੀ-ਰਾਜਪੁਰਾ ਲਿੰਕ ਲਈ ਰੇਲਵੇ ਨੂੰ 54 ਹੈਕਟੇਅਰ ਜ਼ਮੀਨ ਦੀ ਲੋੜ ਹੈ, ਜੋ ਪੰਜਾਬ ਸਰਕਾਰ ਐਕੁਆਇਰ ਕਰਕੇ ਕੇਂਦਰ ਨੂੰ ਦੇਵੇਗੀ। ਵੈਸ਼ਨਵ ਨੇ ਕਿਹਾ ਕਿ ਪੰਜਾਬ ਨਾਲ ਸੰਬੰਧਤ ਹੋਰ ਪ੍ਰਾਜੈਕਟਾਂ ਵਿੱਚ ਚੰਡੀਗੜ੍ਹ ਰੇਲਵੇ ਸਟੇਸ਼ਨ ਦਾ ਪੁਨਰ ਵਿਕਾਸ ਵੀ ਸ਼ਾਮਲ ਹੈ। ਉਨ੍ਹਾ ਕਿਹਾ ਕਿ ਚੰਡੀਗੜ੍ਹ ਰੇਲਵੇ ਸਟੇਸ਼ਨ ਦੀ ਦਿੱਖ ਬਦਲਣ ਦਾ ਕੰਮ 2026-27 ਤੱਕ ਪੂਰਾ ਹੋ ਜਾਵੇਗਾ।

## ਉਮਰਾਂ 'ਚ ਕੀ ਰੱਖਿਆ...

**ਤਿਰੂਅਨੰਤਪੁਰਮ** : ਕੇਰਲਾ ਦੀ 70 ਸਾਲਾ ਲੀਲਾ ਜੋਸ ਨੇ ਹਾਲ ਹੀ ਵਿੱਚ ਡੁਬਈ ਵਿੱਚ 13 ਹਜ਼ਾਰ ਫੁੱਟ ਦੀ ਉਚਾਈ ਤੋਂ ਛਾਲ ਮਾਰ ਕੇ ਸਾਬਤ ਕੀਤਾ ਕਿ 'ਉਮਰਾਂ 'ਚ ਕੀ ਰੱਖਿਆ, ਦਿਲ ਹੋਣਾ ਚਾਹੀਦੈ ਜਵਾਨ'। ਲੀਲਾ ਆਪਣੇ ਜਾਣਕਾਰਾਂ ਨਾਲ ਅਕਸਰ ਸਕਾਈਡਾਈਵਿੰਗ ਬਾਰੇ ਮਜ਼ਾਕ ਕਰਦੀ ਸੀ ਤੇ ਬਹੁਤੇ ਕਹਿੰਦੇ ਸਨ ਕਿ ਉਸ ਦਾ ਇਹ ਸੁਫਨਾ ਪੂਰਾ ਹੋਣ ਵਾਲਾ ਨਹੀਂ, ਪਰ ਉਹ ਪਿਛਲੇ ਮਹੀਨੇ ਡੁਬਈ ਵਿੱਚ ਆਪਣੇ ਬੇਟੇ ਅਨੀਸ਼ ਨੂੰ ਮਿਲਣ ਗਈ ਤਾਂ ਸੁਫਨਾ ਸਾਕਾਰ ਕਰਨ ਦਾ ਫੈਸਲਾ ਕੀਤਾ। ਸ਼ੁਰੂ ਵਿੱਚ ਬੇਟੇ ਨੇ ਕਿਹਾ ਕਿ 'ਛੱਡੋ ਮਾਤਾ ਜੀ, ਤੁਹਾਥੋਂ ਇਹ ਨਹੀਂ ਹੋਣਾ।' ਓੜਕ ਉਸ ਨੇ ਮਹਿਸੂਸ ਕੀਤਾ ਕਿ ਮਾਤਾ ਟਲਣ ਵਾਲੀ ਨਹੀਂ। ਉਹ ਇੱਕ ਸਕਾਈਡਾਈਵਿੰਗ ਟੀਮ ਕੋਲ ਗਿਆ। ਟੀਮ ਦੇ ਅਮਲੇ ਨੇ ਸੋਚਿਆ ਕਿ ਅਨੀਸ਼ ਨੇ ਹਵਾ ਵਿੱਚੋਂ ਛਾਲ ਮਾਰਨੀ ਹੈ, ਪਰ ਉਹ ਹੈਰਾਨ ਰਹਿ ਗਏ, ਜਦੋਂ ਪਤਾ ਲੱਗਾ ਕਿ ਲੀਲਾ ਨੇ ਮਾਰਨੀ ਹੈ। ਆਪਣਾ ਸੁਫਨਾ ਸਾਕਾਰ ਕਰਨ ਵਾਲੀ ਲੀਲਾ ਨੇ ਕਿਹਾ ਕਿ ਉਹ ਗ੍ਰਹਿਣੀ ਹੈ ਤੇ ਉਸ ਦੇ ਮਰਹੂਮ ਪਤੀ ਸਾਬਕਾ ਬੈਂਕ ਅਫਸਰ ਬਹੁਤ ਵਧੀਆ ਇਨਸਾਨ ਸਨ, ਜਿਨ੍ਹਾ ਕੁਝ ਨਵਾਂ ਕਰਨ ਲਈ ਉਸ ਨੂੰ ਹਮੇਸ਼ਾ ਉਤਸ਼ਾਹਤ ਕੀਤਾ। ਦੋ ਬੇਟਿਆਂ ਦੀ ਮਾਂ ਤੇ ਦੋ ਪੋਤਿਆਂ ਦੀ ਦਾਦੀ ਨੇ ਕਿਹਾ ਕਿ ਉਸ ਨੇ ਸਭ ਕੁਝ ਹਾਸਲ ਕਰ ਲਿਆ ਹੈ, ਬਾਕੀ ਜ਼ਿੰਦਗੀ ਬੋਨਸ ਹੀ ਹੈ। ਇਸ ਨੂੰ ਉਹ ਬਿਨਾਂ ਡਰ ਦੇ ਮਾਣਨਾ ਚਾਹੁੰਦੀ ਹੈ। ਜੇ ਪੁਲਾੜ ਵਿੱਚ ਜਾਣ ਦਾ ਮੌਕਾ ਮਿਲੇ ਤਾਂ ਉਹ ਤਿਆਰ ਰਹੇਗੀ।



## ਪਾਕਿਸਤਾਨੀ ਜਹਾਜ਼ਾਂ 'ਤੇ ਪਾਬੰਦੀ ਵਧਾਈ

**ਨਵੀਂ ਦਿੱਲੀ** : ਭਾਰਤ ਨੇ ਪਾਕਿਸਤਾਨੀ ਨਾਗਰਿਕ ਅਤੇ ਫੌਜੀ ਜਹਾਜ਼ਾਂ ਲਈ ਆਪਣੇ ਹਵਾਈ ਖੇਤਰ ਦੀ ਪਾਬੰਦੀ ਨੂੰ 24 ਅਕਤੂਬਰ ਤੱਕ ਵਧਾ ਦਿੱਤਾ ਹੈ। ਪਾਕਿਸਤਾਨ ਨੇ ਵੀ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਅਪਰੈਲ ਤੋਂ ਆਪਣੇ ਹਵਾਈ ਖੇਤਰ ਨੂੰ ਭਾਰਤੀ ਜਹਾਜ਼ਾਂ ਲਈ ਬੰਦ ਕਰ ਰੱਖਿਆ ਹੈ। 23 ਸਤੰਬਰ ਨੂੰ ਜਾਰੀ ਕੀਤੇ ਗਏ ਨੋਟਿਸ ਅਨੁਸਾਰ ਭਾਰਤੀ ਹਵਾਈ ਖੇਤਰ ਪਾਕਿਸਤਾਨ 'ਚ ਰਜਿਸਟਰਡ ਜਹਾਜ਼ਾਂ ਤੇ ਪਾਕਿਸਤਾਨੀ ਏਅਰਲਾਈਨਾਂ ਜਾਂ ਆਪਰੇਟਰਾਂ ਦੁਆਰਾ ਚਲਾਏ ਜਾਂ ਮਲਕੀਅਤ ਵਾਲੇ ਜਾਂ ਲੀਜ਼ 'ਤੇ ਲਏ ਗਏ ਜਹਾਜ਼ਾਂ ਲਈ ਉਪਲਬਧ ਨਹੀਂ ਹੋਵੇਗਾ, ਜਿਸ ਵਿੱਚ ਫੌਜੀ ਉਡਾਣਾਂ ਵੀ ਸ਼ਾਮਲ ਹਨ।

## ਅੱਜ-ਨਾਮਾ

ਚਸਕਾ ਬੱਲੇ ਦਾ ਪਿਆ ਕਈ ਆਗੂਆਂ ਨੂੰ,
ਦਾਗਦੇ ਰਹਿੰਦੇ ਉਹ ਬੜਾ ਬਿਆਨ ਬੇਲੀ।
ਸਮਾਜੀ ਗੱਲਾਂ ਦਾ ਕੋਈ ਬਿਆਨ ਦਾਗਣ,
ਵਿੱਚੋਂ ਹੈ ਝਲਕਦਾ ਗੂੜ੍ਹ-ਗਿਆਨ ਬੇਲੀ।
ਕਹੇ ਲਫਜ਼ਾਂ 'ਤੇ ਆਪ ਨਾ ਅਮਲ ਕਰਦੇ,
ਫੋਕਾ ਕਰੀ ਜਾਣ ਐਵੇਂ ਵਖਿਆਨ ਬੇਲੀ।
ਜਾਣਦੇ ਲੋਕੀਂ ਔਕਾਤ ਹਨ ਆਗੂਆਂ ਦੀ,
ਦੇਣ ਨਾ ਬਿਆਨ ਦੇ ਵੱਲ ਧਿਆਨ ਬੇਲੀ।
ਕਦੇ ਤਾਂ ਪੈਂਤੜੇ ਉੱਤੇ ਕੋਈ ਟਿਕੇ ਆਗੂ,
ਜਿਹੜਾ ਕਹਿਣ ਆ ਲੋਕ ਮਿਸਾਲ ਬੇਲੀ।
ਏਥੇ ਚੰਗਾ ਵੀ ਜਦੋਂ ਕੋਈ ਆਏ ਮੂਹਰੇ,
ਹੁੰਦਾ ਉਹਦਾ ਵੀ ਓਹੀ ਆ ਹਾਲ ਬੇਲੀ।

-ਤੀਸ ਮਾਰ ਖਾਂ

## ਅਰੋੜਾ ਵੱਲੋਂ ਪੇਡਾ ਨੂੰ ਜੰਗੀ ਪੱਧਰ 'ਤੇ ਡਿਵੈੱਲਪਰਾਂ ਦੇ ਮੁੱਦੇ ਹੱਲ ਕਰਨ ਦੇ ਨਿਰਦੇਸ਼




**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਵਿੱਚ ਨਿਵੇਸ਼ਕਾਂ ਦੇ ਭਰੋਸੇ ਨੂੰ ਵਧਾਉਣ ਅਤੇ ਨਵਿਆਉਣਯੋਗ ਊਰਜਾ ਪ੍ਰਾਜੈਕਟਾਂ ਦੇ ਕੰਮਾਂ ਨੂੰ ਹੋਰ ਸੁਚਾਰੂ ਬਣਾ ਕੇ ਨਿਵੇਸ਼ ਨੂੰ ਆਕਰਸ਼ਿਤ ਕਰਨ ਦੇ ਮਨਸ਼ੇ ਨਾਲ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਸੂਬੇ ਵਿੱਚ ਨਵਿਆਉਣਯੋਗ ਊਰਜਾ ਸਬੰਧੀ ਪ੍ਰਾਜੈਕਟਾਂ ਲਗਾਉਣ ਵਾਲੇ ਡਿਵੈੱਲਪਰਾਂ ਨੂੰ ਉਤਸ਼ਾਹਤ ਕਰਨ ਅਤੇ ਉਨ੍ਹਾਂ ਦੀ ਮਦਦ ਲਈ ਕਈ ਅਹਿਮ ਪਹਿਲਕਦਮੀਆਂ ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ ਹੈ। ਇਸ ਸਬੰਧੀ ਫ਼ੈਸਲੇ ਮੰਗਲਵਾਰ ਪੇਡਾ ਕੰਪਲੈਕਸ ਵਿਖੇ ਨਵਿਆਉਣਯੋਗ ਊਰਜਾ ਡਿਵੈੱਲਪਰਾਂ ਦੀ ਮੀਟਿੰਗ ਦੌਰਾਨ ਲਏ ਗਏ। ਡਿਵੈੱਲਪਰਾਂ ਵੱਲੋਂ ਉਠਾਏ ਮੁੱਦਿਆਂ ਦਾ ਹੱਲ ਕਰਦਿਆਂ ਅਮਨ

• ਬਾਕੀ ਸਫਾ 10 'ਤੇ

## ਉਦਯੋਗਪਤੀਆਂ ਨੇ 'ਮੁੱਖ ਮੰਤਰੀ ਰੰਗਲਾ ਪੰਜਾਬ ਫੰਡ' ਲਈ 6 ਕਰੋੜ ਦੇ ਚੈੱਕ ਸੌਂਪੇ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**



ਸੰਜੀਵ ਅਰੋੜਾ

ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਦੱਸਿਆ ਕਿ ਪੰਜਾਬ ਵਿੱਚ 2,300 ਪਿੰਡ ਭਿਆਨਕ ਹੜ੍ਹਾਂ ਦੀ ਮਾਰ ਹੇਠ ਆਏ ਹਨ, ਜਿਸ ਨਾਲ 20 ਲੱਖ ਤੋਂ ਵੱਧ ਆਬਾਦੀ ਪ੍ਰਭਾਵਤ ਹੋਈ ਅਤੇ ਪੰਜ ਲੱਖ ਏਕੜ ਰਕਬੇ 'ਚ ਖੜ੍ਹੀਆਂ ਫ਼ਸਲਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਉਨ੍ਹਾ ਕਿਹਾ ਕਿ ਇਸ ਦੇ ਨਾਲ ਹੀ ਹੜ੍ਹਾਂ ਕਾਰਨ 56 ਲੋਕਾਂ ਨੂੰ ਆਪਣੀ ਜਾਨ ਗੁਆਉਣੀ ਪਈ ਅਤੇ ਲਗਭਗ ਸੱਤ ਲੱਖ ਲੋਕ ਬੇਘਰ ਹੋ ਗਏ ਹਨ। ਇਸ ਤੋਂ ਇਲਾਵਾ 3,200 ਸਰਕਾਰੀ ਸਕੂਲ ਨੁਕਸਾਨੇ ਗਏ ਹਨ, 19 ਕਾਲਜ ਮਲਬੇ ਵਿੱਚ ਤਬਦੀਲ ਹੋਏ ਹਨ, 1,400 ਕਲੀਨਿਕਾਂ ਅਤੇ ਹਸਪਤਾਲਾਂ ਦਾ ਵੱਡਾ ਨੁਕਸਾਨ ਹੋਇਆ, 8,500 ਕਿਲੋਮੀਟਰ ਸੜਕਾਂ ਤਬਾਹ ਹੋ ਗਈਆਂ ਹਨ ਅਤੇ 2,500 ਪੁਲ ਢਹਿ ਗਏ ਹਨ। ਕੁੱਲ ਨੁਕਸਾਨ ਦਾ ਅਨੁਮਾਨ ਲਗਭਗ 14,000 ਕਰੋੜ ਰੁਪਏ ਬਣਦਾ ਹੈ, ਪਰ ਅਸਲ ਅੰਕੜੇ ਇਸ ਤੋਂ ਵੀ ਵੱਧ ਹੋ ਸਕਦੇ ਹਨ। ਮੀਡੀਆ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਉਦਯੋਗਪਤੀਆਂ ਨੇ ਕੁਦਰਤੀ ਆਫ਼ਤ ਦੀ ਇਸ ਘੜੀ ਵਿੱਚ ਪੰਜਾਬੀਆਂ ਦੇ ਮੁੜ ਵਸੇਬੇ ਲਈ ਆਪਣਾ ਵਿਸ਼ੇਸ਼ ਸਮਰਥਨ ਦਿੱਤਾ ਹੈ ਅਤੇ ਪੰਜਾਬ ਦੇ ਹੜ੍ਹ ਪ੍ਰਭਾਵਤ ਲੋਕਾਂ ਲਈ ਮੁੱਖ ਮੰਤਰੀ ਰੰਗਲਾ ਪੰਜਾਬ ਫੰਡ ਵਿੱਚ ਖੁੱਲ੍ਹੇ ਦਿਲ ਨਾਲ ਯੋਗਦਾਨ ਪਾਇਆ ਹੈ। ਇਸ ਪਹਿਲਕਦਮੀ ਵਿੱਚ ਕੈਬਨਿਟ ਮੰਤਰੀ ਨੇ ਖੁਦ ਹੜ੍ਹ ਪ੍ਰਭਾਵਤ ਲੋਕਾਂ ਦੀ ਰਾਹਤ

• ਬਾਕੀ ਸਫਾ 10 'ਤੇ

## ਚੀਮਾ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਕਰਮਚਾਰੀਆਂ ਨੂੰ ਸਮੇਂ ਸਿਰ ਪੈਨਸ਼ਨ ਦੇਣ ਦੇ ਆਦੇਸ਼



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਰਾਜ ਦੀਆਂ ਜ਼ਿਲ੍ਹਾ ਪ੍ਰੀਸ਼ਦਾਂ ਤੇ ਪੰਚਾਇਤ ਸੰਮਤੀਆਂ ਦੇ ਸੇਵਾਮੁਕਤ ਕਰਮਚਾਰੀਆਂ ਦੀ ਵਿੱਤੀ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਮੰਗਲਵਾਰ ਇਥੇ ਐਲਾਨ ਕੀਤਾ ਕਿ ਇਨ੍ਹਾਂ ਕਰਮਚਾਰੀਆਂ ਲਈ ਪੈਨਸ਼ਨ ਹਰ ਮਹੀਨੇ ਦੀ 10 ਤਰੀਕ ਤੋਂ ਪਹਿਲਾਂ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਪਾਈ ਜਾਵੇਗੀ। ਇਸ ਕਦਮ ਨਾਲ 3,000 ਤੋਂ ਵੱਧ ਪੈਨਸ਼ਨਰਾਂ ਨੂੰ ਲਾਭ ਹੋਣ ਦੀ ਉਮੀਦ ਹੈ, ਜਿਸ ਨਾਲ ਉਨ੍ਹਾਂ ਨੂੰ ਸਮੇਂ ਸਿਰ ਅਤੇ ਅਨੁਮਾਨਤ ਢੰਗ ਨਾਲ ਉਨ੍ਹਾਂ ਦੇ ਬਕਾਏ ਮਿਲਣਗੇ। ਇਨ੍ਹਾਂ ਕਰਮਚਾਰੀਆਂ ਦਾ ਹਿੱਤ ਵਿੱਚ ਇੱਕ ਹੋਰ ਕਦਮ ਚੁੱਕਦੇ ਹੋਏ,

• ਬਾਕੀ ਸਫਾ 10 'ਤੇ

24-Sep-PAGE-4.qxd 9/23/2025 10:57 PM Page 1

ਨਵਾਂ ਜ਼ਮਾਨਾ
ਬੁੱਧਵਾਰ 24 ਸਤੰਬਰ 2025

# ਸ਼ੁੱਭ ਸੰਕੇਤ

ਅਪਰਾਧਕ ਮਾਣਹਾਨੀ ਦੇ ਕਾਨੂੰਨ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਪ੍ਰਤਿਸ਼ਠਾ ਇੱਕ ਵਿਅਕਤੀ ਦਾ ਬੁਨਿਆਦੀ ਅਧਿਕਾਰ ਹੈ ਤੇ ਅਪਰਾਧਕ ਮਾਣਹਾਨੀ ਦਾ ਕਾਨੂੰਨ ਇਸ ਨੂੰ ਬਚਾਉਣ ਵਿੱਚ ਮਦਦ ਕਰਦਾ ਹੈ। ਸੁਪਰੀਮ ਕੋਰਟ ਨੇ 2016 ਵਿੱਚ ਕਿਹਾ ਸੀ ਕਿ ਅਜ਼ਾਦਾਨਾ ਪ੍ਰਗਟਾਵੇ ਦਾ ਅਧਿਕਾਰ ਅਸੀਮਤ ਨਹੀਂ ਹੈ ਅਤੇ ਇਸ ਨੂੰ ਪ੍ਰਤਿਸ਼ਠਾ ਦੇ ਅਧਿਕਾਰ ਦੇ ਨਾਲ ਸੰਤੁਲਤ ਕਰਨਾ ਜ਼ਰੂਰੀ ਹੈ। ਕੁਝ ਲੋਕਾਂ ਦਾ ਮੰਨਣਾ ਹੈ ਕਿ ਜੇ ਕੋਈ ਜਾਣਬੁੱਝ ਕੇ ਕਿਸੇ ਦੀ ਪ੍ਰਤਿਸ਼ਠਾ ਨੂੰ ਨੁਕਸਾਨ ਪਹੁੰਚਾਉਂਦਾ ਹੈ ਤਾਂ ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ, ਤਾਂ ਕਿ ਸਮਾਜ ਵਿੱਚ ਅਨੁਸ਼ਾਸਨ ਬਣਿਆ ਰਹੇ। ਇਸੇ ਤਰ੍ਹਾਂ ਕਈ ਲੋਕ ਮੰਨਦੇ ਹਨ ਕਿ ਅਪਰਾਧਕ ਮਾਣਹਾਨੀ ਦੇ ਕਾਨੂੰਨ ਦੀ ਅਕਸਰ ਦੁਰਵਰਤੋਂ ਕੀਤੀ ਜਾਂਦੀ ਹੈ। ਇਸ ਨੂੰ ਪੱਤਰਕਾਰਾਂ, ਸਮਾਜੀ ਕਾਰਕੁਨਾਂ ਤੇ ਸਿਆਸੀ ਵਿਰੋਧੀਆਂ ਨੂੰ ਚੁੱਪ ਕਰਾਉਣ ਲਈ ਵਰਤਿਆ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਵੀ ਡੀ ਸਾਵਰਕਰ ਤੇ ਭਾਰਤ-ਚੀਨ ਸਰਹੱਦੀ ਵਿਵਾਦ ਵਰਗੇ ਮੁੱਦਿਆਂ 'ਤੇ ਰਾਹੁਲ ਗਾਂਧੀ ਦੇ ਬਿਆਨਾਂ ਨੂੰ ਲੈ ਕੇ ਉਨ੍ਹਾ ਵਿਰੁੱਧ ਮਾਣਹਾਨੀ ਦੇ ਕਈ ਮਾਮਲੇ ਦਰਜ ਕੀਤੇ ਗਏ ਹਨ। ਚੁੱਭਣ ਵਾਲੇ ਕਈ ਪੱਤਰਕਾਰ ਵੀ ਇਸ ਕਾਨੂੰਨ ਦੇ ਲਪੇਟੇ ਵਿੱਚ ਲਏ ਗਏ ਹਨ।

ਸੁਪਰੀਮ ਕੋਰਟ ਦੇ ਜਸਟਿਸ ਐੱਮ ਐੱਮ ਸੁੰਦਰੇਸ਼ ਨੇ ਬੀਤੇ ਦਿਨ ਮਾਣਹਾਨੀ ਦੇ ਇੱਕ ਮਾਮਲੇ ਦੀ ਸੁਣਵਾਈ ਦੌਰਾਨ ਇਹ ਟਿੱਪਣੀ ਕਰਕੇ ਇਸ ਕਾਨੂੰਨ ਨੂੰ ਖਤਮ ਕਰਨ ਵਾਲਿਆਂ ਨੂੰ ਬਲ ਬਖਸ਼ਿਆ ਹੈ ਕਿ ਅਪਰਾਧਕ ਮਾਣਹਾਨੀ ਨੂੰ ਹੁਣ ਅਪਰਾਧ ਦੀ ਸ਼੍ਰੇਣੀ 'ਚੋਂ ਹਟਾਉਣ ਦਾ ਵਕਤ ਆ ਗਿਆ ਹੈ। ਇਹ ਮਾਮਲੇ ਸਾਲਾਂਬੱਧੀ ਚਲਦੇ ਹਨ, ਜਿਸ ਨਾਲ ਲੋਕਾਂ ਨੂੰ ਬੇਵਜ੍ਹਾ ਦੀ ਪ੍ਰੇਸ਼ਾਨੀ ਹੁੰਦੀ ਹੈ। ਉਨ੍ਹਾ ਇਹ ਟਿੱਪਣੀ ਨਿਊਜ਼ ਪੋਰਟਲ 'ਦੀ ਵਾਇਰ' ਤੇ ਉਸ ਦੇ ਪੱਤਰਕਾਰ ਅਜੋਇ ਆਸ਼ੀਰਵਾਦ ਮਹਾਪ੍ਰਸ਼ਾਸਤਾ ਖਿਲਾਫ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਸਾਬਕਾ ਪ੍ਰੋਫੈਸਰ ਅਮਿਤਾ ਸਿੰਘ ਵੱਲੋਂ ਦਰਜ ਕਰਵਾਏ ਮਾਣਹਾਨੀ ਦੇ ਮਾਮਲੇ ਦੀ ਸੁਣਵਾਈ ਦੌਰਾਨ ਕੀਤੀ। ਇਹ ਮਾਮਲਾ 2016 ਵਿੱਚ ਪ੍ਰਕਾਸ਼ਤ ਇੱਕ ਲੇਖ ਨਾਲ ਜੁੜਿਆ ਹੈ। ਇਸ ਲੇਖ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਅਮਿਤਾ ਸਿੰਘ ਨੇ 200 ਸਫਿਆਂ ਦਾ ਇੱਕ ਡੋਜ਼ੀਅਰ ਤਿਆਰ ਕੀਤਾ ਸੀ, ਜਿਸ ਵਿੱਚ ਯੂਨੀਵਰਸਿਟੀ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਡੋਜ਼ੀਅਰ ਦਾ ਉਨਵਾਨ ਸੀ 'ਜਵਾਹਰ ਲਾਲ ਨਹਿਰੂ ਯੂਨੀਵਰਸਿਟੀ : ਵੱਖਵਾਦ ਤੇ ਦਹਿਸ਼ਤਗਰਦੀ ਦਾ ਅੱਡਾ'। ਇਸ ਵਿੱਚ ਜੇ ਐੱਨ ਯੂ ਨੂੰ ਨਾ ਸਿਰਫ ਵੱਖਵਾਦੀ ਸਰਗਰਮੀਆਂ ਦਾ ਕੇਂਦਰ ਦੱਸਿਆ ਗਿਆ, ਸਗੋਂ ਉਥੋਂ ਦੀ ਸੰਸਕ੍ਰਿਤੀ ਨੂੰ ਵੀ ਅਨੈਤਿਕ ਕਿਹਾ ਗਿਆ। ਅਮਿਤਾ ਨੇ ਦਾਇਰ ਕੀਤੇ ਮਾਮਲੇ ਵਿੱਚ ਦੋਸ਼ ਲਾਇਆ ਕਿ ਲੇਖ ਵਿੱਚ ਉਸ ਨੂੰ ਗਲਤ ਤਰੀਕੇ ਨਾਲ ਡੋਜ਼ੀਅਰ ਦੀ ਲੇਖਕਾ ਦੱਸਿਆ ਗਿਆ ਅਤੇ ਉਸ ਦੇ ਅਕਸ ਨੂੰ ਨੁਕਸਾਨ ਪਹੁੰਚਾਇਆ ਗਿਆ। ਦਿੱਲੀ ਦੀ ਮੈਜਿਸਟ੍ਰੇਟ ਕੋਰਟ ਨੇ 'ਦੀ ਵਾਇਰ' ਤੇ ਪੱਤਰਕਾਰ ਨੂੰ ਸੰਮਨ ਭੇਜੇ। ਦਿੱਲੀ ਹਾਈ ਕੋਰਟ ਨੇ 2023 ਵਿੱਚ ਸੰਮਨ ਰੱਦ ਕਰ ਦਿੱਤੇ, ਪਰ ਸੁਪਰੀਮ ਕੋਰਟ ਨੇ 2024 ਵਿੱਚ ਹਾਈ ਕੋਰਟ ਦਾ ਫੈਸਲਾ ਪਲਟ ਕੇ ਉਸ ਨੂੰ ਮੁੜ ਵਿਚਾਰਨ ਲਈ ਕਿਹਾ। ਉਦੋਂ ਵੀ ਸੁਣਵਾਈ ਕਰਨ ਵਾਲੇ ਜਸਟਿਸ ਸੁੰਦਰੇਸ਼ ਸਨ। ਜਦ ਦਿੱਲੀ ਹਾਈ ਕੋਰਟ ਨੇ ਦੁਬਾਰਾ ਸੰਮਨ ਨੂੰ ਸਹੀ ਠਹਿਰਾਇਆ ਤਾਂ 'ਦੀ ਵਾਇਰ' ਚਲਾਉਣ ਵਾਲੀ ਫਾਊਂਡੇਸ਼ਨ ਫਾਰ ਇੰਡੀਪੈਂਡੈਂਟ ਜਰਨਲਿਜ਼ਮ ਨੇ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ। ਹੁਣ ਜਸਟਿਸ ਸੁੰਦਰੇਸ਼ ਦੀ ਟਿੱਪਣੀ ਤੋਂ ਬਾਅਦ ਸੁਣਵਾਈ ਮੁਕੰਮਲ ਹੋਣ 'ਤੇ ਜੇ ਸੁਪਰੀਮ ਕੋਰਟ ਕਾਨੂੰਨ ਰੱਦ ਕਰਨ ਦਾ ਫੈਸਲਾ ਲੈਂਦੀ ਹੈ ਤਾਂ ਇਸ ਦਾ ਕਾਫੀ ਵੱਡਾ ਅਸਰ ਹੋ ਸਕਦਾ ਹੈ। ਇਸ ਨਾਲ ਪੱਤਰਕਾਰਾਂ ਨੂੰ ਬਿਨਾਂ ਡਰ ਦੇ ਲਿਖਣ ਦੀ ਆਜ਼ਾਦੀ ਮਿਲੇਗੀ। ਸਿਆਸਤਦਾਨਾਂ ਖਿਲਾਫ ਵੀ ਮਾਮਲੇ ਘਟਣਗੇ। ਸਿਰਫ ਇੱਕ ਡਰ ਰਹੇਗਾ ਕਿ ਸਰਕਾਰ ਇਸ ਦੇ ਬਦਲ 'ਚ ਕੋਈ ਹੋਰ ਕਾਨੂੰਨ ਨਾ ਬਣਾ ਦੇਵੇ, ਜਿਵੇਂ ਕਿ ਉਹ ਅਕਸਰ ਕਰਦੀ ਹੈ।

# ਸੀ ਪੀ ਆਈ ਮਹਾਂ-ਸੰਮੇਲਨ ਦੇ ਡੈਲੀਗੇਟ ਅਜਲਾਸ 'ਚ ਡਾ. ਸਵਰਾਜਬੀਰ ਦਾ ਸਵਾਗਤੀ ਭਾਸ਼ਣ



ਪਿਆਰੇ ਦੋਸਤੋ ਅਤੇ ਸਾਥੀਓ, ਦੇਸ਼ ਦੇ ਹਰ ਹਿੱਸੇ ਤੋਂ ਆਏ ਭੈਣੋ ਅਤੇ ਭਰਾਵੋ, ਭਾਰਤ ਅਤੇ ਵਿਦੇਸ਼ਾਂ ਤੋਂ ਆਏ ਸਹਿਯੋਗੀ ਪਾਰਟੀਆਂ ਦੇ ਸਾਥੀਓ, ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ-ਸੰਮੇਲਨ ਦੇ ਡੈਲੀਗੇਟ ਭੈਣੋ ਅਤੇ ਭਰਾਵੋ, ਆਪ ਸਭ ਦਾ ਪੰਜ ਦਰਿਆਵਾਂ ਦੀ ਧਰਤੀ ਉੱਤੇ ਨਿੱਘਾ ਸਵਾਗਤ ਹੈ।

ਤੁਹਾਡਾ ਸਵਾਗਤ ਹੈ ਉਸ ਧਰਤੀ 'ਤੇ, ਜਿਸ ਨੂੰ ਪ੍ਰਾਚੀਨ ਸਮੇਂ ਤੋਂ ਹੀ ਸੱਭਿਅਤਾ ਦਾ ਜਨਮ ਅਸਥਾਨ ਮੰਨਿਆ ਜਾਂਦਾ ਰਿਹਾ ਹੈ।

ਤੁਹਾਡਾ ਸਵਾਗਤ ਹੈ ਗੁਰੂ ਨਾਨਕ ਦੇਵ ਜੀ, ਬਾਬਾ ਸ਼ੇਖ ਫਰੀਦ ਜੀ, ਬੁੱਲ੍ਹੇ ਸ਼ਾਹ, ਦਮੋਦਰ ਅਤੇ ਦੁੱਲਾ ਭੱਟੀ ਦੀ ਧਰਤੀ 'ਤੇ।

ਤੁਹਾਡਾ ਸਵਾਗਤ ਹੈ ਉਸ ਧਰਤੀ 'ਤੇ, ਜਿਹੜੀ ਲੋਕਾਂ ਦੇ ਸੰਘਰਸ਼ਾਂ ਕਰਕੇ ਜਾਣੀ ਜਾਂਦੀ ਹੈ ਅਤੇ ਜਿੱਥੇ 1907 ਵਿੱਚ ਪਗੜੀ ਸੰਭਾਲ ਜੱਟਾ ਤੋਂ ਲੈ ਕੇ 2020-21 ਦੇ ਕਿਸਾਨ ਅੰਦੋਲਨ, ਜਿਹੜਾ ਪਿਛਾਂਹ-ਖਿੱਚੂ ਅਤੇ ਲੋਕ-ਵਿਰੋਧੀ ਕਾਨੂੰਨਾਂ ਦੇ ਖ਼ਿਲਾਫ਼ ਸੀ, ਵਰਗੇ ਅੰਦੋਲਨ ਹੋਏ।

ਤੁਹਾਡਾ ਸਵਾਗਤ ਹੈ ਗਦਰ ਪਾਰਟੀ ਦੀ ਧਰਤੀ 'ਤੇ, ਜਿਸ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਸਭ ਤੋਂ ਵੱਧ ਸ਼ਹੀਦਾਂ ਦਾ ਯੋਗਦਾਨ ਦਿੱਤਾ ਅਤੇ ਜਿਸ ਦੇ ਸਾਥੀਆਂ ਨੇ ਪੰਜਾਬ ਵਿੱਚ ਕਮਿਊਨਿਸਟ ਅੰਦੋਲਨ ਦੀ ਬੁਨਿਆਦ ਰੱਖੀ।

ਜਲ੍ਹਿਆਂਵਾਲਾ ਬਾਗ਼ ਦੀ ਧਰਤੀ, ਸ਼ਹੀਦਾਂ ਦੀ ਧਰਤੀ, ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਸੁਖਦੇਵ, ਊਧਮ ਸਿੰਘ ਅਤੇ ਹੋਰ ਸ਼ਹੀਦਾਂ ਦੀ ਧਰਤੀ 'ਤੇ ਤੁਹਾਡਾ ਸਵਾਗਤ ਹੈ।

ਪਿਆਰੇ ਸਾਥੀਓ, ਮੈਂ ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ-ਸੰਮੇਲਨ ਦੀ ਰਿਸੈਪਸ਼ਨ ਕਮੇਟੀ ਵੱਲੋਂ, ਪੰਜਾਬ ਯੂਨਿਟ ਵੱਲੋਂ, ਪੰਜਾਬ ਅਤੇ ਚੰਡੀਗੜ੍ਹ ਦੇ ਲੋਕਾਂ ਵੱਲੋਂ, ਮਹਾਂ-ਸੰਮੇਲਨ ਦੇ ਉਦਘਾਟਨ ਸੈਸ਼ਨ ਤੇ ਕਾਮਰੇਡ ਸੁਧਾਕਰ ਰੈੱਡੀ ਨਗਰ, ਚੰਡੀਗੜ੍ਹ ਵਿੱਚ ਤੁਹਾਡਾ ਸਵਾਗਤ ਕਰਦਾ ਹਾਂ।

ਸੌ ਸਾਲ ਪਹਿਲਾਂ ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਹੋਈ ਅਤੇ 1924 ਵਿੱਚ ਕਾਨਪੁਰ ਸਾਜ਼ਿਸ਼ ਕੇਸ ਤੋਂ ਲੈ ਕੇ ਸਾਡੇ ਸਾਥੀਆਂ ਨੇ ਬ੍ਰਿਟਿਸ਼ ਹਕੂਮਤ ਦੇ ਖ਼ਿਲਾਫ਼ ਬਹਾਦਰੀ ਨਾਲ ਲੜਾਈ ਕੀਤੀ ਅਤੇ ਬੇਸ਼ੁਮਾਰ ਬਲੀਦਾਨ ਦਿੱਤੇ, ਜਿਨ੍ਹਾਂ ਨੂੰ ਮੌਤ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ, ਜਿਨ੍ਹਾਂ ਨੇ ਆਜੀਵਨ ਕੈਦਾਂ ਕੱਟੀਆਂ ਅਤੇ ਜਿਨ੍ਹਾਂ ਦੀਆਂ ਜ਼ਮੀਨਾਂ ਅਤੇ ਸੰਪਤੀਆਂ ਜ਼ਬਤ ਕੀਤੀਆਂ ਗਈਆਂ। ਵੰਡ ਦੇ ਸਮੇਂ, ਸੀ ਪੀ ਆਈ ਇੱਕ ਅਜਿਹੀ ਪਾਰਟੀ ਵਜੋਂ ਉੱਭਰੀ, ਜਿਸ ਦੇ ਸਾਥੀ ਸਮੁਦਾਇਕ ਸਾਂਝ ਅਤੇ ਸਹਿਯੋਗ ਦੇ ਮਾਡਲ ਬਣੇ ਅਤੇ ਹਜ਼ਾਰਾਂ ਜ਼ਿੰਦਗੀਆਂ ਬਚਾਈਆਂ। ਆਜ਼ਾਦੀ ਤੋਂ ਬਾਅਦ ਪਾਰਟੀ ਨੇ ਅੱਤਿਆਚਾਰੀ ਸ਼ਾਸਨ ਅਤੇ ਪੂੰਜੀਪਤੀ ਹਮਲਿਆਂ ਖ਼ਿਲਾਫ਼ ਲੱਖਾਂ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਮਿਹਨਤੀ ਲੋਕਾਂ ਨੂੰ ਇਕਜੁੱਟ ਕਰਕੇ ਬੇਸ਼ੁਮਾਰ ਅੰਦੋਲਨ ਲੜੇ। ਪੰਜਾਬ ਦਾ ਕਾਸ਼ਤਕਾਰ ਅੰਦੋਲਨ, ਤੇਲੰਗਾਨਾ ਅੰਦੋਲਨ ਵਾਂਗ, ਕਾਮਰੇਡ ਤੇਜਾ ਸਿੰਘ ਸੁਤੰਤਰ, ਜਗੀਰ ਸਿੰਘ ਜੋਗਾ, ਧਰਮ ਸਿੰਘ ਫੱਕਰ, ਛੱਜੂ ਮੱਲ ਵੈਦ ਆਦਿ ਦੀ ਅਗਵਾਈ ਵਿੱਚ ਬੜੀ ਬਹਾਦਰੀ ਨਾਲ ਲੜਿਆ ਗਿਆ।

ਪਿਆਰੇ ਸਾਥੀਓ, ਅਸੀਂ ਇੱਕ ਮੁਸ਼ਕਲ ਸਮੇਂ ਵਿੱਚ ਇਕੱਠੇ ਹੋਏ ਹਾਂ, ਜਦੋਂ ਭਾਰਤ ਵਿੱਚ ਸੁਤੰਤਰਤਾ ਵਿਰੋਧੀ ਅਤੇ ਫਾਸ਼ਿਸਟ ਤਾਕਤਾਂ ਸਿਰ ਚੁੱਕ ਰਹੀਆਂ ਹਨ। ਇਹ ਤਾਕਤਾਂ ਭਾਰਤ ਦੇ ਉੱਤਰ, ਮੱਧ ਅਤੇ ਪੱਛਮੀ ਹਿੱਸਿਆਂ ਵਿੱਚ ਲੋਕਾਂ ਦੇ ਮਨਾਂ ਨੂੰ ਧਰਮ ਦੇ ਆਧਾਰ 'ਤੇ ਵੰਡਣ ਵਿੱਚ ਸਫਲ ਹੋ ਰਹੀਆਂ ਹਨ। ਸਾਡਾ ਕੰਮ ਇਹ ਹੈ ਕਿ ਅਸੀਂ ਇਨ੍ਹਾਂ ਖ਼ਤਰਨਾਕ ਰੁਝਾਨਾਂ ਅਤੇ ਪ੍ਰਵਿਰਤੀਆਂ ਖ਼ਿਲਾਫ਼ ਲੜਾਈ ਲੜੀਏ, ਜਿਹੜੇ ਸਾਡੇ ਪਿਆਰੇ ਦੇਸ਼ ਦੀ ਸਮਾਜਿਕ ਬੁਨਿਆਦ ਨੂੰ ਟੁੱਟਣ ਵੱਲ ਲਿਜਾ ਰਹੇ ਹਨ। ਅੱਜ ਧਰਮਵਾਦ, ਸਹਿਕਾਰੀ ਪੂੰਜੀਪਤੀ ਅਤੇ ਨਿਊ-ਲੀਬਰਲਿਜ਼ਮ ਮੋਢੇ ਨਾਲ ਮੋਢਾ ਮਿਲਾ ਕੇ ਮਜ਼ਦੂਰਾਂ, ਕਿਸਾਨਾਂ, ਆਦਿਵਾਸੀਆਂ, ਦਲਿਤਾਂ, ਘੱਟ ਗਿਣਤੀ ਵਾਲੇ ਸਮੁਦਾਇਆਂ ਅਤੇ ਔਰਤਾਂ ਦੇ ਹੱਕਾਂ ਨੂੰ ਦਬਾਅ ਰਹੇ ਹਨ ਅਤੇ ਸਾਡੇ ਲੋਕਾਂ ਦੇ ਵੱਡੇ ਹਿੱਸੇ ਨੂੰ ਧਰਮ ਅਤੇ ਭਾਸ਼ਾ ਦੇ ਆਧਾਰ 'ਤੇ ਇੱਕ-ਦੂਜੇ ਤੋਂ ਦੂਰ ਕਰ ਰਹੇ ਹਨ। ਇਕ ਖ਼ਤਰਨਾਕ ਰਾਜਨੀਤਕ ਖੇਡ ਚਰਮ-ਰਾਸ਼ਟਰਵਾਦ ਦੇ ਨਾਂਅ 'ਤੇ ਖੇਡੀ ਜਾ ਰਹੀ ਹੈ, ਜਿਹੜੀ ਦੇਸ਼ ਦੇ ਧਰਮ-ਨਿਰਪੱਖ ਰਾਸ਼ਟਰਵਾਦ ਨੂੰ ਕਮਜ਼ੋਰ ਕਰ ਰਹੀ ਹੈ ਅਤੇ ਜਿਸ ਦੀ ਬੁਨਿਆਦ ਡਾ. ਬੀ.ਆਰ. ਅੰਬੇਡਕਰ ਅਤੇ ਹੋਰ ਸੰਵਿਧਾਨ ਦੇ ਸੰਸਥਾਪਕਾਂ ਨੇ ਸਾਡੇ ਸੰਵਿਧਾਨ ਵਿੱਚ ਰੱਖੀ ਸੀ।

ਪਿਆਰੇ ਸਾਥੀਓ, ਭਾਰਤ ਵਿੱਚ ਮੌਜੂਦਾ ਰਾਜਨੀਤਕ ਪ੍ਰਬੰਧ, ਜਿਹੜਾ ਭਾਜਪਾ ਦੀ ਅਗਵਾਈ ਵਿੱਚ ਹੈ, ਲੋਕਾਂ ਨੂੰ ਆਪਣੇ ਫਾਇਦੇ ਲਈ ਵੰਡਣ ਅਤੇ ਵਿਰੋਧ ਦੀਆਂ ਆਵਾਜ਼ਾਂ ਨੂੰ ਦਬਾਉਣ ਲਈ ਪੁਰਜ਼ੋਰ ਕੋਸ਼ਿਸ਼ਾਂ ਕਰ ਰਿਹਾ ਹੈ। ਅਸਹਿਮਤੀ ਅਤੇ ਸੰਘਰਸ਼ ਤੋਂ ਬਿਨਾਂ ਮਨੁੱਖੀ ਜੀਵਨ ਚੇਤਨਾਹੀਣ ਅਤੇ ਅਰਥਹੀਣ ਹੋ ਜਾਂਦਾ ਹੈ। ਸੀ ਪੀ ਆਈ ਅਤੇ ਹੋਰ ਖੱਬੇ-ਪੱਖੀ ਪਾਰਟੀਆਂ ਅਤੇ ਤਾਕਤਾਂ ਇਸ ਅਸਹਿਮਤੀ ਅਤੇ ਸੰਘਰਸ਼ ਦੀ ਦ੍ਰਿੜ੍ਹਤਾ ਨਾਲ ਨੁਮਾਇੰਦਗੀ ਕਰਦੀਆਂ ਹਨ ਅਤੇ ਸਾਝਾ ਮਕਸਦ ਇਹ ਹੈ ਕਿ ਦੇਸ਼ ਦੀਆਂ ਸਾਰੀਆਂ ਖੱਬੀਆਂ ਅਤੇ ਲੋਕਤੰਤਰੀ ਤਾਕਤਾਂ ਇਸ ਵਧਦੇ ਜਾ ਰਹੇ ਫਾਸ਼ਿਸਟ ਉਭਾਰ ਦੇ ਖ਼ਿਲਾਫ਼ ਇਕਜੁਟ ਹੋਣ। ਇਸ ਲਈ ਖੱਬੇ ਪੱਖੀ ਤਾਕਤਾਂ ਦੀ ਏਕਤਾ ਇਸ ਸਮੇਂ ਦੀ ਸਭ ਤੋਂ ਜ਼ਰੂਰੀ ਅਤੇ ਬੁਨਿਆਦੀ ਲੋੜ ਹੈ।

ਮੌਜੂਦਾ ਪ੍ਰਬੰਧ ਨੇ ਪੂਰੇ ਦੇਸ਼ ਵਿੱਚ ਆਪਣਾ ਸੰਪਰਦਾਇਕ ਏਜੰਡਾ ਫੈਲਾ ਦਿੱਤਾ ਹੈ, ਖ਼ਾਸ ਕਰਕੇ ਮਣੀਪੁਰ ਅਤੇ ਕਸ਼ਮੀਰ ਵਿੱਚ, ਜਿਹੜਾ ਲੰਬੇ ਸਮੇਂ ਤੋਂ ਉਨ੍ਹਾਂ ਦੀ ਤਕਲੀਫ ਦਾ ਕਾਰਨ ਬਣਿਆ ਹੋਇਆ ਹੈ। ਇਹ ਪ੍ਰਬੰਧ ਕਈ ਰੰਗਾਂ ਵਿੱਚ ਦਿਖਾਈ ਦਿੰਦਾ ਹੈ; ਇੱਕ ਪਾਸੇ ਇਹ ਭਾਰਤੀ ਕਾਰਪੋਰੇਟਾਂ, ਬਹੁ-ਰਾਸ਼ਟਰੀ ਕੰਪਨੀਆਂ ਅਤੇ ਆਪਣੇ ਨਜ਼ਦੀਕੀ ਪੂੰਜੀਪਤੀਆਂ ਦੇ ਪੈਰਾਂ ਵਿੱਚ ਡਿਗਿਆ ਹੋਇਆ ਹੈ ਅਤੇ ਦੂਜੇ ਪਾਸੇ ਇਹ ਦੇਸ਼ ਦੇ ਰਾਜਨੀਤਕ ਢਾਂਚੇ ਨੂੰ ਹਿੰਦੂਤਵ ਦੇ ਰੰਗ ਵਿੱਚ ਰੰਗਣਾ ਚਾਹੁੰਦਾ ਹੈ। ਇਹ ਵੱਡੇ ਪੈਮਾਨੇ 'ਤੇ ਲੋਕਾਂ ਨੂੰ ਭੜਕਾਉਂਦਾ ਹੈ ਅਤੇ ਰਾਸ਼ਟਰਵਾਦ ਦੇ ਨਾਂਅ 'ਤੇ ਉਨ੍ਹਾਂ ਨੂੰ ਮਨੁੱਖਤਾ ਤੋਂ ਦੂਰ ਕਰਦਾ ਹੈ। ਸੱਚਾ ਰਾਸ਼ਟਰਵਾਦ ਭਾਰਤ ਦੀ ਮਿਹਨਤੀ ਜਨਤਾ ਦੇ ਦਿਲਾਂ ਵਿੱਚ ਹੈ, ਜਿਹੜਾ ਦੇਸ਼ ਦੀ ਅਰਥਵਿਵਸਥਾ ਦੀ ਬੁਨਿਆਦ ਹੈ।

ਅੱਜ ਦੇ ਸਮੇਂ ਵਿੱਚ, ਖੱਬੇ ਪੱਖੀ ਪਾਰਟੀਆਂ ਅਤੇ ਲੋਕਤੰਤਰੀ ਤਾਕਤਾਂ 'ਤੇ ਇੱਕ ਬਹੁਤ ਵੱਡੀ ਜ਼ਿੰਮੇਵਾਰੀ ਹੈ ਕਿ ਉਹ ਸੱਚ, ਲੋਕਾਂ ਦੇ ਸੱਚ ਅਤੇ ਸੰਵਿਧਾਨ ਦੇ ਸੱਚ ਦੇ ਪੱਖ ਵਿੱਚ ਖੜ੍ਹੇ ਰਹਿਣ। ਜਿਵੇਂ ਕਿ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ, ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ॥ ਸਾਨੂੰ ਇਸ ਦੇਸ਼ ਦੇ ਸੱਚ ਨੂੰ ਇਕੱਠੇ ਹੋ ਕੇ ਸਿਉਂਣਾ ਹੈ ਅਤੇ ਉਸ ਫਾਸ਼ਿਸਟ ਝੂਠ ਤੋਂ ਬਚਾਉਣਾ ਹੈ, ਜਿਹੜਾ ਸਾਡੀ ਏਕਤਾ ਅਤੇ ਸਾਡੇ ਲੋਕਾਂ ਲਈ ਇੱਕ ਖਤਰਾ ਹੈ।

ਇਸ ਰਾਜਨੀਤਕ ਪ੍ਰਬੰਧ ਦੀ ਜ਼ਹਿਰੀਲੀ ਤਾਕਤ ਇਸ ਨੂੰ ਔਰਤਾਂ ਅਤੇ ਦਲਿਤਾਂ ਦੇ ਖ਼ਿਲਾਫ਼ ਖੜ੍ਹਾ ਕਰਦੀ ਹੈ। ਉਨ੍ਹਾਂ ਦੇ ਹੱਕਾਂ ਦੀ ਉਲੰਘਣਾ ਹੋ ਰਹੀ ਹੈ ਅਤੇ ਉਨ੍ਹਾਂ 'ਤੇ ਅੱਤਿਆਚਾਰ ਵਧ ਰਹੇ ਹਨ।

ਅੰਤਰ-ਰਾਸ਼ਟਰੀ ਪੱਧਰ 'ਤੇ, ਪੂੰਜੀਵਾਦੀ ਦੇਸ਼ਾਂ ਦੀ ਵਿੱਤੀ ਤਾਕਤ ਅਤੇ ਨਿਊ-ਲੀਬਰਲ ਨੀਤੀਆਂ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੇ ਕੁਦਰਤੀ ਸ੍ਰੋਤਾਂ ਨੂੰ ਲੁੱਟਣ ਅਤੇ ਵੱਖ-ਵੱਖ ਦੇਸ਼ਾਂ ਵਿੱਚ ਯੁੱਧ ਦਾ ਬੀਜ ਬੋਣ ਲਈ ਯਤਨਸ਼ੀਲ ਹਨ। ਇਸ ਸੰਬੰਧ ਵਿੱਚ ਖੱਬੇ ਪੱਖੀ ਤਾਕਤਾਂ ਅਤੇ ਲੋਕਤੰਤਰੀ ਧਿਰਾਂ ਦੀ ਇੱਕ ਬਹੁਤ ਵੱਡੀ ਜ਼ਿੰਮੇਵਾਰੀ ਹੈ। ਅਸੀਂ ਆਪਣੇ ਫਲਸਤੀਨੀ ਭਰਾ-ਭੈਣਾਂ ਦੇ ਪੱਖ ਵਿੱਚ ਖੜ੍ਹੇ ਹਾਂ, ਜਿਹੜੇ ਇਜ਼ਰਾਈਲ ਦੀ ਜ਼ਾਇਨੀ ਸਰਕਾਰ ਦੇ ਹੱਥੋਂ ਬੇਸ਼ੁਮਾਰ ਤਕਲੀਫਾਂ ਅਤੇ ਨਰ-ਸੰਹਾਰ ਦਾ ਸਾਹਮਣਾ ਕਰ ਰਹੇ ਹਨ। ਅਸੀਂ ਰੂਸ ਵੱਲੋਂ ਯੂਕਰੇਨ ਵਿਰੁੱਧ ਸ਼ੁਰੂ ਕੀਤੀ ਲੜਾਈ ਖ਼ਿਲਾਫ਼ ਹਾਂ ਅਤੇ ਅਫਰੀਕੀ ਦੇਸ਼ਾਂ 'ਤੇ ਹੋ ਰਹੀਆਂ ਜੰਗਾਂ ਦੇ ਖ਼ਿਲਾਫ਼ ਹਾਂ। ਸਾਨੂੰ ਦੁਨੀਆ ਵਿੱਚ ਅਮਰੀਕਾ ਦੀ ਤਾਨਾਸ਼ਾਹੀ ਖ਼ਿਲਾਫ਼ ਸੰਸਾਰ ਪੱਧਰ 'ਤੇ ਮਿਲ ਕੇ ਵਿਆਪਕ ਵਿਰੋਧ ਕਰਨਾ ਚਾਹੀਦਾ ਹੈ।

ਸਾਡਾ ਦੇਸ਼ ਨੂੰ ਪਿਛਲੇ ਦਿਨੀਂ ਪਾਕਿਸਤਾਨ ਨਾਲ ਯੁੱਧ ਲੜਨਾ ਪਿਆ ਸੀ। ਇਸ ਤੋਂ ਪਹਿਲਾਂ ਅਸੀਂ ਕਸ਼ਮੀਰ ਦੇ ਪਹਿਲਗਾਮ ਵਿੱਚ ਇੱਕ ਵੱਡੀ ਦੁਰਘਟਨਾ ਦੇਖੀ। ਅਸੀਂ ਅੱਤਵਾਦ ਦੇ ਪੀੜਤ ਪਰਵਾਰਾਂ ਦੇ ਹੱਕ ਵਿੱਚ ਖੜ੍ਹੇ ਹਾਂ ਅਤੇ ਹਰ ਤਰ੍ਹਾਂ ਦੇ ਅੱਤਵਾਦ ਦੇ ਖ਼ਿਲਾਫ਼ ਹਾਂ। ਅਸੀਂ ਦੇਸ਼ ਦੀ ਸੁਰੱਖਿਆ ਲਈ ਲਏ ਜਾਣ ਵਾਲੇ ਹਰ ਕਦਮ 'ਤੇ ਆਪਣੀ ਸਰਕਾਰ ਦੇ ਨਾਲ ਹਾਂ। ਅਸੀਂ ਆਪਣੇ ਫੌਜੀਆਂ ਦੀ ਬਹਾਦਰੀ ਦੀ ਪ੍ਰਸ਼ੰਸਾ ਕਰਦੇ ਹਾਂ ਅਤੇ ਨਾਲ ਦੀ ਨਾਲ ਸਰਕਾਰ ਤੋਂ ਜ਼ਿੰਮੇਵਾਰੀ ਦੀ ਮੰਗ ਕਰਦੇ ਹਾਂ ਕਿ ਪਹਿਲਗਾਮ ਘਟਨਾ ਕਿਵੇਂ ਅਤੇ ਕਿਉਂ ਹੋਈ।

ਅਸੀਂ ਕਾਮਰੇਡ ਸੁਧਾਕਰ ਰੈੱਡੀ ਨਗਰ ਵਿੱਚ ਇਕੱਠੇ ਹੋਏ ਹਾਂ ਤਾਂ ਕਿ ਸਾਰੀਆਂ ਰਾਸ਼ਟਰੀ, ਖੇਤਰੀ ਅਤੇ ਅੰਤਰ-ਰਾਸ਼ਟਰੀ ਸਮੱਸਿਆਵਾਂ 'ਤੇ ਚਰਚਾ ਕਰੀਏ, ਉਨ੍ਹਾਂ ਦਾ ਵਿਸ਼ਲੇਸ਼ਣ ਕਰੀਏ ਅਤੇ ਹੱਲ ਲੱਭੀਏ। ਇਹ ਸਮਾਂ ਸਾਨੂੰ ਸੱਚ, ਸੱਚੇ ਵਿਸ਼ਲੇਸ਼ਣ ਅਤੇ ਫਾਸ਼ਿਸਟ ਹਮਲਿਆਂ ਦੇ ਵਿਰੋਧ ਵਿੱਚ ਲੋਕਾਂ ਦੇ ਨਾਲ ਖੜ੍ਹੇ ਹੋਣ ਦੀ ਮੰਗ ਕਰਦਾ ਹੈ। ਸਾਡਾ ਮਕਸਦ ਖੱਬੇ ਪੱਖੀ ਅਤੇ ਲੋਕਤੰਤਰੀ ਏਕਤਾ ਹੈ। ਇਸ ਮਹਾਂ-ਸੰਮੇਲਨ ਵਿੱਚ ਇਹ ਸਭ ਕੁਝ ਵਿਚਾਰਿਆ ਜਾਵੇਗਾ ਅਤੇ ਮੈਂ ਯਕੀਨ ਦਿਲਾਉਂਦਾ ਹਾਂ ਕਿ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਦੀ ਤਾਕਤ ਨਾਲ, ਅਸੀਂ ਸਹੀ ਹੱਲ ਲੱਭਾਂਗੇ। ਇਸ ਦੇ ਨਾਲ ਹੀ ਅਸੀਂ ਆਪਣੇ-ਆਪ ਨੂੰ ਮਜ਼ਦੂਰਾਂ, ਕਿਸਾਨਾਂ, ਦਲਿਤਾਂ, ਆਦਿਵਾਸੀਆਂ, ਔਰਤਾਂ, ਘੱਟ ਗਿਣਤੀ ਵਾਲੇ ਸਮੁਦਾਇਆਂ ਅਤੇ ਦੇਸ਼ ਦੇ ਸਾਰੇ ਮਿਹਨਤੀ ਲੋਕਾਂ ਦੇ ਹੱਕਾਂ ਦੀ ਰੱਖਿਆ ਲਈ ਸਮਰਪਿਤ ਕਰਦੇ ਹਾਂ।

ਇਸ ਦੇ ਨਾਲ ਹੀ, ਮੈਂ ਤੁਹਾਡਾ ਇੱਕ ਵਾਰ ਫਿਰ ਤੋਂ ਪੰਜ ਦਰਿਆਵਾਂ ਦੀ ਧਰਤੀ, ਬਾਬਾ ਸ਼ੇਖ ਫਰੀਦ ਅਤੇ ਗੁਰੂ ਨਾਨਕ ਦੇਵ ਜੀ ਦੀ ਧਰਤੀ 'ਤੇ ਸਵਾਗਤ ਕਰਦਾ ਹਾਂ ਅਤੇ ਇਸ ਮਹਾਂ-ਸੰਮੇਲਨ ਦੀ ਮਹਾਨ ਸਫਲਤਾ ਦੀ ਕਾਮਨਾ ਕਰਦਾ ਹਾਂ। ਅਸੀਂ ਲੜਾਂਗੇ ਅਤੇ ਲੋਕ ਜਿੱਤਣਗੇ। ਨਿਆਂ ਅਤੇ ਸੱਚ ਦੀਆਂ ਤਾਕਤਾਂ ਜਿੱਤਣਗੀਆਂ।

*ਖੱਬੇ-ਪੱਖੀ ਏਕਤਾ ਜ਼ਿੰਦਾਬਾਦ*

*ਖੱਬੇ-ਪੱਖੀ ਅਤੇ ਲੋਕਤੰਤਰੀ ਧਿਰਾਂ ਦੀ ਏਕਤਾ ਜ਼ਿੰਦਾਬਾਦ*

*ਇਨਕਲਾਬ ਜ਼ਿੰਦਾਬਾਦ*
*ਲਾਲ ਸਲਾਮ !*

**ਪੇਸ਼ਕਸ਼ : ਗਿਆਨ ਸੈਦਪੁਰੀ**

# ਸੋਸ਼ਲ ਮੀਡੀਏ ਦੀ ਸਹੀ ਵਰਤੋਂ ਕਰੋ


ਮਾਸਟਰ ਪਰਮਵੇਦ

ਪਿਛਲੇ ਡੇਢ ਦੋ ਦਹਾਕੇ ਤੋਂ ਲੋਕਾਂ ਦੇ ਹੱਥਾਂ ਵਿੱਚ ਮੋਬਾਇਲ ਆਉਣ ਨਾਲ ਸੋਸ਼ਲ ਮੀਡੀਆ ਵਿਹਲੇ ਲੋਕਾਂ ਦਾ ਖਿਡੌਣਾ ਬਣ ਗਿਆ ਹੈ।ਜੇ ਕੋਈ ਵਟਸਅੱਪ, ਫੇਸਬੁੱਕ ਜਾਂ ਟਵਿੱਟਰ ਦੀ ਵਰਤੋਂ ਨਹੀਂ ਕਰਦਾ ਤਾਂ ਉਸ ਵੱਲ ਇਸ ਤਰ੍ਹਾਂ ਵੇਖਿਆ ਜਾਂਦਾ, ਜਿਵੇਂ ਉਹ ਕੋਈ ਹੋਰ ਗ੍ਰਹਿ ਤੋਂ ਆਇਆ ਹੋਵੇ ਜਾਂ ਗਵਾਰ ਅਨਪੜ੍ਹ ਪੇਂਡੂ ਹੋਵੇ।ਸੋਸ਼ਲ ਮੀਡੀਆ 'ਤੇ ਸਵੇਰੇ-ਸਵੇਰੇ ਗਿਆਨ ਵਧਾਊ, ਹੁਕਮਨਾਮੇ ਦੀ ਵਿਆਖਿਆ, ਹੌਂਸਲਾ ਅਫਜ਼ਾਈ ਵਾਲੇ ਚੰਗੇ ਵਿਚਾਰ, ਸੁਨੇਹੇ ਆਉਂਦੇ ਹਨ, ਪਰ ਦੁਪਹਿਰ ਸਮੇਂ ਡਿਪਰੈਸ਼ਨ ਵਾਲੇ ਤੇ ਰਾਤ ਨੂੰ ਗੰਦ-ਮੰਦ ਸ਼ੁਰੂ ਹੋ ਜਾਂਦਾ ਹੈ।ਪਹਿਲਾਂ ਤੇ ਸਿਰਫ ਨਵੇਂ ਸਾਲ ਨੂੰ ਹੈਪੀ ਨਿਊ ਯੀਅਰ ਕਿਹਾ ਜਾਂਦਾ ਸੀ, ਫਿਰ ਦੀਵਾਲੀ, ਲੋਹੜੀ, ਹੋਲੀ ਤੇ ਹੋਰ ਤਿਓਹਾਰਾਂ ਨੂੰ,ਹੁਣ ਤਾਂ ਹਫਤੇ ਦੇ ਹਰ ਵਾਰ ਨੂੰ ਹੈਪੀ ਵਾਰ ਜਿਵੇਂ ਐਤਵਾਰ ਆਦਿ ਲਿਖਿਆ ਜਾਂਦਾ ਹੈ।ਸਭ ਤੋਂ ਜ਼ਿਆਦਾ 'ਗੁਡ ਮੋਰਨਿੰਗ' ਦੇ ਸੁਨੇਹੇ ਆਉਂਦੇ ਹਨ, ਜੋ ਸਵੇਰ ਤੋਂ ਸ਼ਾਮ ਤੱਕ ਜਾਰੀ ਰਹਿੰਦੇ ਹਨ।ਰਾਸ਼ੀਫਲ, ਹਰ ਦੁੱਖਾਂ/ਸਮੱਸਿਆਵਾਂ ਦਾ ਹੱਲ ਕਰਨ ਦੇ ਦਾਅਵੇ ਤੇ ਅੰਧ-ਵਿਸ਼ਵਾਸੀ ਸੁਨੇਹੇ ਆਉਂਦੇ ਹਨ, ਉਨ੍ਹਾਂ ਵਿੱਚ ਲਿਖਿਆ ਹੁੰਦਾ ਹੈ ਕਿ ਇਹ ਮੈਸਜ ਸੌ ਵਿਅਕਤੀਆਂ ਜਾਂ ਦੋ-ਤਿੰਨ ਗਰੁੱਪਾਂ ਵਿੱਚ ਭੇਜੋ, ਖੁਸ਼ਖਬਰੀ ਮਿਲੇਗੀ। ਜੇ ਨਜ਼ਰ-ਅੰਦਾਜ਼ ਕਰੋਗੇ ਤਾਂ ਤੁਹਾਡਾ ਨੁਕਸਾਨ ਹੋਵੇਗਾ, ਇਨ੍ਹਾਂ ਨਾਲ ਝੂਠੀਆਂ ਕਹਾਣੀਆਂ ਬਣਾ ਕੇ ਲਿਖੀਆਂ ਹੁੰਦੀਆਂ।ਜਦ ਉਨ੍ਹਾਂ ਤੋਂ ਪੁੱਛਿਆ ਜਾਂਦਾ ਕਿ ਤੁਹਾਨੂੰ ਕਿਹੜੀ ਖ਼ੁਸਖਬਰੀ ਮਿਲੀ ਜਾਂ ਕਿਸੇ ਦਾ ਕੀ ਨੁਕਸਾਨ ਹੋਇਆ ਤਾਂ ਚੁੱਪ ਹੋ ਜਾਂਦੇ ਹਨ।ਕੁਝ ਲੋਕਾਂ ਦੇ ਫੋਨਾਂ ਉਪਰ ਟਿਊਨ 'ਤੇ ਲੱਗੇ ਧਾਰਮਿਕ ਸ਼ਖਸੀਅਤਾਂ ਦੇ ਹੋਣਗੇ ਤੇ ਫੋਨ ਵਿੱਚ ਅਸ਼ਲੀਲ ਵੀਡੀਓ ਤੇ ਮਾੜੀ ਭਾਸ਼ਾ ਵਾਲੀਆਂ ਪੋਸਟਾਂ ਹੋਣਗੀਆਂ।ਕਈ ਚੰਗੇ-ਭਲੇ ਬੱਚਿਆਂ ਦੀਆਂ ਫੋਟੋਆਂ ਪਾ ਕੇ ਆਖਣਗੇ ਇਹ ਲਾਵਾਰਸ ਬੱਚਾ ਹੈ, ਇਸ ਨੰਬਰ 'ਤੇ ਫੋਨ ਕਰੋ, ਪਹਿਲੀ ਗੱਲ ਨੰਬਰ ਗਲਤ ਹੁੰਦਾ ਜਾਂ ਅੱਗੋਂ ਅੱਕੇ ਵਿਅਕਤੀ ਵੱਲੋਂ ਗਾਲਾਂ ਦਾ ਮੀਂਹ ਵਰ੍ਹਦਾ ਹੈ।ਹਰ ਕੋਈ ਐਨਾ ਸੋਹਣਾ ਨਹੀਂ ਹੁੰਦਾ, ਜਿੰਨਾ ਫੇਸਬੁੱਕ ਦੀ ਪ੍ਰੋਫਾਈਲ 'ਤੇ ਫੋਟੋ ਪਾ ਕੇ ਦੋਸਤਾਂ ਨੂੰ ਜਾਂ ਆਪ ਹੀ ਲਾਈਕ ਕਰਕੇ ਗਿਣਤੀ ਕਰੀ ਜਾਣਗੇ।ਕਿਸੇ ਲੀਡਰ ਜਾਂ ਅਫ਼ਸਰ ਨਾਲ ਨੱਥੀ ਫੋਟੋ ਵੀ ਪਾ ਕੇ ਲਾਈਕ ਗਿਣਨ ਲੱਗ ਪੈਣਗੇ।ਸੈਲਫੀ ਦਾ ਟਰੈਂਡ ਚੱਲਿਆ ਹੈ। ਦੇਸ਼ ਦੇ ਪੀ ਐੱਮ ਨੂੰ ਵੀ ਸੈਲਫੀ ਲੈਣ ਦਾ ਬਹੁਤ ਸ਼ੌਕ ਹੈ।ਲੋਕ ਹਾਦਸੇ ਜਾਂ ਕਿਸੇ ਦੁਰਘਟਨਾ ਸਮੇਂ ਮਦਦ ਤਾਂ ਕੀ ਕਰਨੀ, ਸੈਲਫੀ ਜਾਂ ਫੋਟੋ ਮੋਬਾਈਲ ਰਾਹੀਂ ਖਿੱਚ ਕੇ ਫੇਸਬੁਕ ਜਾਂ ਵਟਸਅੱਪ 'ਤੇ ਪਾਈ ਜਾਣਗੇ।ਹੁਣ ਤੱਕ ਦੇਸ਼ 'ਚ ਹਜ਼ਾਰਾਂ ਤੋਂ ਵੱਧ ਮੌਤਾਂ ਸੈਲਫੀ ਲੈਣ ਨਾਲ ਹੋ ਚੁੱਕੀਆਂ ਹਨ। 1100 ਰੁਪਏ ਵਾਲੇ ਨੋਕੀਆ ਮੋਬਾਈਲ 'ਤੇ ਸੱਪਾਂ ਵਾਲੀ ਖੇਡ ਖੇਡਣ ਵਾਲੇ ਹੱਥਾਂ ਵਿਚ ਵਧੀਆ ਤੋਂ ਵਧੀਆ ਐਪਲ ਵਰਗੇ ਫੋਨ ਆ ਗਏ ਹਨ, ਪਰ ਲੱਛਣ ਪੁਰਾਣੇ ਹਨ।ਨੌਜਵਾਨ ਪੀੜੀ ਤੇ ਆਮ ਜਨਤਾ ਜ਼ਿਆਦਾ ਹੀ ਗੇਮਾਂ ਖੇਡਣ ਵਿੱਚ ਰੁੱਝੀ ਰਹਿੰਦੇ ਹਨ ਜੋ ਆਪਣਾ ਸਮਾਂ ਤਾਂ ਬਰਬਾਦ ਕਰਦੇ ਹਨ , ਅੱਖਾਂ ਦੀ ਨਜ਼ਰ ਵੀ ਘਟਦੀ ਹੈ, ਉਥੇ ਪਰਵਾਰ ਵਿੱਚ ਇਕੱਲਾਪਣ ਵੱਧਦਾ ਹੈ ਗੱਲ ਬਾਤ ਸਾਂਝੀ ਨਾ ਹੋਣ ਤੇ ਘਰ ਦੇ ਮਸਲਿਆਂ ਵੱਲ ਧਿਆਨ ਨਹੀਂ ਦਿੰਦੇ।ਕਈ ਕੰਨਾਂ ਵਿੱਚ ਹਰ ਸਮੇਂ ਈਅਰ ਫੋਨ ਲਾ ਰੱਖਦੇ ਹਨ, ਜਿਸ ਨਾਲ ਜਿੱਥੇ ਕੰਨਾਂ ਦੀ ਸੁਣਨ ਸ਼ਕਤੀ ਕਮਜ਼ੋਰ ਹੁੰਦੀ ਹੈ, ਉੱਥੇ ਕਿਸੇ ਦੀ ਗੱਲ ਵੀ ਨਹੀਂ ਸੁਣਦੇ।ਇਸ ਤਰ੍ਹਾਂ ਕੰਨ ਵਿੱਚ ਈਅਰ ਫੋਨ ਲਾ ਕੇ ਤੁਰਨ ਜਾਂ ਵਹੀਕਲ ਚਲਾਉਣ ਨਾਲ ਕਈ ਐਕਸੀਡੈਂਟ ਹੋ ਚੁੱਕੇ ਹਨ। ਪ੍ਰਿੰਟ ਤੇ ਇਲੈਕਟ੍ਰੋਨਿਕ ਮੀਡੀਆ ਉਪਰ ਹਾਕਮ ਸਰਕਾਰਾਂ ਦਾ ਬੋਲਬਾਲਾ ਹੈ। ਵਿਰੋਧੀ ਧਿਰ ਦੀ ਖਬਰ ਨਹੀਂ ਆਉਂਦੀ ਉਥੇ ਵਟਸਅੱਪ ਤੇ ਫੇਸਬੁੱਕ ਲੋਕਾਂ ਨੂੰ ਸਚਾਈ ਦੱਸ ਕੇ ਅਹਿਮ ਰੋਲ ਨਿਭਾਅ ਰਹੀ ਹੈ। ਕੁਝ ਸ਼ਰਾਰਤੀ ਲੋਕਾਂ ਵੱਲੋਂ ਮੀਡੀਏ ਦੀ ਦੁਰਵਰਤੋਂ ਕਰਕੇ ਦੰਗੇ ਤੇ ਧਾਰਮਿਕ ਭਾਵਨਾਵਾਂ ਭੜਕਾਉਣ, ਅਸ਼ਲੀਲਤਾ ਫੈਲਾਉਣ ਤੇ ਇਕ-ਦੂਜੇ ਨੂੰ ਕੰਪਿਊਟਰਾਈਜ਼ਡ ਫੋਟੋਆਂ ਬਣਾ ਕੇ ਬਦਨਾਮ ਕੀਤਾ ਜਾ ਰਿਹਾ ਹੈ।ਫਿਲਮੀ ਕੈਮਰਿਆਂ ਰਾਹੀਂ ਬਣੇ ਚਮਤਕਾਰੀ ਸੀਨਾਂ ਨੂੰ ਅੰਧਵਿਸ਼ਵਾਸ ਫੈਲਾਉਣ ਲਈ ਵਰਤਿਆ ਜਾਂਦਾ ਹੈ।ਹਨੇਰੇ ਵਿੱਚ ਲਗਾਤਾਰ ਮੋਬਾਇਲ ਵੇਖਣਾ ਨਿਗਾਹ ਲਈ, ਤੇ ਲੰਬੀ ਗੱਲਬਾਤ ਕਰਨਾ ਕੰਨਾਂ ਲਈ ਖ਼ਤਰਨਾਕ ਹੈ।ਅੱਜ-ਕੱਲ੍ਹ ਇਕ ਹੋਰ ਖਤਰਨਾਕ ਰੁਝਾਨ ਹੈ ਸੋਸ਼ਲ ਮੀਡੀਏ 'ਤੇ ਝੂਠੀਆਂ ਖਬਰਾਂ ਪਾਉਣ ਦਾ ਤੇ ਲੋਕਾਂ ਨੂੰ ਬੇਵਕੂਫ ਬਣਾਉਣ ਦਾ। ਜਾਣਬੁੱਝ ਕੇ ਸੋਚੀ-ਸਮਝੀ ਸਾਜ਼ਿਸ਼ ਤਹਿਤ ਝੂਠੀਆਂ ਖਬਰਾਂ ਜਾਂ ਪੋਸਟਾਂ ਸਿਰਫ ਵਿਊ ਲੈਣ ਲਈ ਪਾਈਆਂ ਜਾਂਦੀਆਂ ਹਨ।ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵੀ ਦਿਨੋ-ਦਿਨ ਵਰਤੋ ਵਧ ਰਹੀ ਹੈ।

ਕਿਸੇ ਵੀ ਪੋਸਟ ਨੂੰ ਭੇਜਣ ਤੋਂ ਪਹਿਲਾਂ ਪੜ੍ਹੋ, ਸੋਚੋ ਅਤੇ ਵਿਚਾਰੋ ਕੀ ਇਸ ਨਾਲ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਤੇ ਨਹੀਂ ਪਹੁੰਚਦੀ, ਅੱਜ-ਕੱਲ੍ਹ ਐਵੇਂ ਲੋਕ, ਬਾਤ ਦਾ ਬਤੰਗੜ ਬਣਾ ਲੈਂਦੇ ਹਨ ਅਤੇ ਹਰ ਗੱਲ ਨੂੰ ਧਾਰਮਿਕਤਾ ਨਾਲ ਜੋੜ ਕੇ ਕੁੱਝ ਲੋਕਾਂ ਨੂੰ ਜਾਂ ਕਿਸੇ ਫਿਰਕੇ ਨੂੰ ਭੜਕਾਅ ਕੇ ਮਜ਼ਾ ਲੈਂਦੇ ਹਨ। ਇਹ ਵੀ ਖਿਆਲ ਰੱਖੋ ਕਿ ਕਿਸੇ ਬਿਨਾਂ ਸੋਚੇ-ਸਮਝੇ ਭੇਜੇ ਮੈਸਿਜ਼ ਨਾਲ ਤੁਹਾਡੀ ਸ਼ਖਸੀਅਤ ਦਾ ਪ੍ਰਭਾਵ ਗਲਤ ਤਾਂ ਨਹੀਂ ਜਾ ਰਿਹਾ ਤੇ ਤੁਹਾਡੀ ਸ਼ਬਦਾਵਲੀ ਵੀ ਹਮੇਸ਼ਾ ਪਰਵਾਰ ਵਿੱਚ ਪੜ੍ਹਨਯੋਗ ਹੋਣੀ ਚਾਹੀਦੀ ਹੈ। ਬਾਕੀ ਤੁਸੀਂ ਆਪ ਸਿਆਣੇ ਹੋ, ਸਿਆਣਪ ਤੋਂ ਕੰਮ ਲਵੋ।ਇਹ ਵੀ ਸੱਚਾਈ ਹੈ ਕਿ ਜਿਹੜੇ ਸਮੇਂ ਦੇ ਨਾਲ-ਨਾਲ ਨਹੀਂ ਚੱਲਦੇ, ਉਹ ਜ਼ਿੰਦਗੀ ਦੀ ਦੌੜ ਵਿੱਚ ਪਿੱਛੇ ਰਹਿ ਜਾਂਦੇ ਹਨ।

**# ਸੰਪਰਕ : 94174-22349**

# ਜੰਗਲਾਂ ਦੀ ਸੰਭਾਲ ਲਈ ਮਿਸ਼ਨਰੀ ਭਾਵਨਾ ਦੀ ਲੋੜ


ਵਿਜੈ ਗਰਗ

1947 ਵਿੱਚ ਭਾਰਤ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਤੋਂ ਹੀ ਭਾਰਤ ਦੇ ਜੰਗਲੀ ਸਰੋਤ ਹਮੇਸ਼ਾ ਕਬਜ਼ੇ ਦਾ ਸ਼ਿਕਾਰ ਰਹੇ ਹਨ। ਜ਼ਮੀਨ ਦੀ ਭੁੱਖ ਅਤੇ ਸਿਆਸਤਦਾਨਾਂ ਅਤੇ ਸਮਾਜਿਕ ਕਾਰਕੁਨਾਂ ਦੀ ਸ਼ਮੂਲੀਅਤ ਕਾਰਨ, ਵੱਖ-ਵੱਖ ਸਮੂਹਾਂ ਦੁਆਰਾ ਜੰਗਲਾਂ 'ਤੇ ਕਬਜ਼ੇ ਨੂੰ ਵੱਖ-ਵੱਖ ਰੰਗ ਅਤੇ ਵਿਆਖਿਆ ਦਿੱਤੀ ਗਈ ਹੈ। ਇਹ ਇੱਕ ਜਾਣਿਆ-ਪਛਾਣਿਆ ਤੱਥ ਹੈ ਕਿ ਭਾਰਤ ਦੀ ਭੋਜਨ ਅਤੇ ਪਾਣੀ ਸੁਰੱਖਿਆ ਇੱਕ ਸਿਹਤਮੰਦ ਜੰਗਲੀ ਸਰੋਤ 'ਤੇ ਨਿਰਭਰ ਹੈ। ਜੰਗਲਾਤ ਜ਼ਮੀਨ 'ਤੇ ਕਬਜ਼ਾ ਇੱਕ ਲੰਬੇ ਸਮੇਂ ਤੋਂ ਵਾਤਾਵਰਣ ਅਤੇ ਸਮਾਜਿਕ-ਰਾਜਨੀਤਕ ਸੰਕਟ ਵਿੱਚ ਵਿਕਸਤ ਹੋਇਆ ਹੈ, ਜੈਵ ਵਿਭਿੰਨਤਾ ਨੂੰ ਖਤਮ ਕਰ ਰਿਹਾ ਹੈ, ਜਲਵਾਯੂ ਕਮਜ਼ੋਰੀ ਨੂੰ ਵਧਾ ਰਿਹਾ ਹੈ ਅਤੇ ਆਦਿਵਾਸੀ ਅਤੇ ਪੇਂਡੂ ਗਰੀਬ ਭਾਈਚਾਰਿਆਂ ਨੂੰ ਉਜਾੜ ਰਿਹਾ ਹੈ। ਆਬਾਦੀ ਦੇ ਦਬਾਅ, ਆਰਥਿਕ ਮੰਗਾਂ ਅਤੇ ਕਮਜ਼ੋਰ ਸੰਸਥਾਗਤ ਢਾਂਚੇ ਦੁਆਰਾ ਪ੍ਰੇਰਿਤ ਇਹ ਮੁੱਦਾ ਰਾਜਨੀਤਕ ਕਾਰਵਾਈਆਂ - ਲੋਕਪ੍ਰਿਯ ਨੀਤੀਆਂ ਤੋਂ ਲੈ ਕੇ ਰੈਗੂਲੇਟਰੀ ਕਮਜ਼ੋਰੀ ਤੱਕ ਕਾਫ਼ੀ ਵਿਗੜ ਗਿਆ ਹੈ, ਜੋ ਟਿਕਾਊ ਸੰਭਾਲ ਨਾਲੋਂ ਥੋੜ੍ਹੇ ਸਮੇਂ ਦੇ ਲਾਭਾਂ ਨੂੰ ਤਰਜੀਹ ਦਿੰਦੇ ਹਨ।

ਮਾਰਚ 2024 ਤੱਕ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਦੁਆਰਾ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵਿੱਚ ਪੇਸ਼ ਕੀਤੀ ਗਈ ਰਿਪੋਰਟ ਦੇ ਅਨੁਸਾਰ 25 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ 1.3 ਮਿਲੀਅਨ ਹੈਕਟੇਅਰ ਤੋਂ ਵੱਧ ਜੰਗਲੀ ਜ਼ਮੀਨ 'ਤੇ ਕਬਜ਼ਾ ਹੈ। ਇਹ ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਅੰਡੇਮਾਨ ਅਤੇ ਨਿਕੋਬਾਰ ਟਾਪੂ, ਅਸਾਮ, ਅਰੁਣਾਚਲ ਪ੍ਰਦੇਸ਼, ਆਂਧਰਾ ਪ੍ਰਦੇਸ਼, ਚੰਡੀਗੜ੍ਹ, ਛੱਤੀਸਗੜ੍ਹ, ਦਾਦਰਾ ਅਤੇ ਨਗਰ ਹਵੇਲੀ ਅਤੇ ਦਮਨ ਅਤੇ ਦੀਵ, ਕੇਰਲਾ, ਲਕਸ਼ਦੀਪ, ਮਹਾਰਾਸ਼ਟਰ, ਓਡੀਸ਼ਾ, ਪੁਡੂਚੇਰੀ, ਪੰਜਾਬ, ਤਾਮਿਲਨਾਡੂ, ਤ੍ਰਿਪੁਰਾ, ਉਤਰਾਖੰਡ, ਉੱਤਰ ਪ੍ਰਦੇਸ਼, ਝਾਰਖੰਡ, ਸਿੱਕਮ, ਮੱਧ ਪ੍ਰਦੇਸ਼, ਮਿਜ਼ੋਰਮ ਅਤੇ ਮਨੀਪੁਰ ਹਨ। ਜਿਨ੍ਹਾਂ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ ਅਜੇ ਵੀ ਜੰਗਲਾਂ ਦੇ ਕਬਜ਼ੇ ਬਾਰੇ ਡੇਟਾ ਅਤੇ ਵੇਰਵੇ ਜਮ੍ਹਾਂ ਨਹੀਂ ਕਰਵਾਏ ਹਨ, ਉਹ ਹਨ ਬਿਹਾਰ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ, ਤੇਲੰਗਾਨਾ, ਪੱਛਮੀ ਬੰਗਾਲ, ਨਾਗਾਲੈਂਡ, ਦਿੱਲੀ, ਜੰਮੂ ਅਤੇ ਕਸ਼ਮੀਰ ਅਤੇ ਲੱਦਾਖ। ਅਸਾਮ (3,620.9 ਵਰਗ ਕਿਲੋਮੀਟਰ) ਅਤੇ ਮੱਧ ਪ੍ਰਦੇਸ਼ (5,460.9 ਵਰਗ ਕਿਲੋਮੀਟਰ) ਸਭ ਤੋਂ ਵੱਧ ਪ੍ਰਭਾਵਤ ਹਨ, ਉਸ ਤੋਂ ਬਾਅਦ ਕਰਨਾਟਕ ਅਤੇ ਮਹਾਰਾਸ਼ਟਰ ਹਨ। ਇਹ ਉਨ੍ਹਾਂ ਰੁਝਾਨਾਂ ਦੀ ਨਿਰੰਤਰਤਾ ਨੂੰ ਦਰਸਾਉਂਦਾ ਹੈ, ਜਿੱਥੇ ਭਾਰਤ ਨੇ ਮਹੱਤਵਪੂਰਨ ਜੰਗਲਾਤ ਕਵਰ ਗੁਆ ਦਿੱਤਾ ਹੈ, ਜਿਸ ਵਿੱਚ ਗਲੋਬਲ ਫੋਰੈਸਟ ਵਾਚ ਦੇ ਅਨੁਸਾਰ ਸਿਰਫ਼ 2024 ਵਿੱਚ 18,200 ਹੈਕਟੇਅਰ ਕੁਦਰਤੀ ਜੰਗਲ ਸ਼ਾਮਲ ਹਨ।

ਜੰਗਲਾਂ 'ਤੇ ਕਬਜ਼ੇ ਦੇ ਇਤਿਹਾਸਕ ਤੌਰ @ਤੇ ਕਈ ਕਾਰਨ ਰਹੇ ਹਨ। ਜ਼ਮੀਨ ਦੀ ਭੁੱਖ ਕਾਰਨ ਬਹੁਤ ਸਾਰੇ ਭਾਈਚਾਰਿਆਂ ਨੇ ਖੇਤੀ ਅਤੇ ਰਿਹਾਇਸ਼ ਲਈ ਜੰਗਲ ਸਾਫ਼ ਕਰ ਦਿੱਤੇ, ਖਾਸ ਕਰਕੇ ਕਬਾਇਲੀ ਖੇਤਰਾਂ ਵਿੱਚ। ਜੰਗਲਾਂ ਦੇ ਵੱਡੇ ਹਿੱਸਿਆਂ ਨੂੰ ਕਾਨੂੰਨੀ ਤੌਰ 'ਤੇ ਡੈਮਾਂ, ਸਿੰਚਾਈ, ਸੜਕਾਂ, ਰੇਲਵੇ ਅਤੇ ਮਾਈਨਿੰਗ ਪ੍ਰੋਜੈਕਟਾਂ ਅਤੇ ਹੋਰ ਵਿਕਾਸ ਕਾਰਜਾਂ ਵਰਗੇ ਵਿਕਾਸ ਉਦੇਸ਼ਾਂ ਲਈ ਮੋੜਿਆ ਜਾਂਦਾ ਹੈ। ਸ਼ਹਿਰੀ ਵਿਸਥਾਰ ਅਤੇ ਗੈਰ-ਕਾਨੂੰਨੀ ਮਾਈਨਿੰਗ ਨੇ ਵੀ ਪ੍ਰਾਇਮਰੀ ਜੰਗਲਾਂ 'ਤੇ ਬਹੁਤ ਵੱਡਾ ਪ੍ਰਭਾਵ ਪਾਇਆ ਹੈ। 2014 ਤੋਂ ਭਾਰਤ ਵਿੱਚ ਜੰਗਲ (ਸੰਰਖਣ) ਐਕਟ 1980 ਦੇ ਤਹਿਤ 1 ਅਪ੍ਰੈਲ 2014 ਤੋਂ 31 ਮਾਰਚ 2024 ਦੇ ਵਿਚਕਾਰ 1.73 ਲੱਖ ਹੈਕਟੇਅਰ ਤੋਂ ਵੱਧ ਜੰਗਲੀ ਜ਼ਮੀਨ ਨੂੰ ਗੈਰ-ਜੰਗਲਾਤ ਉਦੇਸ਼ਾਂ ਲਈ ਮੋੜਨ ਲਈ ਮਨਜ਼ੂਰੀ ਦਿੱਤੀ ਗਈ ਹੈ।

1864 ਵਿੱਚ ਭਾਰਤੀ ਜੰਗਲਾਤ ਵਿਭਾਗ ਦੀ ਸਥਾਪਨਾ ਤੋਂ ਬਾਅਦ ਜੰਗਲ ਰਾਖਵਾਂਕਰਨ ਹਮੇਸ਼ਾ ਬਹਿਸ ਅਤੇ ਚਰਚਾ ਦਾ ਵਿਸ਼ਾ ਰਿਹਾ ਹੈ, ਇੱਥੋਂ ਤੱਕ ਕਿ ਅੰਗਰੇਜ਼ਾਂ ਵਿੱਚ ਵੀ। ਬ੍ਰਿਟਿਸ਼ ਸਿਵਲ ਸੇਵਕ ਬੈਡਨ ਪਾਵੇਲ, ਜੋ ਪੰਜਾਬ ਵਿੱਚ ਜੰਗਲਾਂ ਦੇ ਸੰਰੱਖਿਅਕ ਵਜੋਂ ਵੀ ਕੰਮ ਕਰਦੇ ਸਨ, ਨੇ ਹਮੇਸ਼ਾ ਵਾਤਾਵਰਣ ਅਤੇ ਆਰਥਕ ਕਾਰਨਾਂ ਕਰਕੇ ਜੰਗਲਾਂ ਦੇ ਇੱਕਤਰਫਾ ਨਿਯੰਤਰਣ ਦੇ ਕਾਰਨ ਦਾ ਸਮਰਥਨ ਕੀਤਾ ਸੀ। ਉਨ੍ਹਾ ਦੇ ਮੁਕਾਬਲੇ ਜਰਮਨ ਜੰਗਲਾਤ ਡਾਇਟਰਿਕ ਬ੍ਰਾਂਡਿਸ, ਜਿਸ ਨੂੰ 1864 ਤੋਂ 1883 ਤੱਕ ਜੰਗਲਾਂ ਦੇ ਇੰਸਪੈਕਟਰ ਜਨਰਲ ਵਜੋਂ ਨਿਯੁਕਤ ਕੀਤਾ ਗਿਆ ਸੀ, ਨੇ ਇੱਕ ਲੋਕ-ਪੱਖੀ ਲਾਈਨ ਅਪਣਾਈ ਅਤੇ ਉਨ੍ਹਾਂ ਦੇ ਕਾਰਨ ਜਦੋਂ ਜੰਗਲਾਂ ਦਾ ਰਾਖਵਾਂਕਰਨ ਕੀਤਾ ਗਿਆ ਸੀ, ਤਾਂ ਦੋ-ਤਿਹਾਈ ਜੰਗਲ ਲੋਕਾਂ ਦੀ ਵਰਤੋਂ ਲਈ ਛੱਡ ਦਿੱਤੇ ਗਏ ਸਨ।

ਬਸਤੀਵਾਦੀ ਸ਼ਾਸਨ ਦੀ 1894 ਦੀ ਜੰਗਲ ਨੀਤੀ ਨੇ ਜੰਗਲਾਤ ਨੂੰ ਖੇਤੀਬਾੜੀ ਦੇ ਅਧੀਨ ਕਰ ਦਿੱਤਾ ਅਤੇ ਜੰਗਲਾਂ ਦੇ ਵੱਡੇ ਖੇਤਰਾਂ ਨੂੰ ਭੋਜਨ ਉਤਪਾਦਨ ਲਈ ਖੇਤੀਬਾੜੀ ਲਈ ਮੋੜ ਦਿੱਤਾ ਗਿਆ, ਪਰ ਇਸ ਨੇ ਵਪਾਰਕ ਸ਼ੋਸ਼ਣ ਲਈ ਰਾਜ ਨੂੰ ਵਧੇਰੇ ਨਿਯੰਤਰਣ ਵੀ ਦਿੱਤਾ, ਖਾਸ ਕਰਕੇ ਰੇਲਵੇ ਨੈੱਟਵਰਕ ਦੇ ਵਿਸਥਾਰ ਲਈ। ਮਿੱਟੀ, ਨਮੀ ਅਤੇ ਪਾਣੀ ਦੀ ਸੰਭਾਲ ਲਈ ਬਹੁਤ ਸਾਰੇ ਸੁਰੱਖਿਆ ਜੰਗਲ ਬਣਾਏ ਗਏ ਸਨ, ਜਿਸ ਨਾਲ ਖੇਤੀਬਾੜੀ ਨੂੰ ਹੁਲਾਰਾ ਮਿਲਿਆ।



ਹਾਲਾਂਕਿ, ਇਹ ਨੀਤੀ 1914 ਤੋਂ 1918 ਦੌਰਾਨ ਪਹਿਲੇ ਵਿਸ਼ਵ ਯੁੱਧ ਕਾਰਨ ਉਲਟ-ਪੁਲਟ ਹੋ ਗਈ, ਜਦੋਂ ਬ੍ਰਿਟਿਸ਼ ਨੇਵੀ ਨੂੰ ਲੱਕੜ ਦੀ ਲੋੜ ਸੀ। ਬ੍ਰਿਟਿਸ਼ ਨੇ ਜੰਗਲਾਤ ਸਿਖਲਾਈ ਸੰਸਥਾਵਾਂ ਅਤੇ ਜੰਗਲਾਤ ਖੋਜ ਸੰਸਥਾ ਬਣਾ ਕੇ ਚੀਜ਼ਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ, ਪਰ ਦੋ ਵਿਸ਼ਵ ਯੁੱਧਾਂ ਨੇ ਜੰਗਲਾਂ ਦੇ ਸੁਚੱਜੇ ਪ੍ਰਬੰਧਨ ਨੂੰ ਬਹੁਤ ਪ੍ਰਭਾਵਤ ਕੀਤਾ। ਆਜ਼ਾਦੀ ਤੋਂ ਬਾਅਦ ਰਿਜ਼ਰਵ ਅਤੇ ਸੁਰੱਖਿਅਤ ਜੰਗਲਾਂ ਵਜੋਂ ਸ਼ਾਮਲ ਕੀਤੇ ਗਏ ਸਾਬਕਾ ਰਿਆਸਤਾਂ ਨੂੰ ਜ਼ਿਆਦਾਤਰ ਘਟਾਇਆ ਗਿਆ ਅਤੇ ਕਈ ਥਾਵਾਂ 'ਤੇ ਟਕਰਾਅ ਦਾ ਕਾਰਨ ਵੀ ਬਣਿਆ। ਇਹ ਟਕਰਾਅ ਇੱਕ ਪਾਸੇ ਕਾਰਕੁਨਾਂ ਦੁਆਰਾ ਜਾਰੀ ਰਿਹਾ, ਜਿਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਦੁਆਰਾ ਰਿਜ਼ਰਵੇਸ਼ਨ ਪ੍ਰਕਿਰਿਆ ਨੂੰ ਲੋਕਾਂ 'ਤੇ ਦਬਾ ਦਿੱਤਾ ਗਿਆ ਸੀ।

ਇਸ ਨੇ ਰਾਜਨੀਤਕ ਸਰਪ੍ਰਸਤੀ ਹੇਠ ਕਬਜ਼ੇ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਕੀਤੀ, ਜਦੋਂ ਤੱਕ ਕਿ 1980 ਵਿੱਚ ਜੰਗਲ ਸੰਭਾਲ ਐਕਟ ਲਾਗੂ ਨਹੀਂ ਹੋਇਆ, ਜਦੋਂ 42ਵੇਂ ਸੰਵਿਧਾਨਕ ਸੋਧ ਬਿੱਲ ਦੁਆਰਾ ਜੰਗਲ ਅਤੇ ਜੰਗਲੀ ਜੀਵਾਂ ਨੂੰ ਸਮਕਾਲੀ ਵਿਸ਼ਿਆਂ ਵਜੋਂ ਲਿਆਂਦਾ ਗਿਆ।

ਜੰਗਲ ਅਤੇ ਇਸ ਦੀ ਜੈਵ ਵਿਭਿੰਨਤਾ ਆਪਣੇ ਆਪ ਵਿੱਚ ਨਹੀਂ ਬੋਲ ਸਕਦੇ। ਇਤਿਹਾਸ ਜੋ ਵੀ ਹੋਵੇ, ਇਹ ਇੱਕ ਤੱਥ ਹੈ ਕਿ ਰਾਜ ਕਰਨ ਵਾਲੀਆਂ ਜ਼ਿਆਦਾਤਰ ਰਾਜਨੀਤਕ ਪਾਰਟੀਆਂ ਦੁਆਰਾ ਜੰਗਲਾਂ ਅਤੇ ਜੰਗਲਾਤਕਾਰਾਂ ਨੂੰ ਸੜਕ ਦੇ ਅੜਿੱਕੇ ਵਜੋਂ ਮੰਨਿਆ ਜਾਂਦਾ ਹੈ, ਕਿਉਂਕਿ ਸੰਭਾਲ ਦਾ ਸੰਕਲਪ ਵੋਟਰਾਂ ਦੇ ਹਿੱਤਾਂ ਅਤੇ ਵਿਕਾਸ ਲਈ ਤਰਜੀਹਾਂ ਨਾਲ ਟਕਰਾਉਂਦਾ ਹੈ। ਖਣਿਜ, ਕਬਾਇਲੀ ਅਤੇ ਜੰਗਲ ਦੇ ਨਕਸ਼ੇ ਇੱਕ ਦੂਜੇ ਦੇ ਓਵਰਲੈਪ ਹੋਣ ਕਾਰਨ ਸਥਿਤੀ ਗੰਭੀਰ ਹੋ ਜਾਂਦੀ ਹੈ। 2006 ਵਿੱਚ ਜੰਗਲ ਅਧਿਕਾਰ ਐਕਟ ਲਾਗੂ ਹੋਣ ਤੋਂ ਬਾਅਦ ਵੀ ਕਬਜ਼ੇ ਦੀ ਸਮੱਸਿਆ ਘੱਟ ਨਹੀਂ ਹੋਈ, ਸਗੋਂ ਘਟੇ ਹੋਏ ਜੰਗਲ 28 ਮਿਲੀਅਨ ਹੈਕਟੇਅਰ ਤੱਕ ਵਧ ਗਏ ਹਨ।

2023 ਦੀ FSI ਰਿਪੋਰਟ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ ਕਿ 50 ਪ੍ਰਤੀਸ਼ਤ ਤੋਂ ਵੱਧ ਕੁਦਰਤੀ ਜੰਗਲਾਂ ਵਿੱਚ ਪੁਨਰਜਨਮ ਦੀ ਘਾਟ ਹੈ। ਜਦੋਂ ਇਹ ਲੇਖਕ ਮੰਤਰਾਲੇ ਵਿੱਚ 976 ਸੀ, ਤਾਂ 1980 ਤੋਂ ਪਹਿਲਾਂ ਸਿਰਫ 3.5 ਲੱਖ ਹੈਕਟੇਅਰ ਜ਼ਮੀਨ ਕਬਜ਼ੇ ਹੇਠ ਸੀ, ਜਦੋਂ ਸਰਕਾਰ ਇਨ੍ਹਾਂ ਕਬਜ਼ੇ ਨੂੰ ਨਿਯਮਤ ਕਰਨ ਲਈ ਸਹਿਮਤ ਹੋਈ ਸੀ, ਅਤੇ 2001 ਵਿੱਚ 1980 ਤੋਂ ਬਾਅਦ ਲਗਭਗ 13 ਲੱਖ ਹੈਕਟੇਅਰ ਜ਼ਮੀਨ ਕਬਜ਼ੇ ਹੇਠ ਸੀ। ਹੁਣ ਜੰਗਲਾਤ ਅਧਿਕਾਰ ਐਕਟ 2006 ਦੇ ਤਹਿਤ ਕਬਾਇਲੀ ਮਾਮਲਿਆਂ ਦੇ ਮੰਤਰਾਲੇ ਦੀ ਵੈੱਬਸਾਈਟ ਦੱਸਦੀ ਹੈ ਕਿ ਵਿਅਕਤੀਗਤ ਅਧਿਕਾਰਾਂ ਅਧੀਨ 50,75,083.51 ਏਕੜ ਜੰਗਲ 23,86,670 ਪਰਿਵਾਰਾਂ ਨੂੰ ਸੌਂਪੇ ਗਏ ਹਨ। ਇਸੇ ਤਰ੍ਹਾਂ 181,98,863.89 ਏਕੜ ਜੰਗਲ 1,21,705 ਭਾਈਚਾਰਿਆਂ ਨੂੰ ਭਾਈਚਾਰਕ ਅਧਿਕਾਰਾਂ ਵਜੋਂ ਸੌਂਪੇ ਗਏ ਸਨ। ਕੁਦਰਤੀ ਤੌਰ 'ਤੇ, ਗ੍ਰਾਮ ਸਭਾ ਦੇ ਕਹਿਣ 'ਤੇ ਐਕਟ ਨੇ ਉਨ੍ਹਾਂ ਜੰਗਲਾਂ ਨੂੰ ਵੰਡਿਆ ਅਤੇ ਉਨ੍ਹਾਂ ਦਾ ਸੌਦਾ ਕੀਤਾ, ਜੋ ਕਬਜ਼ੇ ਵਿੱਚ ਨਹੀਂ ਸਨ। ਐਕਟ ਲਾਗੂ ਹੋਣ ਦੇ 19 ਸਾਲਾਂ ਦੇ ਬਾਵਜੂਦ ਇਹ ਪ੍ਰਕਿਰਿਆ ਅਜੇ ਵੀ ਜਾਰੀ ਹੈ।

ਇਹ ਐਕਟ ਆਦਿਵਾਸੀ ਪਰਵਾਰਾਂ ਨੂੰ ਜ਼ਮੀਨ ਦੇ ਟੁਕੜੇ ਜਾਰੀ ਕਰਨ ਦੇ ਨਾਂਅ 'ਤੇ ਵੋਟਾਂ ਹਾਸਲ ਕਰਨ ਲਈ ਇੱਕ ਰਾਜਨੀਤਕ ਸਾਧਨ ਬਣਦਾ ਜਾ ਰਿਹਾ ਹੈ। ਹਰ ਪਾਸੇ ਭਾਰੀ ਕਬਜ਼ਿਆਂ ਦੀਆਂ ਰਿਪੋਰਟਾਂ ਹਨ ਅਤੇ ਜਦੋਂ ਤੱਕ ਅਰਜ਼ੀ ਜਮ੍ਹਾਂ ਕਰਾਉਣ ਦੀ ਆਖਰੀ ਮਿਤੀ ਨਿਰਧਾਰਤ ਨਹੀਂ ਕੀਤੀ ਜਾਂਦੀ, ਇਤਿਹਾਸਕ ਬੇਇਨਸਾਫ਼ੀ ਨੂੰ ਸੁਧਾਰਨ ਦੀ ਦਵਾਈ ਹੌਲੀ-ਹੌਲੀ ਜੰਗਲਾਂ ਅਤੇ ਜੰਗਲਾਂ 'ਤੇ ਨਿਰਭਰ ਲੋਕਾਂ ਲਈ 'ਜ਼ਹਿਰ' ਬਣ ਰਹੀ ਹੈ।

ਹੁਣ ਸਮਾਂ ਆ ਗਿਆ ਹੈ ਕਿ ਆਰ ਐਸ ਐਸ ਨਾਲ ਸੰਬੰਧਤ ਵਨਵਾਸੀ ਕਲਿਆਣ ਆਸ਼ਰਮ, ਜੋ ਇਸ ਐਕਟ ਦਾ ਇਕਹਿਰੇ ਮਨ ਨਾਲ ਸਮਰਥਨ ਕਰ ਰਿਹਾ ਹੈ, ਨੂੰ ਇਸ ਨੂੰ ਸਮਝਣ ਅਤੇ ਅਗਵਾਈ ਦੇਣ ਦਾ ਮੌਕਾ ਦੇਵੇ, ਤਾਂ ਜੋ ਸੱਚੇ ਆਦਿਵਾਸੀਆਂ ਨੂੰ ਲੰਮੇ ਸਮੇਂ ਲਈ ਦੁੱਖ ਨਾ ਝੱਲਣਾ ਪਵੇ ਅਤੇ ਅਰਜ਼ੀਆਂ ਦਾਇਰ ਕਰਨ ਲਈ ਇੱਕ ਸਮਾਂ ਸੀਮਾ ਨਿਰਧਾਰਤ ਕਰਨੀ ਪਵੇ। ਕਬਾਇਲੀ ਮਾਮਲਿਆਂ ਦਾ ਮੰਤਰਾਲਾ ਦੇਸ਼ ਦੇ ਵਾਤਾਵਰਣ, ਭੋਜਨ ਅਤੇ ਪਾਣੀ ਸੁਰੱਖਿਆ ਲਈ ਹੋ ਰਹੇ ਗੰਭੀਰ ਪ੍ਰਭਾਵਾਂ ਤੋਂ ਅਣਜਾਣ ਹੈ।

ਰੁੱਖ ਲਗਾਉਣਾ ਸਧਾਰਨ ਹੈ, ਪਰ ਜੰਗਲਾਂ ਦੀ ਦੇਖਭਾਲ ਲਈ ਪੇਸ਼ੇਵਰ ਇਨਪੁਟ ਦੀ ਲੋੜ ਹੁੰਦੀ ਹੈ। ਭਾਰਤੀ ਜੰਗਲ ਜੰਗਲਾਂ ਦੀ ਹੋਰ ਕਾਨੂੰਨੀ ਜਾਂ ਗੈਰ-ਕਾਨੂੰਨੀ ਤਬਾਹੀ ਨੂੰ ਰੋਕਣ ਲਈ ਉੱਚੀ-ਉੱਚੀ ਰੋ ਰਹੇ ਹਨ। ਕੁਦਰਤ ਨੇ ਬਦਲਾ ਲੈਣਾ ਸ਼ੁਰੂ ਕਰ ਦਿੱਤਾ ਹੈ, ਜਿਵੇਂ ਕਿ ਇਸ ਮਾਨਸੂਨ ਵਿੱਚ ਦੇਖਿਆ ਗਿਆ ਹੈ। ਸੋਚਣ ਅਤੇ ਦੁਬਾਰਾ ਸੋਚਣ ਦਾ ਸਮਾਂ ਆ ਗਿਆ ਹੈ।

# ਯੋਗ ਮੁਆਵਜ਼ਾ ਨਾ ਦਿੱਤਾ ਤਾਂ ਭਗਵੰਤ ਮਾਨ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ : ਮਜ਼ਦੂਰ ਆਗੂ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਭਾਈ ਲਾਲੋ ਪੰਜਾਬੀ ਮੰਚ, ਲਾਲ ਝੰਡਾ ਮਨਰੇਗਾ ਵਰਕਰ ਯੂਨੀਅਨ , ਦਲਿਤ ਅਤੇ ਮਜ਼ਦੂਰ ਮੁਕਤੀ ਮੋਰਚਾ ਵੱਲੋਂ 'ਯੁੱਧ ਗਰੀਬੀ ਵਿਰੁਧ' ਤਹਿਤ ਪਿੰਡ ਗੰਗੋਹਰ, ਠੁੱਲੀਵਾਲ ਅਤੇ ਸਹਿਜੜਾ 'ਚ ਮੀਟਿੰਗਾਂ ਕਰਵਾ ਕੇ ਕਿਰਤੀ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਲਾਮਬੰਦ ਕੀਤਾ ਗਿਆ।ਇਸ ਮੌਕੇ ਬੋਲਦਿਆਂ ਆਗੂ ਹਰਜੀਤ ਸਿੰਘ ਖ਼ਿਆਲੀ ਨੇ ਕਿਹਾ ਕਿ ਅੱਜ ਮਜ਼ਦੂਰ ਜਮਾਤ ਅਤੇ ਕਿਸਾਨ ਬੇਹੱਦ ਚੁਣੌਤੀ ਪੂਰਣ ਹਾਲਾਤ ਵਿੱਚੋਂ ਲੰਘ ਰਹੇ ਹਨ ।ਸਰਮਾਏਦਾਰ ਜਮਾਤ ਹੱਥੋਂ ਮਜ਼ਦੂਰਾਂ ਦੇ ਕਿਰਤ ਹੱਕਾਂ ਦਾ ਵੱਡੇ ਪੱਧਰ ਉੱਤੇ ਘਾਣ ਹੋ ਰਿਹਾ ਹੈ।ਨਿਗੂਣੀਆਂ ਤਨਖਾਹਾਂ ਉੱਤੇ ਮਜ਼ਦੂਰ ਹੱਡ-ਭੰਨਵੀਂ ਮਿਹਨਤ ਕਰਨ ਉੱਤੇ ਮਜ਼ਬੂਰ ਹਨ।ਲੱਕ ਤੋੜਵੀਂ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਦੀ ਭਰਮਾਰ ਲਗਾਤਾਰ ਵਧਦੀ ਜਾ ਰਹੀ ਹੈ।ਬਹੁਗਿਣਤੀ ਕਿਰਤੀ ਅਬਾਦੀ ਆਪਣੀਆਂ ਜ਼ਰੂਰੀ ਲੋੜਾਂ ਵੀ ਪੂਰੀਆਂ ਨਹੀਂ ਕਰ ਸਕਦੀ।ਆਗੂ ਪਰਮਜੀਤ ਕੌਰ ਗੁੰਮਟੀ ਨੇ ਮੰਗ ਕੀਤੀ ਕਿ ਪੰਜਾਬ, ਹਿਮਾਚਲ ਤੇ ਹੋਰ ਰਾਜਾਂ ਵਿੱਚ ਆਏ ਹੜ੍ਹਾਂ ਅਤੇ ਤੇਜ਼ ਬਰਸਾਤਾਂ ਤੋਂ ਪੀੜਤ ਲੋਕਾਂ ਨੂੰ ਫੌਰੀ ਮੁਆਵਜ਼ਾ ਦਿੱਤਾ ਜਾਵੇ ਤੇ ਹੜ੍ਹਾਂ ਦੀ ਰੋਕਥਾਮ ਲਈ ਢੁੱਕਵੇਂ ਪ੍ਰਬੰਧ ਕੀਤੇ ਜਾਣ।ਮਨਰੇਗਾ ਦੇ ਰੁਕੇ ਹੋਏ ਕੰਮ ਜਲਦੀ ਚਾਲੂ ਕੀਤੇ ਜਾਣ।

ਆਗੂਆਂ ਨੇ ਸ਼ਪੱਸ਼ਟ ਕਿਹਾ ਕਿ ਜੇਕਰ ਇਸ ਮਹੀਨੇ ਵਿਚ ਭਾਰੀ ਮੀਂਹ ਨਾਲ ਮਜ਼ਦੂਰਾਂ ਢਹਿ ਢੇਰੀ ਹੋਏ ਘਰਾਂ ਅਤੇ ਕਿਸਾਨਾਂ ਦੀਆਂ ਬਰਬਾਦ ਹੋ ਗਈਆਂ ਫਸਲਾਂ ਦਾ ਯੋਗ ਮੁਆਵਜ਼ਾ ਨਾ ਦਿਤਾ ਗਿਆ ਤਾਂ ਅਗਲੇ ਦਿਨਾਂ ਅੰਦਰ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਸੰਗਰੂਰ ਦਾ ਘਿਰਾਓ ਕੀਤਾ ਕੀਤਾ ਜਾਵੇਗਾ।ਇਸ ਮੌਕੇ ਗੁਰਦੀਪ ਸਿੰਘ ਮਹਿਲ ਕਲਾਂ, ਪਾਲ ਕੌਰ, ਕਿਰਨ ਕੌਰ, ਅਮਨਦੀਪ ਕੌਰ, ਕੇਵਲ ਸਿੰਘ, ਜਰਨੈਲ ਸਿੰਘ, ਗੋਗਾ ਸਿੰਘ, ਮੇਲਾ ਸਿੰਘ, ਹਰਜਿੰਦਰ ਕੌਰ , ਗੁਰਪ੍ਰੀਤ ਕੌਰ, ਮਨਦੀਪ ਕੌਰ, ਮੇਜਰ ਸਿੰਘ, ਗੁਰਪ੍ਰੀਤ ਕੌਰ, ਕਿਰਨ ਕੌਰ ਆਦਿ ਦੀ ਅਗਵਾਈ ਹੇਠ ਕਿਰਤੀ ਲੋਕਾਂ ਨੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਨਾਅਰੇਬਾਜ਼ੀ ਕੀਤੀ।

# ਮੰਗਾਂ ਨੂੰ ਲੈ ਕੇ ਪਾਵਰਕਾਮ ਪੈਨਸ਼ਨਰਾਂ ਦਾ ਰੋਪੜ ਵਿਖੇ ਧਰਨਾ 30 ਨੂੰ

**ਸਮਰਾਲਾ (ਸੁਰਜੀਤ ਸਿੰਘ)**-ਚਿਰਾਂ ਤੋਂ ਲਮਕਦੀਆਂ ਮੰਗਾਂ ਨੂੰ ਲੈ ਕੇ ਪਾਵਰਕੌਮ ਦੀ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਵਿੱਢੇ ਗਏ ਸੰਘਰਸ਼ਾਂ ਦੀ ਲੜੀ ਵਜੋਂ 30 ਨੂੰ ਪਾਵਰਕੌਮ ਦੇ ਰੋਪੜ ਸਰਕਲ ਵਿਖੇ ਧਰਨਾ ਦਿੱਤਾ ਜਾ ਰਿਹਾ ਹੈ।

ਇਸ ਦੀ ਤਿਆਰੀ ਸਬੰਧੀ ਸਮਰਾਲਾ ਮੰਡਲ ਦੀ ਯੂਨਿਟ ਵਲੋਂ ਪ੍ਰਧਾਨ ਸਿਕੰਦਰ ਸਿੰਘ ਦੀ ਪ੍ਰਧਾਨਗੀ ਹੇਠ ਇਕ ਮੀਟਿੰਗ ਕੀਤੀ ਗਈ।ਜਿਸ ਵਿਚ ਵਿੱਚ ਜਥੇਬੰਦੀ ਦੇ ਨੁਮਾਇੰਦਿਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਕਿ ਉਹ ਆਪੋ ਆਪਣੇ ਏਰੀਏ ਦੇ ਪੈਨਸ਼ਨਰਜ਼ ਮੈਂਬਰਾਂ ਨੂੰ ਧਰਨੇ ਸਬੰਧੀ ਲਾਮਬੰਦ ਕਰਨਗੇ। ਇਸੇ ਦੌਰਾਨ ਹੁਸ਼ਿਆਰਪੁਰ ਵਿਖੇ ਮਾਸੂਮ ਬੱਚੇ ਦੇ ਕਤਲ ਦੀ ਕਰੜੀ ਨਖੇਧੀ ਕਰਦਿਆਂ, ਇਨਸਾਫ਼ ਦੀ ਮੰਗ ਕੀਤੀ ਗਈ ਅਤੇ ਦੋਸ਼ੀ ਨੂੰ ਸਖ਼ਤ ਸਜ਼ਾ ਦੇਣ ਦੀ ਅਪੀਲ ਕੀਤੀ ਗਈ।ਉਹਨਾਂ ਕਿਹਾ ਕਿ ਕਿਸੇ ਵਿਸ਼ੇਸ਼ ਸ਼ਰਾਰਤੀ ਅਨਸਰ ਵਲੋਂ ਕੀਤੀ ਗਲਤੀ ਦਾ ਦੋਸ਼ ਸਮੁੱਚੇ ਭਾਈਚਾਰੇ ਨੂੰ ਦੇਣਾ ਨਾਇਨਸਾਫੀ ਹੈ। ਮੀਟਿੰਗ ਵਿੱਚ ਇੰਜ: ਪ੍ਰੇਮ ਸਿੰਘ ਸਾਬਕਾ ਐਸ. ਡੀ. ਓ., ਇੰਜ: ਜੁਗਲ ਕਿਸ਼ੋਰ ਸਾਹਨੀ, ਜਗਤਾਰ ਸਿੰਘ ਪ੍ਰੈਸ ਸਕੱਤਰ, ਦਰਸ਼ਨ ਸਿੰਘ ਵਿੱਤ ਸਕੱਤਰ, ਦਰਸ਼ਨ ਸਿੰਘ ਕੋਟਾਲਾ, ਮਹੇਸ਼ ਕੁਮਾਰ ਖਮਾਣੋਂ, ਹਰਪਾਲ ਸਿੰਘ ਸਿਹਾਲਾ, ਅਮਰਜੀਤ ਸਿੰਘ ਮਾਛੀਵਾੜਾ, ਭੁਪਿੰਦਰਪਾਲ ਸਿੰਘ ਚਹਿਲਾਂ, ਰਾਕੇਸ਼ ਕੁਮਾਰ ਮਾਛੀਵਾੜਾ, ਪ੍ਰੇਮ ਕੁਮਾਰ ਸਰਕਲ ਆਗੂ, ਪ੍ਰੇਮ ਚੰਦ ਭਲਾ ਲੋਕ, ਜਸਵੰਤ ਸਿੰਘ ਢੰਡਾ, ਅਮਰੀਕ ਸਿੰਘ ਖਮਾਣੋਂ ਨੇ ਆਪੋ ਆਪਣੇ ਵਿਚਾਰ ਰੱਖੇ।

# ਜੰਮੂ ਕੱਟੜਾ ਐਕਸਪ੍ਰੈਸ ਵੇ ਸੰਬੰਧੀ ਮੁਸ਼ਕਲਾਂ ਨੂੰ ਲੈ ਕੇ 26 ਨੂੰ ਕੀਤਾ ਜਾਵੇਗਾ ਰੋਸ ਪ੍ਰਦਰਸ਼ਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਕੇਂਦਰ ਸਰਕਾਰ ਵੱਲੋਂ ਭਾਰਤ ਮਾਲਾ ਪਰੀਯੋਜਨਾ ਤਹਿਤ ਬਣਾਏ ਗਏ ਦਿੱਲੀ ਜੰਮੂ ਕੱਟੜਾ ਕਟੜਾ ਐਕਸਪ੍ਰੈਸ ਵੇਅ ਲਈ ਐਕਵਾਇਰ ਕੀਤੀ ਗਈ ਜਮੀਨ ਨੂੰ ਲੈ ਕੇ ਕਿਸਾਨਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਭਾਰਤੀ ਕਿਸਾਨ ਨੇ ਏਕਤਾ ਆਜ਼ਾਦ ਦੇ ਬਲਾਕ ਪਾਤੜਾਂ ਦੀ ਮੀਟਿੰਗ ਹੋਈ। ਮੀਟਿੰਗ ਦੌਰਾਨ ਵਾਅਦਿਆਂ ਦੇ ਬਾਵਜੂਦ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਕਿਸਾਨਾਂ ਦੀਆਂ ਮੰਗਾਂ ਨੂੰ ਅਣਗੌਲਿਆਂ ਕੀਤੇ ਜਾਣ ਸਬੰਧੀ ਰੋਸ ਪ੍ਰਗਟ ਕੀਤਾ ਗਿਆ। ਮੀਟਿੰਗ ਵਿੱਚ ਕੀਤੇ ਗਏ ਫੈਸਲੇ ਅਨੁਸਾਰ 26 ਸਤੰਬਰ ਨੂੰ ਐਸ ਡੀ ਐਮ ਦਫਤਰ ਪਾਤੜਾਂ ਅੱਗੇ ਧਰਨਾ ਦਿਨ ਦੇ ਨਾਲ ਨਾਲ ਜਾਇਜ਼ ਮੰਗਾਂ ਪੂਰੀਆਂ ਨਾ ਕੀਤੇ ਜਾਣ ਉਤੇ ਆਉਣ ਵਾਲੇ ਸਮੇਂ ਤਿੱਖਾ ਸੰਘਰਸ਼ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ।ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾ ਆਗੂ ਮਨਜੀਤ ਸਿੰਘ ਨਿਆਲ ਨੇ ਦੱਸਿਆ ਕਿ ਪਾਤੜਾਂ ਤਹਿਸੀਲ ਦੇ ਗਿਆਰਾਂ ਪਿੰਡਾਂ ਬਰਾਸ, ਘੱਗਾ, ਅਤਾਲਾਂ, ਤੰਬੂਵਾਲਾ, ਬਣਵਾਲਾ, ਸ਼ੁਤਰਾਣਾ, ਦੁਤਾਲ, ਤੇਈਪੁਰ, ਠਰੂਆ ਅਤੇ ਗਲੌਲੀ ਦੀ ਲਗਭਗ 700 ਏਕੜ ਜ਼ਮੀਨ ਐਕੁਆਇਰ ਕੀਤੀ ਗਈ। ਜਿਸ ਕਾਰਨ ਕਿਸਾਨਾਂ ਦੀਆਂ ਜਮੀਨਾਂ ਦੁਫਾੜ ਹੋ ਗਈਆਂ ਅਤੇ ਕਿਸਾਨਾਂ ਦੇ ਖੇਤਾਂ ਨੂੰ ਜਾਂਦੇ ਰਸਤੇ ਖਤਮ ਹੋ ਗਏ। ਉਨ੍ਹਾਂ ਦੱਸਿਆ ਕਿ ਮੰਗਾਂ ਨੂੰ ਲੈ ਕੇ ਅਕਤੂਬਰ 2023 ਵਿੱਚ 14 ਦਿਨ ਸੜਕ ਦਾ ਸਾਰਾ ਕੰਮ ਬੰਦ ਕਰਵਾ ਕੇ ਧਰਨਾ ਦਿੱਤਾ ਗਿਆ ਸੀ।ਇਸ ਦੌਰਾਨ ਪੀ ਡੀ ਭਵਾਨੀ ਅਤੇ ਐਸ ਡੀ ਐਮ ਸਾਹਿਬ ਪਾਤੜਾਂ ਨੇ ਧਰਨੇ ਵਿੱਚ ਪਹੁੰਚ ਕੇ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ ਜਲਦ ਹੀ ਸਾਰੀਆਂ ਜਾਇਜ਼ ਮੰਗਾਂ ਪੂਰੀਆਂ ਕੀਤੀਆਂ ਜਾਣਗੀਆਂ। ਅਧਿਕਾਰੀਆਂ ਤੇ ਵਿਸ਼ਵਾਸ ਕਰਕੇ ਕਿਸਾਨਾਂ ਨੇ ਧਰਨਾ ਵਾਪਸ ਲਿਆ ਸੀ ਪਰ ਦੋ ਸਾਲ ਬੀਤਣ ਦੇ ਬਾਅਦ ਵੀ ਕਿਸਾਨਾਂ ਦੇ ਹੱਕਾਂ ਨੂੰ ਦਬਾ ਕੇ ਰੱਖਿਆ ਜਾ ਰਿਹਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਆਗੂ ਯਾਦਵਿੰਦਰ ਸਿੰਘ ਬੂਰੜ, ਬਲਾਕ ਪ੍ਰਧਾਨ ਮਨਦੀਪ ਸਿੰਘ ਭੂਤਗੜ, ਪ੍ਰੈਸ ਸਕੱਤਰ ਗੁਰਜਿੰਦਰ ਸਿੰਘ, ਖਜਾਨਚੀ ਗੁਰਜੰਟ ਸਿੰਘ ਸਧਾਰਨਪੁਰ, ਜਨਰਲ ਸਕੱਤਰ ਅਮਰਿੰਦਰ ਸਿੰਘ ਘੱਗਾ, ਸੁਖਵਿੰਦਰ ਸਿੰਘ ਦਫਤਰੀ ਵਾਲਾ, ਸੰਗਠਨ ਸਕੱਤਰ ਅਮਰੀਕ ਸਿੰਘ ਕਲਵਾਣੂ, ਬੂਟਾ ਸਿੰਘ, ਪ੍ਰਿਤਪਾਲ ਸਿੰਘ ਤੰਬੂਵਾਲਾ ਇਕਾਈਆਂ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰ ਸਾਹਿਬਾਨ ਹਾਜ਼ਰ ਸਨ।

# ਕਲਾਲਾ 'ਚ ਨਜਾਇਜ਼ ਉਸਾਰੀ ਰੁਕਵਾਉਣ ਲਈ ਟੈਂਕੀ 'ਤੇ ਚੜ੍ਹੀ ਔਰਤ





**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**
ਪਿੰਡ ਕਲਾਲਾ ਵਿਖੇ ਨਜਾਇਜ਼ ਉਸਾਰੀ ਨੂੰ ਰੁਕਵਾਉਣ ਲਈ ਇਕ ਬਜ਼ੁਰਗ ਔਰਤ ਵਲੋਂ ਪਾਣੀ ਵਾਲੀ ਟੈਂਕੀ 'ਤੇ ਚੜ੍ਹਨ ਦਾ ਪਤਾ ਲੱਗਿਆ ਹੈ। ਪੀੜਤ ਔਰਤ ਗੁਰਜੀਤ ਕੌਰ ਪਤਨੀ ਸਵ: ਬਲਵਿੰਦਰ ਸਿੰਘ ਵਾਸੀ ਕਲਾਲਾ ਦਾ ਦੋਸ਼ ਹੈ ਕਿ ਉਸ ਦੇ ਘਰ ਨੂੰ ਜਾਂਦੇ ਪੰਚਾਇਤੀ ਰਸਤੇ ਉਪਰ ਗੁਆਂਢੀਆਂ ਵੱਲੋਂ ਨਜਾਇਜ਼ ਕਬਜ਼ਾ ਕਰਕੇ ਰੋਕਿਆ ਜਾ ਰਿਹਾ ਹੈ। ਇਸ ਸਬੰਧੀ ਉਨ੍ਹਾਂ ਕਈ ਵਾਰ ਪ੍ਰਸ਼ਾਸਨਿਕ ਅਧਿਕਾਰੀਆਂ ਕੋਲ ਵੀ ਸ਼ਿਕਾਇਤ ਕੀਤੀ ਹੈ, ਪਰ ਉਸ ਦੀ ਕੋਈ ਸੁਣਵਾਈ ਨਹੀਂ ਹੋਈ। ਇਨਸਾਫ਼ ਲੈਣ ਲਈ ਆਖੀਰ ਉਸ ਨੂੰ ਅੱਜ ਪਾਣੀ ਵਾਲੀ ਟੈਂਕੀ 'ਤੇ ਚੜ੍ਹਨਾ ਪਿਆ। ਉਨ੍ਹਾਂ ਡਿਪਟੀ ਕਮਿਸ਼ਨਰ ਬਰਨਾਲਾ, ਐਸ.ਐਸ.ਪੀ. ਬਰਨਾਲਾ ਤੋਂ ਮੰਗ ਕੀਤੀ ਕਿ ਗੁਆਂਢੀਆਂ ਵੱਲੋਂ ਨਜ਼ਾਇਜ ਤੌਰ 'ਤੇ ਉਸਾਰੀ ਜਾ ਰਹੀ ਕੰਧ ਨੂੰ ਤੁਰੰਤ ਰੋਕਿਆ ਜਾਵੇ, ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ 'ਤੇ ਬਣਦੀ ਕਾਰਵਾਈ ਕੀਤੀ ਜਾਵੇ। ਇਸ ਸਮੇਂ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਰਣਜੀਤ ਸਿੰਘ ਮਿੱਠੂ ਨੇ ਪੀੜਤ ਔਰਤ ਲਈ ਇਨਸਾਫ਼ ਦੀ ਮੰਗ ਕਰਦਿਆਂ ਕਿਹਾ ਕਿ ਇਸ ਰਸਤੇ ਦਾ ਰਕਬਾ ਕੁੱਲ 11 ਫੁੱਟ ਹੈ, ਦੂਜੀ ਧਿਰ ਵਲੋਂ ਕੰਧ ਕਰ ਕੇ ਤਿੰਨ ਫੁੱਟ ਥਾਂ ਨਜਾਇਜ਼ ਰੋਕੀ ਜਾ ਰਹੀ ਹੈ । ਇਸ ਸਬੰਧੀ ਦੋਵੇਂ ਧਿਰਾਂ ਵਿਚਕਾਰ ਕੇਸ ਵੀ ਅਦਾਲਤ 'ਚ ਚੱਲ ਰਿਹਾ ਹੈ। ਇਸ ਸਬੰਧੀ ਪੁਲਸ ਥਾਣਾ ਮਹਿਲ ਕਲਾਂ ਦੇ ਮੁੱਖ ਅਫ਼ਸਰ ਸਰਬਜੀਤ ਸਿੰਘ ਨੇ ਗੁਰਜੀਤ ਕੌਰ ਨਾਲ ਗੱਲਬਾਤ ਕੀਤੀ ਪਰ ਉਹ ਨਜਾਇਜ਼ ਕਬਜ਼ਾ ਛੁਡਵਾਉਣ ਦੀ ਮੰਗ 'ਤੇ ਅੜੀ ਰਹੀ। ਸਥਿਤੀ ਨੂੰ ਸੰਭਾਲਣ ਲਈ ਤਹਿਸੀਲਦਾਰ ਅਸ਼ਵਨੀ ਕੁਮਾਰ ਨੇ ਦੋਵੇਂ ਧਿਰਾਂ ਨੂੰ ਰਸਤੇ ਦੇ ਰਕਬੇ ਦੀ ਮੁਕੰਮਲ ਮਿਣਤੀ ਕਰਵਾਉਣ 'ਤੇ ਸਹਿਮਤ ਕਰ ਲਿਆ ਅਤੇ ਕੰਧ ਉਸਾਰੀ ਦੇ ਕੰਮ ਨੂੰ ਰੋਕ ਦਿੱਤਾ। ਕੰਧ ਉੱਪਰ ਲਾਈਆਂ ਇੱਟਾਂ ਨੂੰ ਜਦੋਂ ਉਤਾਰਨਾ ਸ਼ੁਰੂ ਕੀਤਾ ਗਿਆ ਤਾਂ ਦੋਵੇਂ ਧਿਰਾਂ 'ਚ ਝੜਪ ਹੋ ਗਈ। ਇਸ ਦੌਰਾਨ ਕੌਰ ਸਿੰਘ ਪੁੱਤਰ ਕਰਤਾਰ ਸਿੰਘ ਅਤੇ ਜਗਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਜ਼ਖਮੀ ਹੋ ਗਏ, ਜਿਸ ਨੂੰ ਇਲਾਜ ਲਈ ਕਮਿਊਨਿਟੀ ਹੈਲਥ ਸੈਂਟਰ ਮਹਿਲ ਕਲਾਂ ਵਿਖੇ ਭਰਤੀ ਕਰਵਾਇਆ ਗਿਆ। ਦੂਜੀ ਧਿਰ ਗੁਰਦੇਵ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਕਲਾਲਾ ਨੇ ਗੁਰਜੀਤ ਕੌਰ ਵਲੋਂ ਲਗਾਏ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਕਿਹਾ ਕਿ ਉਨ੍ਹਾਂ ਵਲੋਂ 11 ਫੁੱਟ ਦੀ ਬਜਾਏ 12 ਫੁੱਟ ਰਸਤਾ ਛੱਡ ਕੇ ਕੰਧ ਉਸਾਰੀ ਜਾ ਰਹੀ ਹੈ ਅਤੇ ਇਸ ਸਬੰਧੀ ਅਦਾਲਤੀ ਕੇਸ ਵੀ ਉਹ ਜਿੱਤੇ ਚੁੱਕੇ ਹਨ। ਉਨ੍ਹਾਂ ਵਲੋਂ ਕੁਝ ਵੀ ਗਲਤ ਨਹੀਂ ਕੀਤਾ ਜਾ ਰਿਹਾ। ਪੁਲਸ ਅਧਿਕਾਰੀਆਂ ਵਲੋਂ 5 ਵਜੇ ਦੇ ਕਰੀਬ ਔਰਤ ਨੂੰ ਮਨਾ ਕੇ ਟੈਂਕੀ ਤੋਂ ਹੇਠਾਂ ਉਤਾਰ ਲਿਆ ਗਿਆ।

## ਕਾਤਰਾਂ

### ਸ਼ਰਾਬ ਦੀਆਂ 24 ਬੋਤਲਾਂ ਸਮੇਤ ਇੱਕ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਸੀ ਪਠਾਣਾ ਪੁਲਸ ਵੱਲੋਂ ਇੱਕ ਵਿਅਕਤੀ ਨੂੰ ਚੰਡੀਗੜ੍ਹ 'ਚ ਵਿਕਣਯੋਗ ਸ਼ਰਾਬ ਦੀਆਂ 24 ਬੋਤਲਾਂ ਸਮੇਤ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬਸੀ ਪਠਾਣਾ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਹਰਿੰਦਰ ਸਿੰਘ ਵਾਸੀ ਪਿੰਡ ਗੋਪਾਲੋਂ ਇਲਾਕੇ ਵਿੱਚ ਨਜਾਇਜ਼ ਸ਼ਰਾਬ ਵੇਚ ਰਿਹਾ ਹੈ। ਸੂਚਨਾ ਮਿਲਣ 'ਤੇ ਸਹਾਇਕ ਥਾਣੇਦਾਰ ਹਰਪਿੰਦਰ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਛਾਪੇਮਾਰੀ ਕਰਦੇ ਹੋਏ ਹਰਿੰਦਰ ਸਿੰਘ ਨੂੰ ਕਾਬੂ ਕੀਤਾ ਗਿਆ ਜਿਸ ਦੇ ਕਬਜ਼ੇ ਵਿੱਚੋਂ ਚੰਡੀਗੜ੍ਹ 'ਚ ਵਿਕਣਯੋਗ ਸ਼ਰਾਬ ਦੀਆਂ 24 ਬੋਤਲਾਂ ਬਰਾਮਦ ਹੋਣ 'ਤੇ ਉਸ ਨੂੰ ਥਾਣਾ ਬਸੀ ਪਠਾਣਾਂ ਵਿਖੇ ਅ/ਧ 61/1/14 ਆਬਕਾਰੀ ਐਕਟ ਤਹਿਤ ਦਰਜ ਕਰਵਾਏ ਗਏ ਮੁਕੱਦਮੇ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ।

### ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ ਦਿਨ ਮਨਾਉਣ ਦਾ ਫੈਸਲਾ

**ਕੋਟਕਪੂਰਾ (ਰਛਪਾਲ ਭੁੱਲਰ)**-ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੁਸਾਇਟੀ (ਰਜਿਸਟਰਡ), ਗੁੱਡ ਮੋਰਨਿੰਗ ਵੈਲਫੇਅਰ ਸੁਸਾਇਟੀ, ਕੋਟਕਪੂਰਾ, ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ, ਸ਼ਹੀਦ ਭਗਤ ਸਿੰਘ ਪੈਨਸ਼ਨਰ ਵੈਲਫੇਅਰ ਟਰੱਸਟ ਜ਼ਿਲ੍ਹਾ ਫਰੀਦਕੋਟ ਅਤੇ ਕਈ ਹੋਰ ਸਮਾਜ ਸੇਵੀ ਸੰਸਥਾਵਾਂ ਵੱਲੋਂ ਸ਼ਹੀਦ-ਏ-ਆਜ਼ਮ ਸ .ਭਗਤ ਸਿੰਘ ਦਾ 118 ਵਾਂ ਜਨਮ ਦਿਨ ਇਸ ਮਹਾਨ ਸ਼ਹੀਦ ਦੀ ਕੁਰਬਾਨੀ ਅਤੇ ਵਿਚਾਰਾਂ ਨੂੰ ਯਾਦ ਕਰਦੇ ਹੋਏ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ।ਸਮਾਗਮ ਦੌਰਾਨ ਮੌਜੂਦਾ ਸਮੇਂ ਵਿੱਚ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਮਹੱਤਤਾ ਅਤੇ ਦੇਸ਼ ਨੂੰ ਦਰਪੇਸ਼ ਵੱਖ ਵੱਖ ਕਿਸਮ ਦੀਆਂ ਚੁਣੌਤੀਆਂ ਵਿਸ਼ੇ ਸਬੰਧੀ ਵਿਚਾਰ ਚਰਚਾ 28 ਸਤੰਬਰ ਦਿਨ ਐਤਵਾਰ ਨੂੰ ਸਵੇਰੇ ਠੀਕ 9 ਵਜੇ ਸ਼ਹੀਦ ਭਗਤ ਸਿੰਘ ਪਾਰਕ ਸਾਹਮਣੇ ਪੁਰਾਣਾ ਕਿਲ੍ਹਾ ਸਕੂਲ, ਕੋਟਕਪੂਰਾ ਵਿਖੇ ਕੀਤੀ ਜਾ ਰਹੀ ਹੈ ।ਇਹ ਜਾਣਕਾਰੀ ਦਿੰਦੇ ਹੋਏ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਦੇ ਆਗੂਆਂ ਮਾਸਟਰ ਅਸ਼ੋਕ ਕੌਸ਼ਲ, ਕੁਲਵੰਤ ਸਿੰਘ ਚਾਨੀ, ਡਾਕਟਰ ਮਨਜੀਤ ਸਿੰਘ ਢਿੱਲੋ, ਗੁਰਿੰਦਰ ਸਿੰਘ ਮਹਿੰਦੀਰੱਤਾ, ਪ੍ਰੇਮ ਚਾਵਲਾ, ਸੋਮ ਨਾਥ ਅਰੋੜਾ, ਉਦੇ ਰਣਦੇਵ, ਪ੍ਰੋ ਹਰਬੰਸ ਸਿੰਘ ਪਦਮ, ਮੁਖਤਿਆਰ ਸਿੰਘ ਮੱਤਾ, ਗੁਰਚਰਨ ਸਿੰਘ ਮਾਨ, ਇਕਬਾਲ ਸਿੰਘ ਮੰਘੇੜਾ ਤੇ ਤਰਸੇਮ ਨਰੂਲਾ ਨੇ ਦੱਸਿਆ ਕਿ ਵਿਚਾਰ ਚਰਚਾ ਤੋਂ ਪਹਿਲਾਂ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਫੁੱਲ ਮਾਲਾ ਅਰਪਣ ਕੀਤੀ ਜਾਵੇਗੀ।

### ਕ੍ਰਾਂਤੀ ਚੌਕ 'ਚ ਬਣੇਗਾ ਕਲਾਕ ਟਾਵਰ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਧੂਰੀ ਸ਼ਹਿਰ ਦੇ ਸੁੰਦਰੀਕਰਨ ਨੂੰ ਨਵਾਂ ਰੂਪ ਦੇਣ ਲਈ ਇੱਕ ਹੋਰ ਮਹੱਤਵਪੂਰਨ ਯੋਜਨਾ ਅੱਗੇ ਵਧ ਰਹੀ ਹੈ। ਨਗਰ ਕੌਂਸਲ ਧੂਰੀ ਦੀ ਪ੍ਰਧਾਨ ਪੁਸ਼ਪਾ ਰਾਣੀ ਤਾਇਲ ਨੇ ਦੱਸਿਆ ਕਿ ਸ਼ਹਿਰ ਦੇ ਕ੍ਰਾਂਤੀ ਚੌਕ ਵਿੱਚ ਮਹਾਰਾਜਾ ਅੱਗਰਸੈਨ ਦੀ ਮੂਰਤੀ ਸਥਾਪਿਤ ਕੀਤੀ ਜਾਵੇਗੀ ਅਤੇ ਇਸ ਦੇ ਨਾਲ ਹੀ ਇੱਕ ਆਧੁਨਿਕ ਕਲਾਕ ਟਾਵਰ ਵੀ ਬਣਾਇਆ ਜਾਵੇਗਾ। ਇਸ ਪ੍ਰਾਜੈਕਟ ਲਈ ਲਗਭਗ 1 ਕਰੋੜ 41 ਲੱਖ ਰੁਪਏ ਦਾ ਖਰਚਾ ਅੰਦਾਜ਼ਨ ਲੱਗੇਗਾ। ਵਾਰਡ ਨੰਬਰ 5 ਦੀ ਕੌਂਸਲਰ ਦੀਪਿਕਾ ਧੀਰ ਵੀ ਇਸ ਮੌਕੇ ਹਾਜਰ ਸਨ।ਉਹਨਾਂ ਨੇ ਕਿਹਾ ਕਿ ਮਾਣਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਪੰਜਾਬ ਦੇ ਸ਼ਹਿਰਾਂ ਨੂੰ ਸੁੰਦਰ ਅਤੇ ਆਕਰਸ਼ਕ ਬਣਾਉਣ ਲਈ ਸਰਕਾਰ ਲਗਾਤਾਰ ਉਪਰਾਲੇ ਕਰ ਰਹੀ ਹੈ।

# ਟੀ ਐੱਸ ਯੂ ਆਗੂ ਵੱਲੋਂ ਵਿੱਤ ਮੰਤਰੀ ਚੀਮਾ ਨੂੰ ਮੰਗ ਪੱਤਰ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਟੈਕਨੀਕਲ ਸਰਵਿਸ ਯੂਨੀਅਨ ਗੁਰੂ ਹਰਗੋਬਿੰਦ ਸਾਹਿਬ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਪ੍ਰਧਾਨ ਅਮਰਜੀਤ ਸਿੰਘ ਮੰਗਲੀ ਦੀ ਅਗਵਾਈ ਹੇਠ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਜਥੇਬੰਦੀ ਵੱਲੋਂ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਮੰਗ ਪੱਤਰ ਦੇ ਕੇ ਮੰਗ ਕੀਤੀ ਗਈ ਕਿ 2004 ਤੋਂ ਭਰਤੀ ਹੋਏ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ। ਪੰਜਾਬ ਸਰਕਾਰ ਦੇ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ ਵਿੱਚ 13% ਵਾਧਾ ਕੀਤਾ ਜਾਵੇ। ਮੁਲਾਜ਼ਮਾਂ ਨੂੰ ਛੇਵੇਂ ਪੇ ਕਮਿਸ਼ਨ ਦਾ ਏਰੀਅਰ ਦਿੱਤਾ ਜਾਵੇ। 17/07/2020 ਤੋਂ ਭਰਤੀ ਹੋਏ ਮੁਲਾਜ਼ਮਾਂ ਨੂੰ ਛੇਵਾਂ ਪੇ ਕਮਿਸ਼ਨ ਲਾਗੂ ਕੀਤਾ ਜਾਵੇ। ਪੰਜਾਬ ਸਰਕਾਰ ਦੇ ਮਹਿਕਮੇ ਵਿੱਚ ਖਾਲੀ ਪਈਆ ਅਸਾਮੀਆਂ ਤੇ ਪੀ ਐਸ ਪੀ ਸੀ ਐਲ ਵਿੱਚ ਖਾਲੀ ਪਈਆਂ ਅਸਾਮੀਆਂ ਜਲਦ ਭਰੀਆਂ ਜਾਣ, ਫਾਇਰ ਤੇ ਸੇਫਟੀ ਸੈਲ ਦੇ ਕਰਮਚਾਰੀਆਂ ਦਾ ਉਤਪਾਦਨ ਭੱਤਾ 100% ਕਰਨ ਸੰਬਧੀ ਥਰਮਲ ਪਲਾਂਟ ਲਹਿਰਾ ਮੁਹੱਬਤ ਅਤੇ ਥਰਮਲ ਪਲਾਂਟ ਰੋਪੜ ਦੇ ਫਾਇਰ ਤੇ ਸੇਫਟੀ ਸੈਲ ਵਿੱਚ ਕੰਮ ਕਰਦੇ 9 ਕਰਮਚਾਰੀਆਂ ਦਾ ਉਤਪਾਦਨ ਭੱਤਾ 60% ਤੋਂ ਵਧਾ ਕੇ 100% ਕੀਤਾ ਜਾਵੇ। ਵਿੱਤ ਵਿਭਾਗ ਪੰਜਾਬ ਨੂੰ ਭੇਜੇ ਗਏ ਪੇ ਅਨਾਮਲੀ ਕੇਸਾਂ ਦੀ ਮਨਜ਼ੂਰੀ ਦਿਵਾਈ ਜਾਵੇ। 2005 ਤੋਂ ਸੇਵਾ ਨਿਭਾ ਰਹੇ ਵਰਕਚਾਰਜ ਕਾਮਿਆਂ ਨੂੰ ਰੈਗੂਲਰ ਕਰਨ ਉਪਰੰਤ 6ਵਾਂ ਪੇ ਕਮਿਸ਼ਨ ਲਾਗੂ ਕੀਤਾ ਜਾਵੇ। ਤਰੱਕੀ ਰਾਹੀਂ ਤੇ ਸਿੱਧੀ ਭਰਤੀ ਰਾਹੀਂ ਆਏ ਟੀ ਜੀ 2/ ਜੇ ਪੀ ਏ / ਈ. ਜੀ ਦਾ ਸਕੇਲ ਬਰਾਬਰ ਕਰਨ, ਜਿਵੇਂ ਥਰਮਲ ਕੈਟਾਗਿਰੀਆਂ ਨੂੰ ਜੇ. ਈ ਦੇ ਬਰਾਬਰ ਸ਼ੁਰੂਆਤੀ ਸਕੇਲ 19260 ਦੇਣ ਆਦਿ ਸੰਬੰਧੀ ਮੰਗ ਪੱਤਰ ਦਿੱਤਾ ਗਿਆ। ਵਿੱਤ ਮੰਤਰੀ ਨੇ ਮੁਲਾਜ਼ਮਾਂ ਦੀਆਂ ਮੰਗਾਂ ਪੂਰੀਆਂ ਕਰਨ ਦਾ ਵਿਸ਼ਵਾਸ ਦਿਵਾਇਆ।

# ਬਾਬਾ ਫ਼ਰੀਦ ਆਗਮਨ ਪੁਰਬ ਮੌਕੇ ਅਲੌਕਿਕ ਨਗਰ ਕੀਰਤਨ ਸਜਾਇਆ





**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-12ਵੀਂ ਸਦੀ ਦੇ ਮਹਾਨ ਸੂਫੀ ਦਰਵੇਸ਼ ਬਾਬਾ ਸ਼ੇਖ ਫ਼ਰੀਦ ਦੀਆਂ ਸਿੱਖਿਆਵਾਂ ਮਿੱਠਤ, ਹਲੀਮੀ, ਸਾਦਗੀ ਅਤੇ ਬੁਰੇ ਦਾ ਭਲਾ ਕਰਨ ਨੂੰ ਦੁਨੀਆ ਦੇ ਕੋਨੇ-ਕੋਨੇ ਵਿੱਚ ਪਹੁੰਚਾਉਣ ਦੇ ਮਨੋਰਥ ਸਦਕਾ ਇਸ ਸਾਲ ਵੀ ਫ਼ਰੀਦਕੋਟ ਵਿਖੇ 19 ਤੋਂ 23 ਸਤੰਬਰ ਤੱਕ ਮਨਾਏ ਜਾ ਰਹੇ ਆਗਮਨ ਪੁਰਬ ਦੇ 5ਵੇਂ ਦਿਨ ਸਰਬੱਤ ਦੇ ਭਲੇ ਲਈ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਅਤੇ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਤੇ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਟਿੱਲਾ ਬਾਬਾ ਫਰੀਦ ਵਿਖੇ ਨਤਮਸਤਕ ਹੋਏ।ਇਹ ਨਗਰ ਕੀਰਤਨ ਗੁਰਦੁਆਰਾ ਟਿੱਲਾ ਬਾਬਾ ਫ਼ਰੀਦ ਤੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਬਾਬਾ ਫ਼ਰੀਦ ਜੀ ਦੀ ਇਲਾਹੀ ਬਾਣੀ ਦੇ ਗੁਣਗਾਨ ਨਾਲ ਸ਼ਾਮਲ ਭਾਰੀ ਗਿਣਤੀ ਸੰਗਤਾਂ ਨੂੰ ਨਿਹਾਲ ਕਰਦਾ ਆਰੰਭ ਹੋਇਆ । ਨਗਰ ਕੀਰਤਨ ਵਿੱਚ ਸ਼ਾਮਿਲ ਇੱਕ ਵਿਸ਼ੇਸ਼ ਵਾਹਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਫੁੱਲਾਂ ਨਾਲ ਸਜਾਈ ਹੋਈ ਸੀ ਜਿਸ 'ਤੇ ਦੋਨਾਂ ਰਸਤਿਆਂ 'ਚ ਖੜ੍ਹੀ ਸੰਗਤ ਨੇ ਫੁੱਲਾਂ ਦੀ ਵਰਖਾ ਕਰਕੇ ਸੀਸ ਝੁਕਾਇਆ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ। ਸ਼ਰਧਾਲੂਆਂ ਵੱਲੋਂ ਥਾਂ-ਥਾਂ 'ਤੇ ਚਾਹ, ਮਠਿਆਈ, ਫਲ ਆਦਿ ਦੇ ਲੰਗਰ ਵੀ ਲਗਾਏ ਗਏ। ਬਾਬਾ ਫ਼ਰੀਦ ਜੀ ਦੀ ਉਚਾਰੀ ਬਾਣੀ ਦਾ ਜਾਪ ਕਰਦਿਆਂ ਜਦ ਇਹ ਨਗਰ ਕੀਰਤਨ ਡਿਪਟੀ ਕਮਿਸ਼ਨਰ ਨਿਵਾਸ ਦੇ ਨਜ਼ਦੀਕ ਪਹੁੰਚਿਆ ਤਾਂ ਇੱਥੇ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਰੁਮਾਲਾ ਭੇਟ ਕੀਤਾ ਅਤੇ ਨਤਮਸਤਕ ਹੋ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਨੇ ਸ਼ਰਧਾਲੂਆਂ ਦੀ ਲੱਡੂਆਂ ਅਤੇ ਚਾਹ ਦੇ ਲੰਗਰ ਨਾਲ ਸੇਵਾ ਵੀ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਐਸ.ਡੀ.ਐਮ ਫਰੀਦਕੋਟ ਮੇਜਰ ਵਰੁਣ ਕੁਮਾਰ ਅਤੇ ਐਸ.ਡੀ.ਐਮ ਜੈਤੋ ਸੂਰਜ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਤਰ੍ਹਾਂ ਸ਼ਹਿਰ ਦੇ ਪ੍ਰਮੁੱਖ ਚੌਂਕਾਂ ਰਾਹੀਂ ਹੁੰਦਾ ਹੋਇਆ ਇਹ ਮਹਾਨ ਨਗਰ ਕੀਰਤਨ ਗੁਰਦੁਆਰਾ ਮਾਈ ਗੋਦੜੀ ਸਾਹਿਬ ਵਿਖੇ ਪੁੱਜਾ ਤਾਂ ਇੱਥੇ ਪੁੱਜ ਕੇ ਇਸ ਨੇ ਵਿਸ਼ਾਲ ਧਾਰਮਿਕ ਦੀਵਾਨ ਦਾ ਰੂਪ ਧਾਰਣ ਕਰ ਲਿਆ ।ਇਸ ਮੌਕੇ ਮਸ਼ਹੂਰ ਰਾਗੀ ਜਥਿਆਂ ਵੱਲੋਂ ਸੰਗਤਾਂ ਨੂੰ ਆਪਣੇ ਮਨੋਹਰ ਕੀਰਤਨ ਨਾਲ ਨਿਹਾਲ ਕੀਤਾ ਗਿਆ।

# ਦੋ ਸਕੀਆਂ ਭੈਣਾਂ ਦੇ ਗੁਰਦੇ ਖਰਾਬ, ਪਰਵਾਰ ਮਹਿੰਗਾ ਇਲਾਜ ਕਰਵਾਉਣ ਤੋਂ ਅਸਮਰੱਥ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**
ਪਿੰਡ ਗੁਰਮ (ਬਰਨਾਲਾ) ਵਿਖੇ ਇਕ ਮਜ਼ਦੂਰ ਪਰਵਾਰ ਨਾਲ ਸੰਬੰਧਤ ਪਰਵਾਰ ਦੀਆਂ ਦੋ ਧੀਆਂ ਦੇ ਗੁਰਦੇ ਖਰਾਬ ਹੋ ਜਾਣ 'ਤੇ ਪੀੜਤ ਪਰਵਾਰ ਮਹਿੰਗਾ ਇਲਾਜ ਕਰਵਾਉਣ ਤੋਂ ਅਸਮਰੱਥ ਹੈ।ਇਸ ਬਿਪਤਾ ਦੀ ਘੜੀ 'ਚ ਦਾਨੀ ਸੱਜਣਾਂ ਨੂੰ ਸਹਿਯੋਗ ਦੀ ਅਪੀਲ ਕੀਤੀ ਹੈ।ਜਾਣਕਾਰੀ ਅਨੁਸਾਰ ਮਜ਼ਦੂਰ ਪਰਵਾਰ ਦੇ ਮੁਖੀ ਦਲਬਾਰਾ ਸਿੰਘ ਦੀਆਂ ਦੋ ਬੇਟੀਆਂ ਹਰਪ੍ਰੀਤ ਕੌਰ (23 ) ਜੋਤੀ ਕੌਰ (18) ਨੇ ਕਰੋਨਾ ਵੇਲੇ ਕਰੋਨਾ ਦੇ ਬਚਾਅ ਲਈ ਟੀਕੇ ਲਵਾਏ ਸੀ।ਤੁਰੰਤ ਬਾਅਦ ਦੋਨੋਂ ਬੱਚੀਆਂ ਨੂੰ ਬਹੁਤ ਤੇਜ਼ ਬੁਖਾਰ ਹੁੰਦਾ ਰਿਹਾ।ਜਦੋਂ ਮਜ਼ਦੂਰ ਪਰਵਾਰ ਨੇ ਡਾਕਟਰਾਂ ਰਾਹੀਂ ਇਲਾਜ ਸ਼ੁਰੂ ਕਰਵਾਇਆ ਤਾਂ ਮੈਡੀਕਲ ਟੈਸਟ ਰਿਪੋਰਟਾਂ ਤੋਂ ਪਤਾ ਲੱਗਿਆ ਕਿ ਦੋਨੋਂ ਲੜਕੀਆਂ ਦੇ ਗੁਰਦੇ ਖਰਾਬ ਹੋ ਚੁੱਕੇ ਹਨ। ਇਸ ਬਿਪਤਾ ਦੀ ਘੜੀ ਵਿੱਚ ਪਰਵਾਰ ਦੀ ਸਾਰ ਲੈਣ ਪਹੁੰਚੇ ਭਾਈ ਘਨੱਈਆ ਲੋਕ ਸੇਵਾ ਚੈਰੀਟੇਬਲ ਸੁਸਾਇਟੀ ਬਰਨਾਲਾ ਦੇ ਮੁੱਖ ਸੇਵਾਦਾਰ ਭਾਈ ਪਰਮਜੀਤ ਸਿੰਘ ਪੰਮਾ ਨੇ ਦੱਸਿਆ ਕਿ ਦੋਵੇ ਬੱਚੀਆਂ ਕਈ ਸਾਲਾਂ ਤੋਂ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਬਿਮਾਰ ਮੰਜੇ 'ਤੇ ਪਈਆਂ ਹਨ।ਦੋਵਾਂ ਦੀ ਹਫਤੇ ਵਿਚ ਦੋ ਵਾਰ ਬਾਅਦ ਡੈਲਸਿਸ ਹੁੰਦੀ ਹੈ।ਪੀੜਤ ਪਰਵਾਰ ਦੀ ਆਰਥਿਕ ਹਾਲਤ ਠੀਕ ਨਹੀਂ ਹੈ।ਪਰਵਾਰ ਦਾ ਮੁਖੀ ਦਲਵਾਰਾ ਸਿੰਘ ਇੱਕ ਦਿਹਾੜੀਦਾਰ ਮਜ਼ਦੂਰ ਹੈ।ਇਸ ਵੇਲੇ ਦੋਨੋਂ ਲੜਕੀਆਂ ਦਾ ਇਲਾਜ ਬਠਿੰਡਾ ਦੇ ਹਸਪਤਾਲ 'ਚ ਚੱਲ ਰਿਹਾ ਹੈ। ਭਾਈ ਪੰਮਾ ਨੇ ਸਮੂਹ ਐਨ ਆਰ ਆਈਜ਼, ਸਮਾਜ ਸੇਵੀ ਸੰਸਥਾਵਾਂ, ਦਾਨੀ ਸੱਜਣਾਂ ਨੂੰ ਅਪੀਲ ਕੀਤੀ ਕਿ ਇਸ ਲੋੜਵੰਦ ਪਰਵਾਰ ਦੀ ਮਦਦ ਕਰਕੇ ਦੋਵੇ ਲੜਕੀਆਂ ਦਾ ਇਲਾਜ ਕਰਵਾਇਆ ਜਾਵੇ।

# ਬਣ ਰਹੀ ਸੜਕ ਕਾਰਨ ਉੱਡ ਰਹੀ ਧੂੜ ਤੇ ਮਿੱਟੀ ਕਾਰਨ ਲੋਕਾਂ ਦਾ ਬੁਰਾ ਹਾਲ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਪਿੰਡ ਪੱਤੋਂ ਜਵਾਹਰ ਸਿੰਘ ਵਾਲਾ ਵਿਖੇ ਅਬਾਦੀ ਵਿੱਚੋਂ ਦੀ ਲੰਘ ਰਹੇ ਐਨ ਐਚ 254 ਦੀ ਚੱਲ ਰਹੀ ਉਸਾਰੀ ਕਾਰਨ ਪਾਣੀ ਦਾ ਛਿੜਕਾਅ ਆਦਿ ਦਾ ਪੁਖਤਾ ਪ੍ਰਬੰਧ ਨਾ ਹੋਣ ਕਰਕੇ ਉੱਡ ਰਹੀ ਧੂੜ ਤੇ ਮਿੱਟੀ ਕਾਰਨ ਲੋਕਾਂ ਦਾ ਬੁਰਾ ਹਾਲ ਹੈ। ਇਸ ਮੁੱਦੇ ਨੂੰ ਲੈ ਕੇ ਤੇ ਐਨ ਐਚ 254 ਅਧੀਨ ਅਕਵਾਇਰ ਹੋਏ ਰਹਾਇਸ਼ੀ ਘਰਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਨਾ ਹੋਣ ਕਾਰਨ ਐਸ ਡੀ ਐਮ ਦਫ਼ਤਰ ਨਿਹਾਲ ਸਿੰਘ ਵਾਲਾ ਵਿਖੇ ਧਰਨਾ ਲਗਾਇਆ ਗਿਆ।ਸਥਾਨਕ ਵਾਸੀਆਂ ਨੇ ਮੰਗ ਕੀਤੀ ਕਿ ਸੰਬਧਿਤ ਠੇਕੇਦਾਰ ਨੂੰ ਸੜਕ ਉੱਪਰ ਰੋਜ਼ਾਨਾ ਤਿੰਨ ਟਾਈਮ ਪਾਣੀ ਦੇ ਛਿੜਕਾਅ ਲਈ ਹਦਾਇਤਾਂ ਜਾਰੀ ਕੀਤੀਆਂ ਜਾਣ। ਇਸ ਤੋਂ ਇਲਾਵਾ ਅਕਵਾਇਰ ਕੀਤੇ ਘਰਾਂ ਦਾ ਮੁਆਵਜ਼ਾ ਦਿੱਤਾ ਜਾਵੇ ਨਹੀਂ ਤਾਂ ਅਗਲਾ ਸੰਘਰਸ਼ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਸ਼ੇਰੇ ਏ ਪੰਜਾਬ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ, ਇਕਬਾਲ ਸਿੰਘ ਬਲਾਕ ਪ੍ਰਧਾਨ ਨਿਹਾਲ ਸਿੰਘ ਵਾਲਾ, ਹਰਜਿੰਦਰ ਸਿੰਘ ਮੁੱਖ ਬੁਲਾਰਾ, ਜਗਦੇਵ ਸਿੰਘ, ਹਰਜਿੰਦਰ ਸਿੰਘ, ਲਖਵਿੰਦਰ ਸਿੰਘ, ਸ਼ਿੰਦਰਪਾਲ ਸਿੰਘ, ਪਿਆਰਾਂ ਸਿੰਘ, ਗੁਰਤੇਜ ਸਿੰਘ, ਪਰਮਜੀਤ ਕੌਰ, ਜਸਵੀਰ ਕੌਰ, ਸੁਖਦੀਪ ਕੌਰ, ਗੁਰਦੀਪ ਕੌਰ, ਕਿਰਨਜੀਤ ਕੌਰ,ਰੀਨਾ ਰਾਣੀ, ਗੁਰਜੀਤ ਕੌਰ, ਕਮਲਜੀਤ ਕੌਰ, ਸ਼ਿੰਦਰ ਕੌਰ, ਖੁਸ਼ਪ੍ਰੀਤ ਕੌਰ, ਬਲਜੀਤ ਕੌਰ, ਹਰਦੀਪ ਕੌਰ, ਭੁਪਿੰਦਰ ਸਿੰਘ, ਮੱਖਣ ਸਿੰਘ, ਹਰਬੰਸ ਸਿੰਘ, ਅਵਤਾਰ ਸਿੰਘ, ਗੁਰਦੀਪ ਸਿੰਘ ਅਵਤਾਰ ਸਿੰਘ,ਜਸਮਨ ਸਿੰਘ, ਜਗਦੀਸ਼ ਸਿੰਘ, ਲਖਵੀਰ ਸਿੰਘ, ਰਮਨਦੀਪ ਸਿੰਘ ਹਰਬੰਸ ਸਿੰਘ, ਕਮਲਜੀਤ ਸਿੰਘ, ਜਸਕਰਣ ਸਿੰਘ, ਮਲਕੀਤ ਸਿੰਘ, ਜਸਮੀਤ ਸਿੰਘ, ਗੁਰਮਾਨ ਸਿੰਘ, ਰਨਪਾਲ ਸਿੰਘ, ਸੁਖਜੀਵਨ ਸਿੰਘ, ਯਾਦਵਿੰਦਰ ਸਿੰਘ ਸਤਨਾਮ ਸਿੰਘ, ਜਸ਼ਨਪ੍ਰੀਤ ਸਿੰਘ, ਮੱਘਰ ਸਿੰਘ, ਦਲਜੀਤ ਕੁਮਾਰ, ਸੁਖਦੀਪ ਸਿੰਘ, ਸਿਕੰਦਰ ਸਿੰਘ, ਹਾਕਮ ਸਿੰਘ, ਜਗਜੀਤ ਸਿੰਘ, ਸੁਖਚੈਨ ਸਿੰਘ, ਸੁਰਜੀਤ ਸਿੰਘ ਇਕਾਈ ਪ੍ਰਧਾਨ ਧੂੜਕੋਟ, ਬਲਵਿੰਦਰ ਸਿੰਘ,ਬਾਰਾਂ ਸਿੰਘ ਸੈਦੋਕੇ ਸਲਾਹਕਾਰ, ਇਕਬਾਲ ਸਿੰਘ ਰਣਸੀਂਹ ਖੁਰਦ ਬਲਾਕ ਪ੍ਰਧਾਨ ਨਿਹਾਲ ਸਿੰਘ ਵਾਲਾ, ਰਾਮਬਖ਼ਸ਼ ਸਿੰਘ ਸੈਦੋ ਮੈਂਬਰ, ਭੋਲ਼ਾ ਸਿੰਘ ਸੈਦੋਕੇ ਇਕਾਈ ਪ੍ਰਧਾਨ ਪਿੰਡ, ਕਾਕੂ ਸਿੰਘ ਪਿੰਡ ਕੋਟ ਕਰੋੜ (ਫਿਰੋਜ਼ਪੁਰ) ਜ਼ਿਲ੍ਹਾ, ਬਾਬਾ ਅਜੈਬ ਸਿੰਘ ਪ੍ਰੈਸ ਸਕੱਤਰ ਸੈਦੋਕੇ, ਸੁਖਚੈਨ ਸਿੰਘ, ਜਗਜੀਤ ਸਿੰਘ, ਨਵਦੀਪ ਸਿੰਘ, ਜਸਕਰਨ ਸਿੰਘ, ਸੁਰਜੀਤ ਸਿੰਘ, ਸਰਬਜੀਤ ਸਿੰਘ ਮਾਛੀਕੇ, ਮੰਗਤ ਸਿੰਘ ਮੈਂਬਰ ਮਾਛੀਕੇ, ਜੰਗੀਰ ਸਿੰਘ,ਕਰਮ ਚੰਦ ਸਿੰਘ ਆਦਿ ਹਾਜ਼ਰ ਸਨ।

# ਖਾਲਸਾ ਸੇਵਾ ਸੁਸਾਇਟੀ ਰਜਿ. ਮੋਗਾ ਨੇ ਹੜ੍ਹ ਪ੍ਰਭਾਵਿਤ ਇਲਾਕੇ 'ਚ ਪਹੁੰਚਾਇਆ ਡੀਜ਼ਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼ਹਿਰ ਦੀ ਪ੍ਰਮੁੱਖ ਧਾਰਮਿਕ ਅਤੇ ਸਮਾਜ ਸੇਵੀ ਸੰਸਥਾ ਖਾਲਸਾ ਸੇਵਾ ਸੁਸਾਇਟੀ ਰਜਿ ਮੋਗਾ ਵਲੋਂ ਹੜ੍ਹ ਪ੍ਰਭਾਵਿਤ ਇਲਾਕੇ ਵਿਚ ਡੀਜ਼ਲ ਪਹੁੰਚਾਉਣ ਦੀ ਸੇਵਾ ਨਿਭਾਈ ਗਈ।ਸੁਸਾਇਟੀ ਪ੍ਰਧਾਨ ਪਰਮਜੋਤ ਸਿੰਘ ਖਾਲਸਾ ਨੇ ਦੱਸਿਆ ਕਿ ਜਿਥੇ ਸੁਸਾਇਟੀ ਵਲੋਂ ਵੱਖ ਵੱਖ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ, ਮੈਡੀਕਲ ਅਤੇ ਫਰਸਟ ਐਡ ਕਿੱਟਾਂ ਵੰਡੀਆਂ ਜਾ ਰਹੀਆਂ ਹਨ, ਉਥੇ ਲੋੜ ਸਮਝਦੇ ਹੋਏ ਡੀਜਲ ਦੀ ਸੇਵਾ ਵੀ ਸ਼ੁਰੂ ਕੀਤੀ ਗਈ ਹੈ।ਕੁਲਦੀਪ ਸਿੰਘ ਕਲਸੀ ਅਤੇ ਦਲਜੀਤ ਸਿੰਘ ਔਲਖ ਨੇ ਦੱਸਿਆ ਕਿ ਅੱਜ ਸੁਸਾਇਟੀ ਵਲੋਂ ਆਲੇਵਾਲ ਪਿੰਡ ਜਿਥੇ ਪਾਣੀ ਦੀ ਮਾਰ ਨੇ ਸਾਰੀ ਫਸਲ ਖਤਮ ਕਰ ਦਿੱਤੀ ਅਤੇ ਕਿਸਾਨਾਂ ਦੀ ਲੋੜ ਨੂੰ ਸਮਝਦੇ ਹੋਏ 500 ਲੀਟਰ ਡੀਜ਼ਲ ਲੈ ਕੇ ਵੰਡਿਆ ਗਿਆ ਤਾਂ ਜੋ ਕੁਝ ਨਾ ਕੁਝ ਮਦਦ ਮਿਲ ਸਕੇ।

ਇਸ ਮੌਕੇ ਪਿੰਡ ਦੇ ਮੋਹਤਬਰਾਂ ਵਲੋਂ ਸੁਸਾਇਟੀ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਗਿਆ। ਅੰਤ ਵਿਚ ਮੇਜਰ ਸਿੰਘ ਅਤੇ ਜੋਤ ਨਿਰੰਜਨ ਸਿੰਘ ਨੇ ਦੱਸਿਆ ਕਿ ਸੰਗਤ ਵਲੋਂ ਦਿੱਤੀ ਮਦਦ ਦਾ ਇੱਕ ਇੱਕ ਪੈਸੇ ਲੋੜਵੰਦਾਂ ਤਕ ਜ਼ਿੰਮੇਵਾਰੀ ਨਾਲ ਪਹੁੰਚਾਉਣ ਲਈ ਸਾਡੀ ਸੰਸਥਾ ਪੂਰੀ ਤਰਾਂ ਵਚਨਬੱਧ ਹੈ।ਇਸ ਮੌਕੇ ਮਾਨਵ ਸਿੱਧੂ, ਹਰਮੇਲ ਸਿੰਘ, ਰਣਜੀਤ ਸਿੰਘ, ਗੁਰਪ੍ਰਤਾਪ ਸਿੰਘ, ਅੰਸ਼ਪ੍ਰੀਤ ਸਿੰਘ, ਰਵੀ ਜਾਵਾਂ ਅਨੰਤ ਜੋਤ ਸਿੰਘ, ਗੁਰਲਾਲ ਸਿੰਘ, ਸੁਖਦੀਪ ਸਿੰਘ ਆਦਿ ਹਾਜ਼ਿਰ ਸਨ।

# ਬਾਬਾ ਸ਼ੇਖ ਫ਼ਰੀਦ ਦੇ ਆਗਮਨ ਦਿਵਸ ਨੂੰ ਸਮਰਪਿਤ ਵਿਸ਼ਵ ਪੰਜਾਬੀ ਦਿਵਸ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮੋਗਾ ਜਿਲ੍ਹੇ ਦੇ ਬਾਘਾ ਪੁਰਾਣਾ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ, ਬਾਘਾ ਪੁਰਾਣਾ ਜੋ ਸੰਸਥਾਪਕ ਪਿੰਸੀਪਲ ਸ. ਗੁਰਦੇਵ ਸਿੰਘ, ਡਾਇਰੈਕਟਰ ਅਤੇ ਪ੍ਰਿੰਸੀਪਲ ਸ਼੍ਰੀ ਸੰਦੀਪ ਮਹਿਤਾ ਦੀ ਯੋਗ ਅਤੇ ਸੁਚੱਜੀ ਰਹਿਨੁਮਾਈ ਵਿੱਚ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਲਈ ਵਚਨਬੱਧ ਹੈ, ਵਿਖੇ ਬਾਬਾ ਸ਼ੇਖ ਫਰੀਦ ਦੇ ਆਗਮਨ ਦਿਵਸ ਨੂੰ ਸਮਰਪਿਤ ਵਿਸ਼ਵ ਪੱਧਰੀ ਪੰਜਾਬੀ ਦਿਵਸ ਮਨਾਇਆ ਗਿਆ। ਜ਼ਿਕਰਯੋਗ ਹੈ ਕਿ ਡਾ. ਜਗਜੀਤ ਸਿੰਘ ਧੂਰੀ (ਆਪਣਾ ਪੰਜਾਬ ਫਾਊਂਡੇਸ਼ਨ ਦੇ ਫਾਊਂਡਰ ਅਤੇ ਪ੍ਰਧਾਨ) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਵੱਲੋਂ ਇਕ ਇਤਿਹਾਸਿਕ ਫੈਸਲਾ ਲਿਆ ਗਿਆ ਕਿ ਹਰ ਸਾਲ 23 ਸਤੰਬਰ ਦਾ ਦਿਨ ਪੰਜਾਬੀ ਦੇ ਪਹਿਲੇ ਸਿਰਮੌਰ ਕਵੀ ਬਾਬਾ ਸ਼ੇਖ ਫ਼ਰੀਦ ਦੇ ਆਗਮਨ ਦਿਵਸ ਨੂੰ ਸਮਰਪਿਤ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਇਆ ਜਾਵੇ ਤਾਂ ਜੋ ਸਾਡੀ ਮਾਂ-ਬੋਲੀ ਪੰਜਾਬੀ ਜੋ ਅੱਜ ਕੱਲ ਵਿਸਰਦੀ ਜਾ ਰਹੀ ਹੈ ਦੇ ਸਤਿਕਾਰ ਅਤੇ ਵਿਕਾਸ ਵਿੱਚ ਵਾਧਾ ਹੋ ਸਕੇ ਅਤੇ ਪੰਜਾਬੀ ਬੋਲੀ ਪ੍ਰਫੁਲਿਤ ਹੋ ਸਕੇ। ਇਸ ਖੁਸ਼ੀ ਭਰੇ ਮੌਕੇ 'ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਕੇ ਹੋਏ ਸੰਸਥਾ ਦੇ ਪ੍ਰਿੰਸੀਪਲ ਸ਼੍ਰੀ ਸੰਦੀਪ ਮਹਿਤਾ ਨੇ ਵਿਦਿਆਰਥੀਆਂ ਨੂੰ ਵਿਸ਼ਵ ਪੰਜਾਬੀ ਦਿਵਸ ਅਤੇ ਬਾਬਾ ਸ਼ੇਖ ਫਰੀਦ ਦੇ ਆਗਮਨ ਪੁਰਬ ਦੀਆਂ ਵਧਾਈਆਂ ਦਿੰਦਿਆਂ ਪ੍ਰੇਰਿਤ ਕੀਤਾ ਕਿ ਸਾਨੂੰ ਆਪਣੀ ਮਾਂ-ਬੋਲੀ ਪੰਜਾਬੀ ਦਾ ਸਤਿਕਾਰ ਕਰਨਾ ਚਾਹੀਦਾ ਹੈ ਕਿਉਂਕਿ ਪੰਜਾਬੀ ਨੂੰ ਗੁਰੂਆਂ ਨੇ ਬਹੁਤ ਮਾਣ-ਸਤਿਕਾਰ ਦਿੱਤਾ ਹੈ ਅਤੇ ਸ਼ੇਖ ਫਰੀਦ ਦੀ ਬਾਣੀ (4 ਸ਼ਬਦ ਅਤੇ 112 ਸ਼ਲੋਕ) ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਕੇ ਮਾਣ ਦਿੱਤਾ।ਇਸ ਮੌਕੇ ਮੈਡਮ ਦੀਪਿਕਾ ਮਨਚੰਦਾ ਵੱਲੋਂ ਵੀ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਬੋਲਣ ਅਤੇ ਮਾਂ-ਬੋਲੀ ਦਾ ਸਤਿਕਾਰ ਕਰਨ ਦੀ ਪ੍ਰੇਰਨਾ ਦਿੱਤੀ।ਲੈਕਚਰਾਰ ਸ੍ਰ. ਹਰਜਿੰਦਰਪਾਲ ਵੱਲੋਂ ਮੰਚ ਦਾ ਸੰਚਾਲਨ ਕਰਦਿਆਂ ਵਿਦਿਆਰਥੀਆਂ ਨੂੰ ਸ਼ੇਖ ਫਰੀਦ ਜੀ ਦੇ ਜੀਵਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕੀਤੀ ਗਈ। ਇਸ ਮੌਕੇ ਸੱਤਵੀਂ ਸ਼੍ਰੇਣੀ ਦੀ ਵਿਦਿਆਰਥਣ ਭਵਨੀਤ ਕੌਰ ਨੇ ਪੰਜਾਬੀ ਬੋਲੀ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਕਵਿਤਾ ਪੜ੍ਹੀ, ਸਾਂਚੀ ਬਾਲਾ ਵੱਲੋਂ ਕਵਿਤਾ, ਅਭੀਜੋਤ ਕੌਰ , ਮਨਵੀਰ ਕੌਰ ਅਤੇ ਗੁਰਪ੍ਰੀਤ ਕੌਰ ਨੇ ਸ਼ੇਖ ਫਰੀਦ ਦੇ ਸ਼ਲੋਕਾਂ ਦਾ ਉਚਾਰਨ ਅਤੇ ਵਿਆਖਿਆ ਕੀਤਾ। ਪ੍ਰਿੰਸੀਪਲ ਮੈਡਮ ਪ੍ਰਮਿੰਦਰ ਕੌਰ, ਮੈਡਮ ਖੁਸ਼ਪ੍ਰੀਤ ਕੌਰ, ਕੋਆਰਡੀਨੇਟਰ ਸ਼੍ਰੀ ਮੁਕੇਸ਼ ਅਰੌੜਾ, ਕੋਆਰਡੀਨੇਟਰ ਮੈਡਮ ਦੀਪਿਕਾ ਮਨਚੰਦਾ ਅਤੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

# ਅੰਤਰਰਾਸ਼ਟਰੀ ਸੀਨੀਅਰ ਸਿਟੀਜ਼ਨ ਦਿਵਸ 1 ਅਕਤੂਬਰ ਨੂੰ ਮਨਾਇਆ ਜਾਵੇਗਾ



**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੰਗਰੂਰ ਸੀਨੀਅਰ ਸਿਟੀਜਨ ਭਲਾਈ ਸੰਸਥਾ ਮੁੱਖ ਦਫ਼ਤਰ ਬਨਾਸਰ ਬਾਗ ਦਾ ਵਫ਼ਦ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਸਾਬਕਾ ਡੀਨ ਡਾ. ਨਰਵਿੰਦਰ ਕੌਸ਼ਲ, ਚੇਅਰਮੈਨ ਇੰਜਨੀਅਰ ਪ੍ਰਵੀਨ ਬਾਂਸਲ, ਸਰਪ੍ਰਸਤ ਗੁਰਪਾਲ ਸਿੰਘ ਗਿੱਲ, ਦਲਜੀਤ ਸਿੰਘ ਜਖ਼ਮੀ, ਜਨਰਲ ਸਕੱਤਰ ਜਗਜੀਤ ਸਿੰਘ ਜੱਸਲ, ਵਿੱਤ ਸਕੱਤਰ ਸ਼ਕਤੀਪਾਲ ਮਿੱਤਲ, ਸੀਨੀਅਰ ਮੀਤ ਪ੍ਰਧਾਨ ਰਾਜ ਕੁਮਾਰ ਅਰੋੜਾ, ਭੁਪਿੰਦਰ ਸਿੰਘ ਜੱਸੀ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਸੰਗਰੂਰ ਸ੍ਰੀ ਰਾਹੁਲ ਚਾਬਾ ਆਈ.ਏ.ਐਸ. ਨੂੰ ਉਨ੍ਹਾਂ ਦੇ ਦਫ਼ਤਰ ਵਿਖੇ ਮਿਲਿਆ ਅਤੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਸੰਗਰੂਰ ਸੀਨੀਅਰ ਸਿਟੀਜਨ ਭਲਾਈ ਸੰਸਥਾ ਬਜ਼ੁਰਗਾਂ ਦੀ ਭਲਾਈ ਅਤੇ ਲੋਕ ਭਲਾਈ, ਸਮਾਜ ਸੇਵੀ ਕੰਮਾਂ ਨੂੰ ਸਮਰਪਿਤ ਹੈ। ਸੰਸਥਾ ਵੱਲੋਂ ਸਮੇਂ-ਸਮੇਂ ਤੇ ਬਜੁਰਗਾਂ ਦੀ ਨਿਰੋਈ ਸਿਹਤ ਲਈ ਮੈਡੀਕਲ ਚੈਕਅੱਪ ਕੈਂਪ ਅਤੇ ਮੰਨੋਰੰਜਨ ਲਈ ਸੱਭਿਆਚਾਰਕ ਸਮਾਗਮ, ਤੀਆਂ ਦੇ ਤਿਉਹਾਰ ਅਤੇ ਵਾਤਾਵਰਨ ਦੀ ਸ਼ੁੱਧਤਾ ਲਈ ਵਣ-ਮਹਾਂਉਤਸਵ ਮਨਾਇਆ ਜਾਂਦਾ ਹੈ। ਵਫ਼ਦ ਵੱਲੋਂ ਡਿਪਟੀ ਕਮਿਸ਼ਨਰ ਸੰਗਰੂਰ ਸ੍ਰੀ ਚਾਬਾ ਦੇ ਧਿਆਨ ਵਿੱਚ ਲਿਆਂਦਾ ਕਿ 01 ਅਕਤੂਬਰ ਨੂੰ ਅੰਤਰ-ਰਾਸ਼ਟਰੀ ਸੀਨੀਅਰ ਸਿਟੀਜਨ ਦਿਵਸ ਹਰ ਸਾਲ ਬਨਾਸਰ ਬਾਗ ਵਿਖੇ ਸਥਿਤ ਦਫ਼ਤਰ ਵਿਖੇ ਮਨਾਇਆ ਜਾਂਦਾ ਹੈ ਅਤੇ ਬਜੁਰਗਾਂ ਦਾ ਮਾਨ ਸਨਮਾਨ ਅਤੇ ਸਤਿਕਾਰ ਕੀਤਾ ਜਾਂਦਾ ਹੈ। ਸੰਸਥਾ ਦੇ ਪ੍ਰਧਾਨ ਡਾ. ਨਰਵਿੰਦਰ ਕੌਸ਼ਲ ਨੇ ਦੱਸਿਆ ਕਿ ਪੂਰੀ ਦੁਨੀਆਂ ਵਿੱਚ 01 ਅਕਤੂਬਰ ਨੂੰ ਬਜੁਰਗਾਂ ਦੇ ਨਾਂਅ ਸਮਰਪਿਤ ਕਰਕੇ ਇਸ ਦਿਨ ਨੂੰ ਵਿਸ਼ਵ ਸੀਨੀਅਰ ਸਿਟੀਜਨ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਸੰਸਥਾ ਦੇ ਸੀਨੀਅਰ ਮੀਤ ਪ੍ਰਧਾਨ ਸ੍ਰੀ ਰਾਜ ਕੁਮਾਰ ਅਰੋੜਾ ਜੋ ਕਿ ਸੰਗਰੂਰ ਸੋਸ਼ਲ ਵੈਲ਼ਫੇਅਰ ਐਸੋਸ਼ੀਏਸ਼ਨ ਦੇ ਵੀ ਪ੍ਰਧਾਨ ਹਨ ਅਤੇ ਸੂਬਾਈ ਪੈਨਸ਼ਨਰ ਆਗੂ ਵੀ ਹਨ ਨੇ ਕਿਹਾ ਕਿ ਜੇਕਰ ਘਰ ਵਿੱਚ ਬਜ਼ੁਰਗਾਂ ਦਾ ਸਤਿਕਾਰ ਨਹੀਂ ਹੈ ਤਾਂ ਉਹ ਘਰ ਨਹੀਂ ਬਲਕਿ ਉਹ ਘਰ ਭੂਤਵਾੜਾ ਹੈ। ਉਨ੍ਹਾਂ ਕਿਹਾ ਕਿ ਬਿਰਧ ਆਸ਼ਰਮ ਦਾ ਖੁੱਲਣਾ ਸਮਾਜ ਦਾ ਦੁਖਾਂਤ ਹੈ। ਵਫ਼ਦ ਵੱਲੋਂ ਡਿਪਟੀ ਕਮਿਸ਼ਨਰ ਸੰਗਰੂਰ ਸ੍ਰੀ ਚਾਬਾ ਨੂੰ ਵਿਸ਼ਵ ਸੀਨੀਅਰ ਸਿਟੀਜਨ ਦਿਵਸ ਦੇ ਮੌਕੇ ਤੇ ਇੱਕ ਅਕਤੂਬਰ ਨੂੰ ਕਰਵਾਏ ਜਾ ਰਹੇ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ ਅਤੇ ਸੱਦਾ ਪੱਤਰ ਵੀ ਦਿੱਤਾ ਅਤੇ ਨਾਲ ਹੀ ਹੜ੍ਹਾਂ ਦੀ ਮਾਰ ਹੇਠ ਆਏ ਪੰਜਾਬ ਵਾਸੀਆਂ ਲਈ ਮੁੱਖ ਮੰਤਰੀ ਰਾਹਤ ਫੰਡ ਲਈ ਸ੍ਰੀ ਚਾਬਾ ਰਾਹੀਂ 01 ਲੱਖ 31 ਹਜ਼ਾਰ ਦੀ ਰਾਸ਼ੀ ਦਾ ਚੈਕ ਵੀ ਦਿੱਤਾ। ਡਿਪਟੀ ਕਮਿਸ਼ਨਰ ਸੰਗਰੂਰ ਸ੍ਰੀ ਚਾਬਾ ਨੇ ਸੰਸਥਾ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਸਲਾਘਾ ਕੀਤੀ ਅਤੇ ਕਰਵਾਏ ਜਾ ਰਹੇ ਸਮਾਗਮ ਵਿੱਚ ਪਹੁੰਚਣ ਦਾ ਵਿਸ਼ਵਾਸ਼ ਦਿਵਾਇਆ। ਇਸ ਮੌਕੇ ਸ੍ਰੀ ਨਰਾਤਾ ਰਾਮ ਸਿੰਗਲਾ, ਅਵਿਨਾਸ਼ ਸ਼ਰਮਾ, ਨੈਸ਼ਨਲ ਅਵਾਰਡੀ ਸਤਦੇਵ ਸ਼ਰਮਾ, ਰਜਿੰਦਰ ਸਿੰਘ ਚੰਗਾਲ, ਅਸ਼ੋਕ ਸ਼ਰਮਾ ਆਦਿ ਮੌਜੂਦ ਸਨ।

# ਹੜ੍ਹ ਪ੍ਰਭਾਵਤਾਂ ਲਈ ਫ੍ਰੀ ਮੈਡੀਕਲ ਕੈਂਪ ਲਗਾਏਗੀ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ



**ਜ਼ੀਰਾ (ਨਰਿੰਦਰ ਅਨੇਜਾ)**
ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ.295 ਦੇ ਬਲਾਕ ਜ਼ੀਰਾ ਵੱਲੋਂ ਜ਼ਿਲ੍ਹਾ ਸਕੱਤਰ ਡਾਕਟਰ ਸੰਤੋਖ ਸਿੰਘ ਦੀ ਅਗਵਾਈ ਅਤੇ ਪ੍ਰਧਾਨ ਡਾਕਟਰ ਆਤਮਾ ਸਿੰਘ ਦੀ ਪ੍ਰਧਾਨਗੀ ਹੇਠ ਹੜ੍ਹ ਪ੍ਰਭਾਵਿਤ ਇਲਾਕੇ ਦੇ ਪਿੰਡ ਬੰਡਾਲਾ ਵਿੱਚ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ।ਪ੍ਰਧਾਨ ਡਾਕਟਰ ਆਤਮਾ ਸਿੰਘ ਨੇ ਕਿਹਾ ਕਿ ਸਾਡੀ ਜਥੇਬੰਦੀ ਦੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਅਤੇ ਜ਼ਿਲ੍ਹਾ ਪ੍ਰਧਾਨ ਡਾਕਟਰ ਹਰਭਜਨ ਕੰਬੋਜ ਦੀ ਮਾਨਵਤਾ ਦੀ ਸੇਵਾ ਦੇ ਉਦੇਸ਼ ਦੇ ਤਹਿਤ ਸਾਡੇ ਬਲਾਕ ਜ਼ੀਰਾ ਅਤੇ ਹੋਰ ਬਲਾਕਾਂ ਵੱਲੋਂ ਜਦੋਂ ਤੋਂ ਹੜ੍ਹ ਆਏ ਹਨ ਉਦੋਂ ਤੋਂ ਹੁਣ ਤੱਕ ਵੱਖ ਵੱਖ ਇਲਾਕਿਆਂ ਵਿੱਚ ਫ੍ਰੀ ਮੈਡੀਕਲ ਕੈਂਪ ਲਗਾਏ ਗਏ ਹਨ ਅਤੇ ਅੱਗੇ ਵੀ ਜਦੋਂ ਤੱਕ ਜ਼ਰੂਰਤ ਹੋਵੇਗੀ ਲਗਾਏ ਜਾਣਗੇ। ਵੱਖ ਵੱਖ ਕੈਂਪਾਂ ਵਿੱਚ 800 ਤੋਂ 900 ਦੇ ਕਰੀਬ ਮਰੀਜ਼ਾਂ ਨੂੰ ਚੈੱਕਅੱਪ ਕਰਕੇ ਫ੍ਰੀ ਦਵਾਈਆਂ ਦਿੱਤੀਆਂ ਗਈਆਂ।

ਇਹਨਾਂ ਕੈਂਪਾਂ ਵਿੱਚ ਸਾਡੀ ਜਥੇਬੰਦੀ ਦਾ ਸਹਿਯੋਗ ਵੱਖ ਵੱਖ ਸੰਸਥਾਵਾਂ ਅਤੇ ਵਿਅਕਤੀਗਤ ਤੌਰ ਤੇ ਲੋਕ ਭਲਾਈ ਆਰਮੀ ਗਰੁੱਪ ਕੋਟ ਕਰੋੜ, ਮਿਸਲ ਸਤਲੁਜ ਰਾਹਤ ਕੈਂਪ ਹਰੀਕੇ ਪੱਤਣ, ਪੀ.ਐਨ.ਫਾਰਮਾ ਦੇ ਗੁਰਪ੍ਰੀਤ ਸਿੰਘ ਪੰਨੂ, ਐਨ.ਆਰ.ਆਈ ਭਾਈ ਬਲਿਸਟਰ ਸਿੰਘ ਅਤੇ ਹੋਰ ਵੀ ਸੇਵਾਦਾਰਾਂ ਵੱਲੋਂ ਦਿੱਤਾ ਗਿਆ। ਅੱਜ ਦੇ ਇਸ ਕੈਂਪ ਵਿੱਚ ਪ੍ਰਧਾਨ ਡਾ. ਆਤਮਾ ਸਿੰਘ ਤੋਂ ਇਲਾਵਾ ਉਨ੍ਹਾਂ ਨਾਲ ਡਾ. ਜਸਵਿੰਦਰ ਸਿੰਘ, ਡਾਕਟਰ ਪੂਰਨ ਸਿੰਘ, ਡਾ. ਬਲਜੀਤ ਸਿੰਘ, ਡਾ. ਪਵਨਵੀਰ ਅਤੇ ਡਾ. ਪਲਵਿੰਦਰ ਸਿੰਘ ਵੱਲੋਂ ਵੀ ਸੇਵਾ ਨਿਭਾਈ ਗਈ।

ਜੋ ਪਿਛਲੇ ਦਿਨੀਂ ਵੱਖ ਵੱਖ ਇਲਾਕਿਆਂ ਵਿੱਚ ਕੈਂਪ ਲਗਾਏ ਗਏ ਉਨ੍ਹਾਂ ਵਿੱਚ ਬਲਾਕ ਜ਼ੀਰਾ ਦੇ ਡਾ. ਸੁਰਜੀਤ ਸਿੰਘ, ਡ. ਗੁਰਦਿੱਤ ਸਿੰਘ, ਡਾ. ਜਰਨੈਲ ਸਿੰਘ, ਡਾ. ਗੁਰਪ੍ਰੀਤ ਸਿੰਘ, ਡਾ. ਕੁਲਵੀਰ ਸਿੰਘ, ਡਾ. ਸਲਵਿੰਦਰ ਸਿੰਘ, ਡਾਕਟਰ ਲਵਲੀ ਸਿੰਘ, ਡਾ. ਹਰਬੰਸ ਸਿੰਘ, ਡਾ. ਰਾਜਵਿੰਦਰ ਸਿੰਘ, ਡਾਕਟਰ ਜਗਮੀਤ ਸਿੰਘ, ਡਾ. ਵਰਿੰਦਰ ਸਿੰਘ, ਡਾਕਟਰ ਤਰਸੇਮ ਸਿੰਘ, ਡਾ. ਗੁਰਮੀਤ ਸਿੰਘ, ਡਾ. ਹਰਪ੍ਰੀਤ ਸਿੰਘ, ਡਾ. ਸਰਬਜੀਤ ਸ਼ਰਮਾ, ਡਾ. ਗੁਰਬਖਸ਼ ਸਿੰਘ ਅਤੇ ਹੋਰ ਵੀ ਡਾਕਟਰ ਸਾਥੀਆਂ ਵੱਲੋਂ ਸੇਵਾ ਨਿਭਾਈ ਗਈ।

# ਮਹਾਂਪੁਰਸ਼ ਸੰਤ ਬਾਬਾ ਪ੍ਰੀਤਮ ਸਿੰਘ ਤਿਆਗੀ ਦੀ 16ਵੀਂ ਬਰਸੀ 27 ਨੂੰ

**ਲੌਂਗੋਵਾਲ (ਪ੍ਰਦੀਪ ਸੱਪਲ)**-ਮਹਾਨ ਸ਼ਹੀਦੀ ਸਮਾਗਮ ਅਤੇ ਮਹਾਂਪੁਰਸ਼ ਸੰਤ ਬਾਬਾ ਪ੍ਰੀਤਮ ਸਿੰਘ ਤਿਆਗੀ ਦੀ 16 ਵੀਂ ਬਰਸੀ ਗੁਰੂਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਬਡਬਰ ਰੋਡ ਲੌਂਗੋਵਾਲ ਵਿੱਖੇ 27 ਸਤੰਬਰ ਨੂੰ ਸ਼ਰਧਾ ਨਾਲ ਮਨਾਈ ਜਾਵੇਗੀ।ਜਾਣਕਾਰੀ ਦਿੰਦਿਆਂ ਸੇਵਾਦਾਰ ਬਾਬਾ ਕੁਲਵੰਤ ਸਿੰਘ ਕਾਂਤੀ ਅਤੇ ਹੈਡ ਗ੍ਰੰਥੀ ਬੀਰਬਲ ਸਿੰਘ ਨੇ ਦੱਸਿਆ ਕਿ ਸੰਤ ਜੀ ਦੀ ਬਰਸੀ ਸਬੰਧੀ 25 ਸਤੰਬਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਪ੍ਰਕਾਸ਼ ਹੋਣਗੇ ਅਤੇ 26 ਸਤੰਬਰ ਨੂੰ ਭਾਰੀ ਦੀਵਾਨ ਸਜਣਗੇ ਅਤੇ 27 ਸਤੰਬਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ।ਇਸ ਉਪਰੰਤ ਰਾਗੀ, ਢਾਡੀ ਕਵੀਸ਼ਰੀ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ।

### ਅਜਨੌਦ ਜਾਣ ਵਾਲੀ ਸੜਕ ਦਾ ਕੰਮ ਸ਼ੁਰੂ ਕਰਵਾਉਣ 'ਤੇ ਹਲਕਾ ਵਿਧਾਇਕ ਦਾ ਧੰਨਵਾਦ

**ਦੋਰਾਹਾ (ਹਰਮਿੰਦਰ ਸੇਠ)**-ਪਿੰਡ ਰਾਜਗੜ ਤੋਂ ਅਜਨੌਦ ਜਾਣ ਵਾਲੀ ਸੜਕ ਦਾ ਕੰਮ ਸ਼ੁਰੂ ਕਰਵਾਉਣ ਤੇ ਸਮਾਜ ਸੇਵੀ ਰਿੱਕੀ ਅਜਨੌਦ ਤੇ ਯੂਥ ਆਗੂ ਹਰਦੀਪ ਸਮਰਾ ਵਲੋਂ ਹਲਕਾ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਦਾ ਵਿਸੇਸ ਧੰਨਵਾਦ ਕੀਤਾ ਗਿਆ ਉਹਨਾਂ ਕਿਹਾ ਕਿ ਰਾਜਗੜ ਤੋਂ ਪਿੰਡ ਅਜਨੌਦ ਆਉਣ ਵਾਲਿਆਂ ਨੂੰ ਬਹੁਤ ਦਿੱਕਤ ਆਉਂਦੀ ਸੀ ਉਹਨਾਂ ਇਸ ਕੰਮ ਲਈ ਸਾਰੇ ਪਿੰਡ ਵਾਸੀਆਂ ਵਲੋਂ ਵੀ ਹਲਕਾ ਵਿਧਾਇਕ ਦਾ ਧੰਨਵਾਦ ਕੀਤਾ। ਇਸ ਮੌਕੇ ਰਿੱਕੀ ਅਜਨੌਦ, ਹਰਦੀਪ ਸਮਰਾ, ਪਵਨ ਗਰਚਾ, ਚੈਅਰਮੈਨ ਬੂਟਾ ਸਿੰਘ ਰਾਣੋ, ਏ. ਪੀ ਜੱਲਾ ਤੇ ਪਿੰਡ ਵਾਸੀ ਮੌਜੂਦ ਸਨ।

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਨੈਤਿਕ ਸਿੱਖਿਆ ਪ੍ਰੀਖਿਆ ਦਾ ਨਤੀਜਾ ਐਲਾਨਿਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਖੇਤਰ ਸ੍ਰੀ ਮੁਕਤਸਰ ਸਾਹਿਬ ਵੱਲੋਂ ਸਕੂਲੀ ਵਿਦਿਆਰਥੀਆਂ ਦੀ ਨੈਤਿਕ ਸਿੱਖਿਆ ਇਮਤਿਹਾਨ ਲਿਆ ਗਿਆ। ਇਹ ਇਮਤਿਹਾਨ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਉਹਨਾਂ ਦੀ ਜੀਵਨੀ ਵਿੱਚੋਂ ਲਿਆ ਗਿਆ।ਜਿਸ ਵਿੱਚ ਲਗਭਗ 22 ਸਕੂਲਾਂ ਦੇ 1500 ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਇਸ ਪ੍ਰੀਖਿਆ ਦਾ ਮਕਸਦ ਵਿੱਦਿਆਰਥੀਆਂ ਨੂੰ ਆਪਣੇ ਮਹਾਨ ਵਿਰਸੇ ਨਾਲ ਜੋੜ ਕੇ ਚੰਗੇ ਇਨਸਾਨ ਬਣਾਉਣਾ ਹੈ। ਖੇਤਰ ਸ੍ਰੀ ਮੁਕਤਸਰ ਸਾਹਿਬ ਵਿੱਚ ਦੂਜਾ ਦਰਜਾ (ਛੇਵੀਂ ਤੋਂ ਅੱਠਵੀਂ ਜਮਾਤ) ਵਿੱਚੋਂ ਪਹਿਲਾ ਸਥਾਨ ਜੋਬਨਮੀਤ ਸਿੰਘ ਜਮਾਤ ਸੱਤਵੀਂ ਅਕਾਲ ਅਕੈਡਮੀ ਮੁਕਤਸਰ, ਦੂਸਰਾ ਸਥਾਨ ਪਾਵਣੀ ਚੌਹਾ ਜਮਾਤ ਅੱਠਵੀਂ, ਕੁਲਵੰਤ ਜੋਸ਼ੀ ਰੀਜਨਲ ਮੈਮੋਰੀਅਲ ਕਾਨਵੈਂਟ ਸਕੂਲ, ਰੁਪਾਣਾ, ਤੀਸਰਾ ਸਥਾਨ ਖੁਸ਼ਦੀਪ ਕੌਰ ਜਮਾਤ ਛੇਵੀਂ, ਸ.ਸ.ਸ.ਸਕੂਲ, ਉਦੇਕਰਨ ਨੇ ਹਾਸਲ ਕੀਤਾ। ਦਰਜਾ ਤੀਜਾ (ਨੌਵੀਂ ਤੋਂ ਬਾਰ੍ਹਵੀਂ ਜਮਾਤ) ਵਿੱਚੋਂ ਪਹਿਲਾ ਸਥਾਨ ਨਵਪ੍ਰੀਤ ਕੌਰ ਜਮਾਤ ਦਸਵੀਂ ਸ.ਸ. ਸ. ਸਕੂਲ ਉਦੇਕਰਨ, ਦੂਸਰਾ ਸਥਾਨ ਆਕਾਸ਼ਦੀਪ ਕੌਰ ਜਮਾਤ ਦਸਵੀਂ ਸੇਂਟ ਫਰੀਦ ਕਾਨਵੈਂਟ ਸਕੂਲ, ਤੀਸਰਾ ਸਥਾਨ ਹਰਪ੍ਰੀਤ ਕੌਰ ਜਮਾਤ ਗਿਆਰ੍ਹਵੀਂ, ਡੀ.ਵੀ ਐਮ ਪਬਲਿਕ ਸਕੂਲ, ਉਦੇਕਰਨ ਨੇ ਸਥਾਨ ਹਾਸਿਲ ਕੀਤਾ।ਇਮਤਿਹਾਨ ਕੋਆਰਡੀਨੇਟਰ ਰਮਨਦੀਪ ਸਿੰਘ ਨੇ ਦੱਸਿਆ ਕਿ ਪਹਿਲੀਆਂ ਪੁਜੀਸ਼ਨਾਂ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

24-SEP-PAGE-6.qxd 9/23/2025 9:25 PM Page 1



## ਹੜ੍ਹ ਪ੍ਰਭਾਵਤ ਪਸ਼ੂਆਂ ਲਈ ਹਰਾ ਚਾਰਾ ਵੰਡਿਆ




ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਰਾਸ਼ਟਰੀ ਸਵੈ ਸੇਵਕ ਸੰਘ ਤੇ ਸੇਵਾ ਭਾਰਤੀ ਰਾਮਪੁਰਾ ਫੂਲ ਵੱਲੋਂ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਫਿਰੋਜ਼ਪੁਰ ਏਰੀਏ ਵਿੱਚ ਹੜ੍ਹ ਪ੍ਰਭਾਵਿਤ ਪਸ਼ੂਆਂ ਲਈ ਹਰਾ ਚਾਰਾ ਵੰਡਿਆ ਗਿਆ।ਸੰਜੀਵ ਆਸ਼ੂ, ਯਸ਼ ਪਾਲ ਢੀਂਗਰਾ ਤੇ ਸੁਨੀਲ ਕੁਮਾਰ ਵੱਲੋਂ ਇਹ ਸਮੱਗਰੀ ਵੰਡਣ ਦੀ ਡਿਊਟੀ ਨਿਭਾਈ ਗਈ ਸੀ।ਸਮੱਗਰੀ ਭੇਜਣੇ ਆਰ ਆਰ ਐੱਸ ਐੱਸ ਦੇ ਤਰਸੇਮ ਜੇਠੀ, ਰਾਜ ਕੁਮਾਰ, ਬਿਪਨ ਕੁਮਾਰ, ਰਾਜੀਵ ਕੁਮਾਰ, ਸੇਵਾ ਭਾਰਤੀ ਦੇ ਨਰਿੰਦਰ ਰਾਈਆ, ਰਮੇਸ਼ ਕੁਮਾਰ, ਲਛਮਣ ਦਾਸ ਗੋਇਲ, ਆਸ਼ੂਤੀ ਅਸ਼ੋਕ ਕੁਮਾਰ ਤੇ ਮੱਖਣ ਜਿੰਦਲ ਸਾਬਕਾ ਐੱਮ. ਸੀ. ਮੌਜੂਦ ਸਨ।ਉਨ੍ਹਾਂ ਦੱਸਿਆ ਕਿ ਅੱਗੇ ਵੀ ਹੋਰ ਰਾਹਤ ਸਮੱਗਰੀ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਭੇਜੀ ਜਾਵੇਗੀ।

## ਫਿਲਮ ਦੇ ਪ੍ਰੋਮੋ 'ਚ ਭਗਵਾਨ ਵਾਲਮੀਕਿ ਬਾਰੇ ਅੱਪ-ਸ਼ਬਦ ਬੋਲਣ ਵਾਲਿਆਂ ਖਿਲਾਫ ਕਾਰਵਾਈ ਦੀ ਮੰਗ

### ਨਾਇਬ ਤਹਿਸੀਲਦਾਰ ਧੂਰੀ ਤੇ ਐੱਸ ਐੱਚ ਓ ਸਦਰ ਨੂੰ ਮੰਗ ਪੱਤਰ ਸੌਂਪਿਆ



ਧੂਰੀ (ਮਹਿੰਦਰ ਸੱਗੂ, ਮਹਿਤ ਗਰਗ, ਬਿੰਨੀ ਗਰਗ)-ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਵੱਲੋਂ ਮਹਾਂਰਿਸ਼ੀ ਭਗਵਾਨ ਵਾਲਮੀਕਿ ਫਿਲਮ ਦੀ ਟ੍ਰੇਲਰ ਪ੍ਰੋਮੋ ਦੌਰਾਨ ਭਗਵਾਨ ਵਾਲਮੀਕਿ ਬਾਰੇ ਅਪ-ਸ਼ਬਦ ਬੋਲਣ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਨੂੰ ਲੈ ਕੇ ਡਿਪਟੀ ਕਮਿਸ਼ਨਰ ਸੰਗਰੂਰ ਤੇ ਡੀ ਐੱਸ ਪੀ ਧੂਰੀ ਦੇ ਨਾਮ ਨਾਇਬ ਤਹਿਸੀਲਦਾਰ ਧੂਰੀ ਤੇ ਐੱਸ ਐੱਚ ਓ ਸਦਰ ਨੂੰ ਮੰਗ ਪੱਤਰ ਸੌਂਪਿਆ ਗਿਆ।ਮੰਚ ਦੇ ਕੌਮੀ ਪ੍ਰਧਾਨ ਨਵਨੀਤ ਸਿੰਘ ਤੇ ਮੀਤ ਪ੍ਰਧਾਨ ਲੈਫਟੀਨੈਂਟ ਦਰਸ਼ਨ ਸਿੰਘ ਦੀ ਅਗਵਾਈ ਹੇਠ ਸੌਂਪੇ ਗਏ ਮੰਗ ਪੱਤਰ ਰਾਹੀਂ ਕਿਹਾ ਗਿਆ ਕਿ ਇਸ ਫਿਲਮ 'ਚ ਅਦਾਕਾਰ ਅਕਸ਼ੈ ਕੁਮਾਰ ਭਗਵਾਨ ਵਾਲਮੀਕਿ ਦਾ ਰੋਲ ਅਦਾ ਕਰ ਰਹੇ ਹਨ ਤੇ ਭਗਵਾਨ ਵਾਲਮੀਕਿ ਜੀ ਬਾਰੇ ਅਪ-ਸ਼ਬਦ ਬੋਲਣ ਨਾਲ ਦੇਸ਼ ਵਿਦੇਸ਼ 'ਚ ਭਗਵਾਨ ਵਾਲਮੀਕਿ ਜੀ ਨੂੰ ਮੰਨਣ ਵਾਲਿਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ ਹੈ।ਮੰਗ ਪੱਤਰ ਰਾਹੀਂ ਇਸ ਫਿਲਮ ਨੂੰ ਰਿਲੀਜ਼ ਹੋਣ ਤੋਂ ਰੋਕਣ ਤੇ ਅਦਾਕਾਰ ਅਕਸ਼ੈ ਕੁਮਾਰ, ਫਿਲਮ ਦੇ ਨਿਰਦੇਸ਼ਕ, ਪ੍ਰੋਡਿਊਸਰ ਤੇ ਰਾਈਟਰ ਸਮੇਤ ਟੀਮ ਅਤੇ ਚੈਨਲ ਖਿਲਾਫ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਐੱਸ ਸੀ/ਐੱਸ ਟੀ ਐਕਟ ਤਹਿਤ ਮੁਕੱਦਮਾ ਦਰਜ ਕਰਨ ਦੀ ਮੰਗ ਕੀਤੀ ਗਈ। ਮੰਚ ਦੇ ਆਗੂਆਂ ਨੇ ਕਿਹਾ ਕਿ ਜੇਕਰ ਤੁਰੰਤ ਐਕਸ਼ਨ ਨਾ ਕੀਤਾ ਗਿਆ ਤਾਂ ਪੰਜਾਬ ਤੇ ਦੇਸ਼ ਦਾ ਮਾਹੌਲ ਖਰਾਬ ਹੋਵੇਗਾ, ਜਿਸ ਦੀ ਜ਼ਿੰਮੇਵਾਰੀ ਭਾਰਤ ਸਰਕਾਰ, ਪੰਜਾਬ ਸਰਕਾਰ ਤੇ ਪ੍ਰਸ਼ਾਸਨ ਦੀ ਹੋਵੇਗੀ।

## ਸਪੀਕਰ ਵੱਲੋਂ ਬਾਬਾ ਫਰੀਦ ਦੇ ਆਗਮਨ ਪੁਰਬ ਦੀ ਸੰਗਤਾਂ ਨੂੰ ਵਧਾਈ

### ਬਾਬਾ ਫਰੀਦ ਜੀ ਦੀ ਬਾਣੀ ਮਨੁੱਖਤਾ ਲਈ ਪ੍ਰੇਰਨਾਸਰੋਤ : ਸੰਧਵਾਂ




ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਮਹਾਨ ਸੂਫ਼ੀ ਸੰਤ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਦੇ ਪਾਵਨ ਮੌਕੇ 'ਤੇ ਦੇਸ਼ ਤੇ ਵਿਦੇਸ਼ ਵਿੱਚ ਵੱਸਦੇ ਸਮੂਹ ਭਾਈਚਾਰੇ ਨੂੰ ਦਿਲੋਂ ਵਧਾਈ ਦਿੱਤੀ ਹੈ।ਸ. ਸੰਧਵਾਂ ਨੇ ਕਿਹਾ ਕਿ ਬਾਬਾ ਸ਼ੇਖ ਫਰੀਦ ਜੀ ਦੀ ਬਾਣੀ ਮਨੁੱਖਤਾ ਲਈ ਰਾਹ-ਦਸੇਰਾ ਹੈ, ਜਿਸ ਨੇ ਹਮੇਸ਼ਾ ਹੀ ਪਿਆਰ ਦੇ ਉਪਦੇਸ਼ ਅਮਨ-ਸ਼ਾਂਤੀ, ਭਾਈਚਾਰਕ ਸਾਂਝ, ਨਿਮਰਤਾ ਤੇ ਆਪਸੀ ਪ੍ਰੇਮ ਦੇ ਜੀਵੰਤ ਸੁਨੇਹੇ ਹਨ।ਬਾਬਾ ਫਰੀਦ ਜੀ ਨੇ ਆਪਣੇ ਸ਼ਬਦਾਂ ਰਾਹੀਂ ਲੋਕਾਂ ਨੂੰ ਅਸਲੀ ਮਨੁੱਖਤਾ ਦਾ ਮਰਮ ਸਮਝਾਇਆ ਅਤੇ ਸਿਖਾਇਆ ਕਿ ਸਾਦਗੀ ਤੇ ਸਚਾਈ ਨਾਲ ਭਰਪੂਰ ਜੀਵਨ ਹੀ ਸੱਚੇ ਅਰਥਾਂ ਵਿੱਚ ਆਦਰਸ਼ ਜੀਵਨ ਹੈ।ਸਪੀਕਰ ਨੇ ਕਿਹਾ ਕਿ ਬਾਬਾ ਫਰੀਦ ਜੀ ਦੀ ਬਾਣੀ ਮੌਜੂਦਾ ਸਮੇਂ ਦੇ ਪਦਾਰਥਵਾਦੀ ਤੇ ਤਣਾਅ-ਭਰੇ ਸਮਾਜ ਲਈ ਇਕ ਵਿਲੱਖਣ ਮਾਰਗਦਰਸ਼ਕ ਹੈ।ਜੇਕਰ ਅਸੀਂ ਉਨ੍ਹਾਂ ਦੇ ਦੱਸੇ ਮਾਰਗ 'ਤੇ ਚੱਲ ਕੇ ਆਪਸੀ ਪ੍ਰੇਮ, ਸਹਿਣਸ਼ੀਲਤਾ ਤੇ ਮਿਲਜੁਲ ਨਾਲ ਜੀਵਨ ਬਿਤਾਈਏ ਤਾਂ ਇੱਕ ਸੁੰਦਰ ਤੇ ਸਮਰੱਥ ਸਮਾਜ ਦੀ ਸਿਰਜਣਾ ਸੰਭਵ ਹੈ।ਸ. ਸੰਧਵਾਂ ਨੇ ਕਿਹਾ ਕਿ ਬਾਬਾ ਫਰੀਦ ਜੀ ਦੀ ਰਚੀ ਹੋਈ ਬਾਣੀ ਦਾ ਮਹੱਤਵ ਇਸ ਗੱਲ ਤੋਂ ਵੀ ਪਤਾ ਚੱਲ ਜਾਂਦਾ ਹੈ ਕਿ ਉਨ੍ਹਾਂ ਦੇ 112 ਪਵਿੱਤਰ ਸਲੋਕ ਤੇ 4 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ, ਜੋ ਸਿੱਖ ਕੌਮ ਹੀ ਨਹੀਂ ਸਗੋਂ ਪੂਰੀ ਮਨੁੱਖਤਾ ਲਈ ਪ੍ਰੇਰਣਾ ਦਾ ਸਰੋਤ ਹਨ।

## ਹੜ੍ਹ ਪੀੜਤ ਪਿੰਡਾਂ 'ਚ ਆਨੰਦ ਮਾਰਗ ਯੂਨੀਵਰਸਲ ਰਿਲੀਫ ਟੀਮ ਵੱਲੋਂ ਰਾਹਤ ਕੈਂਪ




ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਆਨੰਦ ਮਾਰਗ ਯੂਨੀਵਰਸਲ ਰਿਲੀਫ ਟੀਮ ਪੰਜਾਬ ਵੱਲੋਂ ਫਿਰੋਜ਼ਪੁਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕੰਮ ਜਾਰੀ ਹੈ। ਟੀਮ ਨੇ ਹਾਲ ਹੀ ਵਿੱਚ ਫਿਰੋਜ਼ਪੁਰ ਜ਼ਿਲ੍ਹੇ ਦੇ ਸਰਹੱਦੀ ਪਿੰਡਾਂ ਨਿਹਾਲ ਕੇ ਤੇ ਕਾਲੂਵਾਲਾ ਵਿੱਚ ਜਾ ਕੇ ਲੋਕਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ।ਆਨੰਦ ਮਾਰਗ ਯੂਨੀਵਰਸਲ ਰਿਲੀਫ ਟੀਮ (ਪੰਜਾਬ) ਟੀਮ ਵਿੱਚ ਚੰਡੀਗੜ੍ਹ, ਪਟਿਆਲਾ, ਲੁਧਿਆਣਾ, ਜਲੰਧਰ, ਅੰਮ੍ਰਿਤਸਰ ਤੇ ਫਿਰੋਜ਼ਪੁਰ ਦੇ ਮੈਂਬਰਾਂ ਨੇ ਯੋਗਦਾਨ ਦਿੱਤਾ। ਇਸ ਟੀਮ ਦੀ ਅਗਵਾਈ ਕਮੇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ, ਰਵਿੰਦਰ ਠਾਕੁਰ, ਚੰਚਲ ਭਾਟੀਆ, ਜੇ ਚੰਦ ਸੈਣੀ, ਸਿਧਾਰਥ ਚਾਵਲਾ ਤੇ ਕੁਲਵਿੰਦਰ (ਬੇਨੀ) ਨੰਦਾ ਨੇ ਕੀਤੀ। ਇਨ੍ਹਾਂ ਪਿੰਡਾਂ ਵਿੱਚ ਪਹੁੰਚਣ ਲਈ ਟੀਮ ਨੂੰ ਬਾਰਡਰ ਸਕਿਊਰਿਟੀ ਫੋਰਸ ਦੀ ਸਹਾਇਤਾ ਲੈਣੀ ਪਈ। ਬੀਐੱਸਐੱਫ ਨੇ ਨਾ ਸਿਰਫ਼ ਟੀਮ ਨੂੰ ਸੁਰੱਖਿਆ ਪ੍ਰਦਾਨ ਕੀਤੀ, ਸਗੋਂ ਕਿਸ਼ਤੀ ਦੀ ਵੀ ਵਿਵਸਥਾ ਕੀਤੀ, ਜਿਸ ਨਾਲ ਕਾਲੂਵਾਲਾ ਪਿੰਡ ਤੱਕ ਪਹੁੰਚਣਾ ਸੰਭਵ ਹੋਇਆ। ਯਾਦ ਰਹੇ ਕਿ ਇਹ ਪਿੰਡ ਪੂਰੀ ਤਰ੍ਹਾਂ ਨਾਲ ਬਾਕੀ ਇਲਾਕੇ ਤੋਂ ਕੱਟ ਚੁੱਕਾ ਹੈ ਤੇ ਕਿਸ਼ਤੀ ਤੋਂ ਬਿਨਾਂ ਉੱਥੇ ਜਾਣਾ ਅਸੰਭਵ ਹੈ। ਰਾਹਤ ਕੈਂਪ ਦੌਰਾਨ ਟੀਮ ਨੇ ਲਗਭਗ 100 ਰਾਸ਼ਨ ਕਿੱਟਾਂ ਵੰਡੀਆਂ। ਸਥਾਨਕ ਲੋਕਾਂ ਨੇ ਦੱਸਿਆ ਕਿ ਹੜ੍ਹ ਨੇ ਉਨ੍ਹਾਂ ਦੀਆਂ ਫਸਲਾਂ ਨੂੰ ਤਬਾਹ ਕਰ ਦਿੱਤਾ ਹੈ ਤੇ ਘੱਟੋ-ਘੱਟ ਅਗਲੇ ਚਾਰ ਤੋਂ ਪੰਜ ਮਹੀਨਿਆਂ ਤੱਕ ਖੇਤੀ ਕਰਨੀ ਮੁਸ਼ਕਲ ਰਹੇਗੀ। ਇਸ ਕਾਰਨ ਪਿੰਡ ਵਾਸੀਆਂ ਨੂੰ ਘੱਟੋ-ਘੱਟ ਦੋ ਤੋਂ ਤਿੰਨ ਮਹੀਨੇ ਤੱਕ ਬਾਹਰੀ ਸਹਾਇਤਾ ਦੀ ਲੋੜ ਰਹੇਗੀ। ਆਨੰਦ ਮਾਰਗ ਯੂਨੀਵਰਸਲ ਰਿਲੀਫ ਟੀਮ ਪੰਜਾਬ ਦੇ ਪ੍ਰਵਕਤਾ ਨੇ ਕਿਹਾ ਕਿ ਸੰਗਠਨ ਲੋਕਾਂ ਤੱਕ ਬੁਨਿਆਦੀ ਜ਼ਰੂਰਤਾਂ ਪਹੁੰਚਾਉਣ ਲਈ ਪ੍ਰਤੀਬੱਧ ਹੈ। ਉਨ੍ਹਾਂ ਸਮਾਜ ਦੇ ਸਮਰੱਥ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਕਾਰਜ ਵਿੱਚ ਯੋਗਦਾਨ ਪਾਉਣ, ਤਾਂ ਜੋ ਹੜ੍ਹ ਪੀੜਤ ਪਰਵਾਰਾਂ ਦੀ ਸਹਾਇਤਾ ਕੀਤੀ ਜਾ ਸਕੇ। ਇਹ ਰਾਹਤ ਮੁਹਿੰਮ ਬੀ ਐੱਸ ਐੱਫ ਦੀ ਸਹਿਯੋਗ ਨਾਲ ਹੀ ਸੰਭਵ ਹੋ ਸਕੀ ਹੈ।

## ਗਰੀਬ ਪਰਵਾਰਾਂ ਦੇ ਢਹੇ ਮਕਾਨਾਂ ਦਾ ਕੀਤਾ ਦੌਰਾ



ਦੋਰਾਹਾ (ਹਰਮਿੰਦਰ ਸੇਠ)-ਪੰਜਾਬ ਵਿੱਚ ਆਏ ਹੜ੍ਹਾਂ ਨੇ ਜਿੱਥੇ ਪੰਜਾਬ ਦੇ ਲੋਕਾਂ ਦੀ ਫਸਲ ਬਰਬਾਦ ਕੀਤੀ ਹੈ, ਉੱਥੇ ਬਹੁਤ ਵੱਡੇ ਪੱਧਰ ਤੇ ਪੰਜਾਬ ਦੇ ਗਰੀਬ ਮਜ਼ਦੂਰਾਂ ਦੇ ਘਰਾਂ ਨੂੰ ਵੀ ਬਹੁਤ ਵੱਡਾ ਨੁਕਸਾਨ ਪਹੁੰਚਿਆ ਹੈ। ਹੜ੍ਹ ਪ੍ਰਭਾਵਤ ਖੇਤਰਾਂ ਤੋਂ ਇਲਾਵਾ ਵੀ ਪੰਜਾਬ ਦੇ ਵੱਖ-ਵੱਖ ਖੇਤਰਾਂ ਦੇ ਵਿੱਚ ਪੰਜਾਬ ਦੇ ਗਰੀਬ ਮਜ਼ਦੂਰਾਂ ਤੇ ਕਿਸਾਨਾਂ ਦੇ ਘਰ ਢਹਿ ਗਏ, ਜਿਨ੍ਹਾਂ ਦੀ ਅੱਜ ਤੱਕ ਕਿਸੇ ਸਰਕਾਰ ਨੇ ਕੋਈ ਸਾਰ ਨਹੀਂ ਲਈ। ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਇਨ੍ਹਾਂ ਲੋਕਾਂ ਦੀ ਬਾਂਹ ਫੜੇ ਤੇ ਗਰੀਬ ਪਰਵਾਰਾਂ ਨੂੰ ਢਹਿ ਗਏ ਮਕਾਨਾਂ ਦਾ ਤੁਰੰਤ ਮੁਆਵਜ਼ਾ ਜਾਰੀ ਕਰੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਕਾਲੀ ਦਲ ਵਾਰਿਸ ਪੰਜਾਬ ਦੇ ਕੋਰ ਕਮੇਟੀ ਮੈਂਬਰ ਪੰਜਾਬ ਤੇ ਅਬਜ਼ਰਵਰ ਸ੍ਰੀ ਫਤਿਹਗੜ੍ਹ ਸਾਹਿਬ ਜਸਵੀਰ ਸਿੰਘ ਰੁਪਾਲੋਂ ਨੇ ਪਿੰਡ ਬੇਗੋਵਾਲ ਵਿਖੇ ਗਰੀਬ ਪਰਵਾਰਾਂ ਦੇ ਇਨ੍ਹਾਂ ਮਕਾਨਾਂ ਦਾ ਵੇਰਵਾ ਇਕੱਠਾ ਕਰਨ ਸਮੇਂ ਪੀੜਤ ਪਰਵਾਰਾਂ ਨਾਲ ਮੁਲਾਕਾਤ ਕਰਦਿਆਂ ਕੀਤਾ। ਸਾਡੀ ਟੀਮ ਨੇ ਪਿੰਡ ਬੇਗੋਵਾਲ ਦੇ ਪੀੜਤ ਗਰੀਬ ਪਰਵਾਰਾਂ ਦੇ ਨਾਲ ਮੁਲਾਕਾਤ ਕੀਤੀ ਜਦੋਂ ਉਨ੍ਹਾਂ ਦੇ ਮਕਾਨਾਂ ਦਾ ਜਾਇਜ਼ਾ ਲਿਆ ਗਿਆ ਤਾਂ ਰੂਹ ਕੰਬਾਊਣ ਵਾਲੇ ਹਾਲਾਤ ਸਾਹਮਣੇ ਆਏ ਬੁਰੀ ਤਰ੍ਹਾਂ ਨੁਕਸਾਨੀਆਂ ਦੀਵਾਰਾਂ ਢੱਠੀਆਂ ਛੱਤਾਂ ਤੇ ਗਰੀਬ ਬੱਚੇ ਪੜ੍ਹਾਈ ਵੱਲ ਵੀ ਧਿਆਨ ਦੇ ਨਹੀਂ ਸਕੇ। ਅੱਧ ਡਿੱਗੇ ਮਕਾਨਾਂ ਨਾਲ ਕਿਸੇ ਵੀ ਕਿਸਮ ਦਾ ਵੱਡਾ ਜਾਨੀ ਨੁਕਸਾਨ ਹੋ ਸਕਦਾ ਹੈ। ਲੋਕ ਤ੍ਰਾਹ-ਤ੍ਰਾਹ ਕਰ ਰਹੇ ਹਨ।

## ਰਾਮਲੀਲ੍ਹਾ ਮੰਚਨ ਦੀ ਦੂਜੀ ਰਾਤ, ਅਬਜ਼ਰਵਰ ਕਸਤੂਰੀ ਲਾਲ ਮਿੰਟੂ ਵੱਲੋਂ ਉਦਘਾਟਨ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਦੁਸਹਿਰਾ ਮੈਦਾਨ ਵਿਖੇ ਸਰਵਹਿੱਤਕਾਰੀ ਸਭਾ ਸ੍ਰੀ ਰਾਮਲੀਲ੍ਹਾ ਕਮੇਟੀ ਵਲੋਂ ਕਰਵਾਏ ਜਾ ਰਹੇ ਮੰਚਨ ਦੀ ਦੂਜੀ ਰਾਤ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪੁੱਜੇ ਲੋਕ ਸਭਾ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਅਬਜ਼ਰਵਰ ਅਤੇ ਜ਼ਿਲ੍ਹਾ ਯੂਥ ਪ੍ਰਧਾਨ ਕਸਤੂਰੀ ਲਾਲ ਮਿੰਟੂ ਨੇ ਕੀਤਾ। ਸਭਾ ਦੇ ਅਹੁਦੇਦਾਰਾਂ ਵਲੋਂ ਮੰਚਨ ਦੀ ਸ਼ੁਰੂਆਤ ਤੋਂ ਪਹਿਲਾਂ ਭਗਵਾਨ ਵਾਲਮੀਕ ਜੀ ਦੀ ਆਰਤੀ ਕੀਤੀ। ਰਾਤ ਦਿਖਾਏ ਗਏ ਦ੍ਰਿਸ਼ਾਂ ਵਿਚ ਰਾਜਾ ਦਸ਼ਰਥ ਵਲੋਂ ਸ਼ਰਵਣ ਨੂੰ ਮਾਰਨਾ, ਸ੍ਰੀ ਰਾਮ ਤੇ ਮਾਤਾ ਸੀਤਾ ਦੇ ਜਨਮ ਲੈਣ ਦੇ ਦ੍ਰਿਸ਼ ਦਿਖਾਏ ਗਏ। ਸਭਾ ਦੇ ਪ੍ਰਧਾਨ ਅਸ਼ੋਕ ਸੂਦ ਤੇ ਚੇਅਰਮੈਨ ਮਹਿਤ ਕੁੰਦਰਾ ਵਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਪ੍ਰਗਟਾਇਆ ਅਤੇ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਡੀ.ਡੀ. ਵਰਮਾ, ਸੰਜੀਵ ਲੀਹਲ, ਐਡਵੋਕੇਟ ਨਿਤਿਸ਼ ਕੁੰਦਰਾ, ਕੌਂਸਲਰ ਨੀਰਜ ਕੁਮਾਰ, ਕ੍ਰਿਸ਼ਨ ਲਾਲ ਸਚਦੇਵਾ, ਕ੍ਰਿਸ਼ਨ ਲਾਲ ਚੋਪੜਾ, ਲੱਕੀ ਰਾਣਾ ਜੋਧਵਾਲ, ਸੋਨੀ ਸੂਦ, ਜਗਜੀਤ ਮਹਿਰਾ ਵੀ ਮੌਜੂਦ ਸਨ।

# 4161 ਮਾਸਟਰ ਕਾਡਰ ਅਧਿਆਪਕ ਯੂਨੀਅਨ ਦੀ ਹੋਈ ਮੀਟਿੰਗ



ਮਾਨਸਾ (ਆਤਮਾ ਸਿੰਘ ਪਮਾਰ)

4161 ਮਾਸਟਰ ਕਾਡਰ ਅਧਿਆਪਕ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਮਾਨਸਾ ਵੱਲੋਂ ਸਥਾਨਕ ਬਾਲ ਭਵਨ ਵਿਖੇ ਬਦਲੀਆਂ ਦੇ ਸ਼ਪੈਸਲ ਮੌਕੇ ਦੀ ਮੰਗ ਤੇ ਪੰਜਾਬ ਪੇਅ ਸਕੇਲ ਬਹਾਲੀ ਦੀ ਮੰਗ ਨੂੰ ਲੈ ਕੇ 28 ਸਤੰਬਰ ਨੂੰ ਦਿੜਬਾ 'ਚ ਹੋਣ ਵਾਲੇ ਰੋਸ ਮੁਜ਼ਾਹਰੇ ਨੂੰ ਸਫਲ ਬਣਾਉਣ ਲਈ ਮਹੱਤਵਪੂਰਨ ਮੀਟਿੰਗ ਕੀਤੀ ਗਈ।

ਮੀਟਿੰਗ ਦਾ ਮੁੱਖ ਮਕਸਦ ਚੱਲ ਰਹੀਆਂ ਬਦਲੀਆਂ ਵਿੱਚ 4161ਅਧਿਆਪਕਾਂ ਨੂੰ ਸਪੈਸ਼ਲ ਮੌਕਾ ਦੇਣ ਸਬੰਧੀ ਤੇ ਪੰਜਾਬ ਪੇਅ ਸਕੇਲ ਬਹਾਲੀ ਸਾਂਝੇ ਫਰੰਟ ਵੱਲੋਂ 28 ਸਤੰਬਰ ਦੇ ਧਰਨੇ ਦੀ ਯੋਜਨਾ ਸਬੰਧੀ ਵਿਆਪਕ ਰੂਪ ਵਿੱਚ ਵਿਚਾਰ ਚਰਚਾ ਕਰਨਾ ਹੀ ਸੀ।

ਅਧਿਆਪਕ ਯੂਨੀਅਨ ਦੇ ਸੂਬਾ ਪ੍ਰੈਸ ਸਕੱਤਰ ਗੁਰਦਾਸ ਸਿੰਘ ਤੇ ਜ਼ਿਲ੍ਹਾ ਪ੍ਰਧਾਨ ਗੁਰਪਾਲ ਸਿੰਘ ਤਾਮਕੋਟ ਨੇ ਕਿਹਾ ਕਿ 4161 ਅਧਿਆਪਕ ਆਪਣੇ ਘਰਾਂ ਤੋਂ 200-250 ਕਿਲੋਮੀਟਰ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ। ਇਨ੍ਹਾਂ 'ਚ ਜ਼ਿਆਦਾਤਰ ਮਹਿਲਾ ਅਧਿਆਪਕਾਵਾਂ ਹਨ, ਜਿਸ ਕਾਰਨ ਅਧਿਆਪਕਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਵਰਨਣਯੋਗ ਹੈ ਕਿ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਸੀ, ਉਦੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਾਅਦਾ ਕੀਤਾ ਸੀ ਕਿ ਕਿਸੇ ਵੀ ਅਧਿਆਪਕ ਨੂੰ ਆਪਣੇ ਘਰ ਤੋਂ ਦੂਰ ਨਹੀਂ ਭੇਜਿਆ ਜਾਵੇਗਾ, ਜਦਕਿ ਪਿਛਲੇ ਸਮਿਆਂ ਦੌਰਾਨ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਵੀ ਮੀਟਿੰਗ ਵਿੱਚ ਇਹ ਵਾਅਦਾ ਕੀਤਾ ਸੀ ਕਿ ਅਗਾਮੀ ਬਦਲੀਆਂ 'ਚ 4161 ਅਧਿਆਪਕਾਂ ਨੂੰ ਬਦਲੀਆਂ ਵਿੱਚ ਵਿਸ਼ੇਸ਼ ਮੌਕਾ ਦਿੱਤਾ ਜਾਵੇਗਾ, ਪਰ ਇਹ ਵਾਅਦਾ ਵਫ਼ਾ ਹੁੰਦਾ ਨਹੀਂ ਜਾਪ ਰਿਹਾ।

ਆਗੂਆਂ ਨੇ ਐਲਾਨ ਕੀਤਾ ਕਿ ਜੇਕਰ 4161 ਅਧਿਆਪਕਾਂ ਨੂੰ ਬਦਲੀਆਂ ਦਾ ਵਿਸ਼ੇਸ਼ ਮੌਕਾ ਨਹੀ ਦਿੱਤਾ ਗਿਆ ਤੇ ਪੇਅ ਸਕੇਲ ਬਹਾਲੀ ਦਾ ਮਸਲਾ ਹੱਲ ਨਾ ਕੀਤਾ ਗਿਆ ਤਾਂ ਉਹ ਜਲਦੀ ਹੀ ਵੱਡੀ ਪੱਧਰ 'ਤੇ ਰੋਸ ਪ੍ਰਦਰਸ਼ਨ ਕਰਨਗੇ।

ਯੂਨੀਅਨ ਮੈਂਬਰ ਜੋਤੀ ਵਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਲਗਾਤਾਰ ਪੰਜਾਬ ਪੇਅ ਸਕੇਲ ਲਾਗੂ ਕਰਨ ਤੋਂ ਟਾਲਮਟੋਲ ਕਰ ਰਹੀ ਹੈ, ਜਦਕਿ ਸਰਕਾਰ ਸੁਪਰੀਮ ਕੋਰਟ ਤੱਕ ਵੀ ਕੇਸ ਹਾਰ ਚੁੱਕੀ ਹੈ।ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਨਹੀਂ ਬਣੀ ਸੀ ਤਾਂ ਉਸ ਸਮੇਂ ਪਾਰਟੀ ਆਗੂ ਜਿਨ੍ਹਾਂ ਵਿੱਚ ਹਰਪਾਲ ਚੀਮਾ ਤੇ ਅਮਨ ਅਰੋੜਾ ਵਿਸ਼ੇਸ਼ ਰੂਪ ਵਿੱਚ ਸ਼ਾਮਲ ਕਹਿੰਦੇ ਰਹੇ ਹਨ ਕਿ ਪੰਜਾਬ ਸਕੇਲ ਮੁਲਾਜ਼ਮਾਂ ਦਾ ਬੁਨਿਆਦੀ ਹੱਕ ਹੈ।

# ਮੁਫ਼ਤ ਕਣਕ ਲੈਣ ਵਾਲੇ 11 ਲੱਖ ਲਾਭਪਾਤਰੀਆਂ ਨੂੰ ਝਟਕਾ ਲੱਗਣਾ ਤੈਅ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬ ਸਰਕਾਰ ਨੇ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਅਧੀਨ ਮੁਫ਼ਤ ਕਣਕ ਪ੍ਰਾਪਤ ਕਰਨ ਵਾਲੇ ਲਾਭਪਾਤਰੀਆਂ ਦੀ ਸੂਚੀ ਵਿੱਚ ਬਦਲਾਅ ਕਰਨ ਦਾ ਫੈਸਲਾ ਕੀਤਾ ਹੈ।ਇਹ ਫੈਸਲਾ ਕੇਂਦਰ ਸਰਕਾਰ ਵੱਲੋਂ ਨਿਰਧਾਰਤ ਮਾਪਦੰਡਾਂ ਦੇ ਆਧਾਰ 'ਤੇ ਲਿਆ ਗਿਆ ਹੈ।ਇਸ ਬਦਲਾਅ ਤਹਿਤ ਰਾਜ ਦੇ ਲਗਭਗ 11 ਲੱਖ ਲਾਭਪਾਤਰੀਆਂ ਨੂੰ ਹੁਣ ਇਸ ਯੋਜਨਾ ਤੋਂ ਬਾਹਰ ਰੱਖਿਆ ਜਾ ਸਕਦਾ ਹੈ।ਨਵੇਂ ਮਾਪਦੰਡਾਂ ਅਨੁਸਾਰ, 11 ਲੱਖ ਲਾਭਪਾਤਰੀਆਂ ਨੂੰ ਐਨ ਐੱਫ ਐਸ ਏ ਅਧੀਨ ਮੁਫ਼ਤ ਕਣਕ ਪ੍ਰਾਪਤ ਕਰਨ ਤੋਂ ਵਾਂਝਾ ਰਹਿਣਾ ਪੈ ਸਕਦਾ ਹੈ ਕਿਉਂਕਿ ਰਾਜ ਸਰਕਾਰ ਨੇ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ, ਜਿਸ ਵਿੱਚ ਲਾਭਪਾਤਰੀਆਂ ਨੂੰ ਸ਼ਾਮਲ ਕਰਨ ਅਤੇ ਬਾਹਰ ਕੱਢਣ ਦੇ ਮਾਪਦੰਡਾਂ ਦੀ ਸੂਚੀ ਦਿੱਤੀ ਗਈ ਹੈ।ਸ਼ੁੱਕਰਵਾਰ ਨੂੰ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਸਾਰੇ ਆਮਦਨ ਟੈਕਸ ਦਾਤਾ, ਜੋ ਜੀ ਐੱਸ ਟੀ ਸੇਵਾ ਟੈਕਸ ਅਤੇ ਪੇਸ਼ੇਵਰ ਟੈਕਸ ਅਦਾ ਕਰਦੇ ਹਨ ਜਾਂ ਮੋਟਰਾਈਜ਼ਡ ਚਾਰ ਪਹੀਆ ਵਾਹਨ ਜਾਂ ਏਅਰ ਕੰਡੀਸ਼ਨਰ ਦੇ ਮਾਲਕ ਹਨ, ਨੂੰ ਮੁਫ਼ਤ ਅਨਾਜ ਪ੍ਰਾਪਤ ਕਰਨ ਵਾਲਿਆਂ ਦੀ ਸੂਚੀ ਵਿੱਚੋਂ ਬਾਹਰ ਰੱਖਿਆ ਜਾਵੇਗਾ। ਨੋਟੀਫਿਕੇਸ਼ਨ, ਜੋ ਕਿ ਪੰਜਾਬ ਖੁਰਾਕ ਸੁਰੱਖਿਆ ਨਿਯਮਾਂ, 2016 ਵਿੱਚ ਸੋਧ ਹੈ, ਇਹ ਵੀ ਕਹਿੰਦਾ ਹੈ ਕਿ ਇਹ ਮੁੱਖ ਮੰਤਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾ ਰਿਹਾ ਹੈ। ਹਾਲਾਂਕਿ, ਰਾਜ ਸਰਕਾਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਨੋਟੀਫਿਕੇਸ਼ਨ ਸਿਰਫ ਮੌਜੂਦਾ ਸ਼ਾਮਲ ਕਰਨ ਅਤੇ ਬਾਹਰ ਕੱਢਣ ਦੇ ਮਾਪਦੰਡਾਂ ਨੂੰ ਇਕੱਠਾ ਕਰਨ ਲਈ ਜਾਰੀ ਕੀਤਾ ਗਿਆ ਹੈ। ਵਿਭਾਗ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ, ਇਸ ਤੋਂ ਇਲਾਵਾ, ਨੋਟੀਫਿਕੇਸ਼ਨ ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਸਿਰਫ ਉਨ੍ਹਾਂ ਵਿਅਕਤੀਆਂ ਨੂੰ ਹਟਾਇਆ ਜਾਵੇਗਾ, ਜੋ ਬਾਹਰ ਕੱਢਣ ਦੇ ਮਾਪਦੰਡਾਂ ਵਿੱਚ ਆਉਂਦੇ ਹਨ, ਜਦੋਂ ਕਿ ਪਰਵਾਰ ਦੇ ਹੋਰ ਮੈਂਬਰਾਂ ਨੂੰ ਮੁਫ਼ਤ ਕਣਕ ਮਿਲਦੀ ਰਹੇਗੀ।ਜਦੋਂ ਕੇਂਦਰ ਨੇ ਸ਼ੁਰੂ ਵਿੱਚ ਸ਼ੱਕੀ ਲਾਭਪਾਤਰੀਆਂ ਦੇ ਮੁੱਦੇ ਨੂੰ ਉਜਾਗਰ ਕੀਤਾ ਸੀ, ਤਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਉਹ ਕਿਸੇ ਵੀ ਲਾਭਪਾਤਰੀ ਨੂੰ ਹਟਾਉਣ ਦੀ ਇਜਾਜ਼ਤ ਨਹੀਂ ਦੇਣਗੇ। ਕੇਂਦਰ ਨੇ ਸ਼ੁਰੂ ਵਿੱਚ ਸ਼ੱਕੀ ਲਾਭਪਾਤਰੀਆਂ ਦੀ ਤਸਦੀਕ ਕਰਨ ਲਈ ਰਾਜ ਸਰਕਾਰ ਨੂੰ 30 ਸਤੰਬਰ ਤੱਕ ਦਾ ਸਮਾਂ ਦਿੱਤਾ ਸੀ। ਹਾਲਾਂਕਿ, ਪੰਜਾਬ ਸਰਕਾਰ ਨੇ ਤਸਦੀਕ ਨੂੰ ਪੂਰਾ ਕਰਨ ਲਈ ਛੇ ਮਹੀਨਿਆਂ ਦਾ ਸਮਾਂ ਮੰਗਿਆ ਸੀ, ਇਹ ਕਹਿੰਦੇ ਹੋਏ ਕਿ ਅਧਿਕਾਰੀ ਝੋਨੇ ਦੀ ਖਰੀਦ ਕਾਰਜਾਂ ਵਿੱਚ ਰੁੱਝੇ ਰਹਿਣਗੇ।


**ਉੱਤਰ ਰੇਲਵੇ**

**ਨਿਵਿਦਾ ਸੂਚਨਾ**

ਸੀਨੀਅਰ ਮੰਡਲ ਯਾਂਤਰਿਕ ਇੰਜੀਨੀਅਰ (ਕੈ ਤੇ ਵੈ) ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀਦਾਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਖੁਲ੍ਹਾ | ਬੋਲੀ ਪ੍ਰਣਾਲੀ | ਏਕਲ ਪੈਕੇਟ ਪ੍ਰਣਾਲੀ | ਨਿਵਿਦਾ ਅਪਲੋਡ ਕਰਨ ਦੀ ਮਿਤੀ | 13.09.2025 ਸਮਾਂ 18:30 ਵਜੇ |
|---|---|---|---|---|---|
| ਬੋਲੀ ਸਮਾਪਤ ਮਿਤੀ/ਸਮਾਂ | 17.10.2025 ਸਮਾਂ 15:00 ਵਜੇ | ਬੋਲੀ ਖੁਲ੍ਹਣ ਦੀ ਮਿਤੀ/ ਸਮਾਂ | | | 17.10.2025 ਸਮਾਂ 15:05 ਵਜੇ |

| ਲ.ਨੰ. | ਨਿਵਿਦਾ ਨੰ. | ਨਿਵਿਦਾ ਦਾ ਵੇਰਵਾ |
|---|---|---|
| 1. | 09-2025-GENL-WATERING | "ਫਿਰੋਜ਼ਪੁਰ ਡਵੀਜਨ ਦੇ ਐਫਕੇਏ, ਐਲਐਮਕੇ ਅਤੇ ਮੋਗਾ ਵਿਚ ਸਾਧਾਰਨ ਪਾਣੀ ਪ੍ਰਬੰਧ।" |

| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਕੰਮ ਦਾ ਸਮਾਂ |
|---|---|---|---|
| ₹1,13,68,620.65 | ₹2,06,900/- | 45 ਦਿਨ | 180 ਦਿਨ |

ਵਧੇਰੇ ਜਾਣਕਾਰੀ ਦੇ ਲਈ www.ireps.gov.in 'ਤੇ ਲਾਗ ਇਨ ਕਰੋ। 2932/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਅਗਰਵਾਲ ਸਭਾ ਦੇ ਪੰਜਾਬ ਪ੍ਰਧਾਨ ਸਰੂਪ ਚੰਦ ਸਿੰਗਲਾ ਨੇ ਕੀਤਾ ਧੰਨਵਾਦੀ ਦੌਰਾ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਬੀਤੇ ਦਿਨੀਂ ਸ੍ਰੀ ਮੁਕਤਸਰ ਸਾਹਿਬ ਦੇ ਚਹਿਲ ਪੈਲੇਸ 'ਚ ਅਗਰਵਾਲ ਸਭਾ ਰਜ਼ਿ: ਪੰਜਾਬ ਦੇ ਸ਼ਹਿਰੀ ਪ੍ਰਧਾਨ ਤਰਸੇਮ ਗੋਇਲ ਦੀ ਪ੍ਰਧਾਨਗੀ 'ਚ ਕਰਵਾਏ ਗਏ ਸੂਬਾ ਪੱਧਰੀ 'ਮਹਾਰਾਜਾ ਅਗਰਸੇਨ ਜਯੰਤੀ' ਸਮਾਰੋਹ ਦੌਰਾਨ ਹਜ਼ਾਰਾਂ ਦੀ ਗਿਣਤੀ 'ਚ ਪੰਜਾਬ ਦੇ ਕੋਨੇ-ਕੋਨੇ ਤੋਂ ਪੁੱਜੇ ਅਗਰਵਾਲ ਸਮਾਜ ਦੇ ਮੈਂਬਰ, ਆਹੁਦੇਦਾਰ ਤੇ ਪਤਵੰਤੇ ਸੱਜਣਾਂ ਨੇ ਆਪਣੀ ਹਾਜ਼ਰੀ ਲਗਵਾਈ ਤੇ ਮਹਾਰਾਜਾ ਅਗਰਸੇਨ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਪ੍ਰੋਗਰਾਮ ਨੂੰ ਕਾਮਯਾਬ ਕਰਨ ਤੇ ਵੱਡੀ ਗਿਣਤੀ 'ਚ ਪਹੁੰਚਕੇ ਸਮਾਰੋਹ ਦੀ ਸ਼ੋਭਾ ਵਧਾਉਣ 'ਤੇ ਅਗਰਵਾਲ ਸਭਾ ਰਜ਼ਿ: ਦੇ ਪੰਜਾਬ ਪ੍ਰਧਾਨ ਸਰੂਪ ਚੰਦ ਸਿੰਗਲਾ ਮੰਗਲਵਾਰ ਨੂੰ ਸ੍ਰੀ ਮੁਕਤਸਰ ਸਾਹਿਬ ਵਿਖੇ ਵਿਸੇਸ਼ ਤੌਰ 'ਤੇ ਪੁੱਜੇ ਜਿਨ੍ਹਾਂ ਨੇ ਅਗਰਵਾਲ ਸਭਾ ਰਜ਼ਿ: ਪੰਜਾਬ ਦੇ ਸ਼ਹਿਰੀ ਪ੍ਰਧਾਨ ਤਰਸੇਮ ਗੋਇਲ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਮਿਲ ਕੇ ਸਮਾਗਮ ਦੀ ਵਧਾਈ ਦਿੱਤੀ ਤੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਪੁੱਜਣ ਵਾਲੇ ਅਗਰਵਾਲ ਸਮਾਜ ਦੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ।ਇਸ ਮੌਕੇ ਖਜਾਨਚੀ ਪੱਪੂ ਸਿੰਗਲਾ, ਸਰਪ੍ਰਸਤ ਹਰੀਪਾਲ ਬਾਂਸਲ, ਮਨੂੰ ਸਿੰਗਲ ਅਤੇ ਹਰੀਸ਼ ਗਰਗ ਨੇ ਪ੍ਰਧਾਨ ਸਰੂਪ ਚੰਦ ਸਿੰਗਲਾ ਨੂੰ ਸਨਮਾਨਿਤ ਕੀਤਾ।

## ਸੰਜੀਵ ਅਰੋੜਾ ਸਮੇਤ 14 ਉਮੀਦਵਾਰਾਂ ਨੂੰ ਜਾਰੀ ਹੋਇਆ ਨੋਟਿਸ

ਲੁਧਿਆਣਾ/ਚੰਡੀਗੜ੍ਹ (ਰੈਕਟਰ ਕਥੂਰੀਆ)-ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਡਾ. ਜਸਵਿੰਦਰ ਸਿੰਘ ਮੱਲ੍ਹੀ ਦੁਆਰਾ ਲੁਧਿਆਣਾ ਪੱਛਮੀ (64) ਤੋਂ ਚੋਣ ਨੂੰ ਚੁਣੌਤੀ ਦੇਣ ਵਾਲੀ ਚੋਣ ਪਟੀਸ਼ਨ ਵਿੱਚ ਸੰਜੀਵ ਅਰੋੜਾ ਤੇ ਹੋਰ ਉਮੀਦਵਾਰਾਂ ਨੂੰ ਨੋਟਿਸ ਜਾਰੀ ਕੀਤੇ ਹਨ।ਸੁਣਵਾਈ ਦੀ 13 ਅਕਤੂਬਰ ਨੂੰ ਨਿਰਧਾਰਤ ਕੀਤੀ ਗਈ ਹੈ।

6 ਅਗਸਤ ਨੂੰ ਦਾਇਰ ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਕਿ ਅਰੋੜਾ ਦਾ ਪ੍ਰਚਾਰ ਖਰਚਾ 40 ਲੱਖ ਦੀ ਕਾਨੂੰਨੀ ਸੀਮਾ ਤੋਂ ਕਈ ਗੁਣਾ ਵੱਧ ਕੀਤਾ ਗਿਆ ਅਤੇ ਉਸ 'ਤੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਨ, ਧਾਰਮਿਕ ਅਪੀਲਾਂ ਕਰਨ ਤੇ ਜੂਨ 2025 ਦੀ ਉਪ-ਚੋਣ ਨੂੰ ਗ਼ਲਤ ਢੰਗ ਨਾਲ ਪ੍ਰਭਾਵਤ ਕਰਨ ਲਈ ਭੁਗਤਾਨ ਕੀਤੇ ਮੀਡੀਆ ਕਵਰੇਜ ਦਾ ਲਾਭ ਉਠਾਉਣ ਦਾ ਦੋਸ਼ ਲਾਇਆ ਗਿਆ ਹੈ। ਡਾ. ਮੱਲ੍ਹੀ ਦੇ ਵਕੀਲ ਐਡਵੋਕੇਟ ਸਿਮਰਨਜੀਤ ਸਿੰਘ ਨੇ ਕਿਹਾ ਕਿ ਅਦਾਲਤ ਵੱਲੋਂ ਨੋਟਿਸ ਜਾਰੀ ਕਰਨਾ ਜਾਂਚ ਤੋਂ ਬਾਅਦ ਪਹਿਲਾ ਰਸਮੀ ਕਦਮ ਹੈ।ਸਾਡੇ ਕੋਲ ਹੁਣ ਪੂਰੇ ਸਬੂਤ ਤੇ ਦਲੀਲਾਂ ਨੂੰ ਰਿਕਾਰਡ 'ਤੇ ਰੱਖਣ ਦਾ ਮੌਕਾ ਹੋਵੇਗਾ। ਐਡਵੋਕੇਟ ਪਰਮਿੰਦਰ ਸਿੰਘ ਵਿੱਜ ਨੇ ਕਿਹਾ ਕਿ ਇਹ ਪਾਰਦਰਸ਼ਤਾ ਲਈ ਮਹੱਤਵਪੂਰਨ ਹੈ।ਜਵਾਬ 'ਚ ਜੇਤੂ ਉਮੀਦਵਾਰ ਨੂੰ ਅਦਾਲਤ ਦੇ ਸਾਹਮਣੇ ਆਪਣੇ ਚੋਣ ਪ੍ਰਚਾਰ ਬਾਰੇ ਵਿਆਖਿਆ ਕਰਨੀ ਪਵੇਗੀ ਤੇ ਬਾਕੀ ਉਮੀਦਵਾਰਾਂ ਨੂੰ ਵੀ ਆਪਣੀ ਗੱਲ ਰੱਖਣ ਦਾ ਮੌਕਾ ਮਿਲੇਗਾ।ਸਾਨੂੰ ਵਿਸ਼ਵਾਸ ਹੈ ਕਿ ਕਾਨੂੰਨੀ ਪ੍ਰਕਿਰਿਆ ਕੀਤੀਆਂ ਗਈਆਂ ਉਲੰਘਣਾਵਾਂ ਦਾ ਪਰਦਾਫਾਸ਼ ਕਰੇਗੀ।ਜਸਕੀਰਤ ਸਿੰਘ, ਟਰੱਸਟੀ, ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏਡੀਆਰ) ਨੇ ਕਿਹਾ ਲੋਕਤੰਤਰ ਨੂੰ ਪੈਸੇ ਦੀ ਤਾਕਤ ਦੁਆਰਾ ਹਾਈਜੈਕ ਹੋਣ ਤੋਂ ਬਚਾਉਣ ਲਈ ਲੋਕਤੰਤਰੀ ਪ੍ਰਕਿਰਿਆਵਾਂ ਵਿੱਚ ਲੋਕਾਂ ਦੀ ਭਾਗੀਦਾਰੀ ਬਹੁਤ ਜ਼ਰੂਰੀ ਹੈ, ਜਿਵੇਂ ਕਿ ਵੋਟਰ ਸੂਚੀਆਂ ਹੁਣ ਇੱਕ ਖਾਸ ਸੋਧ ਅਧੀਨ ਹਨ ਤੇ ਸੁਪਰੀਮ ਕੋਰਟ ਵਿੱਚ ਇਹ ਪ੍ਰਕਿਰਿਆ ਕਾਨੂੰਨੀ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ।

ਨਾਗਰਿਕਾਂ ਨੂੰ ਇਹ ਯਕੀਨੀ ਬਣਾਉਣ ਲਈ ਸੁਚੇਤ ਰਹਿਣਾ ਚਾਹੀਦਾ ਹੈ ਕਿ ਚੋਣਾਂ ਨਿਰਪੱਖ ਤੇ ਦਬਾਅ ਰਹਿਤ ਹੋਣ।ਪੰਜਾਬ ਇਲੈਕਸ਼ਨ ਵਾਚ ਤੋਂ ਕਾਰਕੁੰਨ ਪਰਵਿੰਦਰ ਸਿੰਘ ਕਿਤਨਾ ਨੇ ਅੱਗੇ ਕਿਹਾ ਕਿ ਅਸੀਂ ਨਾਗਰਿਕਾਂ ਨੂੰ ਵੋਟਰ ਸੂਚੀਆਂ ਵਿੱਚ ਆਪਣੇ ਨਾਵਾਂ ਦੀ ਪੁਸ਼ਟੀ ਕਰਨ ਅਤੇ ਚੋਣਾਂ ਕਿਵੇਂ ਕਰਵਾਈਆਂ ਜਾ ਰਹੀਆਂ ਹਨ, ਇਸ ਵਿੱਚ ਸਰਗਰਮ ਦਿਲਚਸਪੀ ਲੈਣ ਦੀ ਅਪੀਲ ਕਰਦੇ ਹਾਂ।

# ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ) ਦੀ ਬਲਾਕ ਪੱਧਰੀ ਮੀਟਿੰਗ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ) ਦੀ ਬਲਾਕ ਪੱਧਰੀ ਮੀਟਿੰਗ ਸ਼ਹੀਦ ਭਗਤ ਸਿੰਘ ਪਾਰਕ ਵਿਖੇ ਕੀਤੀ ਗਈ।ਜ਼ਿਲ੍ਹਾ ਆਗੂ ਜਗਰਾਜ ਸਿੰਘ ਹਰਦਾਸਪੁਰਾ, ਗੁਰਦੇਵ ਸਿੰਘ ਮਾਂਗੇਵਾਲ ਨੇ ਕਿਹਾ ਕਿ ਹੜ੍ਹ ਕੁਦਰਤੀ ਕਰੋਪੀ ਨਹੀਂ, ਸਗੋਂ ਇੱਥੋਂ ਦੀਆਂ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਸਿੱਟਾ ਹੈ, ਕਿਉਂਕਿ ਜਦੋਂ ਪਾਣੀ ਦੀ ਖੇਤੀਬਾੜੀ ਲਈ ਜ਼ਰੂਰਤ ਸੀ।ਉਸ ਸਮੇਂ ਨਹਿਰਾਂ ਵਿੱਚ ਛੱਡਿਆ ਨਹੀਂ ਗਿਆ।ਬੰਨ੍ਹਾਂ ਨੂੰ ਖਾਲੀ ਨਹੀਂ ਕੀਤਾ ਗਿਆ, ਜਦੋਂ ਹਿਮਾਚਲ ਦੇ ਪਹਾੜੀ ਏਰੀਏ ਵਿੱਚ ਵੱਧ ਬਾਰਿਸ਼ਾਂ ਹੋ ਗਈਆਂ।ਫਿਰ ਇਕੱਠਾ ਪਾਣੀ ਛੱਡਣ ਨਾਲ ਲੋਕਾਂ ਦਾ ਵੱਡੀ ਪੱਧਰ ਤੇ ਜਾਨੀ ਮਾਲੀ ਨੁਕਸਾਨ ਹੋਇਆ।

ਖੇਤਾਂ ਵਿੱਚ ਪੰਜ-ਪੰਜ ਫੁੱਟ ਰੇਤ ਭਰ ਗਈ ਹੜ੍ਹ ਪ੍ਰਭਾਵਤ ਲੋਕਾਂ ਦੀ ਹਾਲਾਤ ਦੇਖੇ ਨਹੀਂ ਜਾ ਰਹੇ।ਉਨ੍ਹਾਂ ਕੋਲ ਖਾਣ ਲਈ ਦਾਣਾ ਫੱਕਾ ਵੀ ਨਹੀਂ ਬਚਿਆ। ਇਸ ਲਈ ਭਾਕਿਯੂ ਡਕੌਂਦਾ ਨੇ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਅਗਵਾਈ ਵਿੱਚ ਉਨ੍ਹਾਂ ਲੋਕਾਂ ਦੀ ਹਰ ਤਰ੍ਹਾਂ ਦੀ ਸਹਾਇਤਾ ਕਰਨ ਲਈ ਫ਼ੈਸਲਾ ਲਿਆ ਹੈ ਤਾਂ ਜੁ ਉਹ ਮੁੜ ਪੈਰਾਂ ਸਿਰ ਹੋ ਸਕਣ।ਕਿਸਾਨ ਆਗੂ ਨਾਨਕ ਸਿੰਘ ਅਮਲਾ ਸਿੰਘ ਵਾਲਾ ਬਾਬੂ ਸਿੰਘ ਖੁੱਡੀ ਕਲਾਂ ਨੇ ਕਿਹਾ ਕਿ ਮਜਬੂਰੀ ਵੱਸ ਕਿਸਾਨ ਜੋ ਝੋਨੇ ਦੀ ਪਰਾਲੀ ਸਾੜਦੇ ਹਨ।ਉਨ੍ਹਾਂ ਖਿਲਾਫ਼ ਹਦਾਇਤ ਕੀਤੀ ਹੈ ਕਿ ਉਨ੍ਹਾਂ ਫੜ ਕੇ ਜੇਲ੍ਹ ਵਿੱਚ ਬੰਦ ਕੀਤਾ ਜਾਵੇ।ਇਸ ਟਿਪਣੀ ਦਾ ਜਥੇਬੰਦੀ ਨੇ ਗੰਭੀਰ ਨੋਟਿਸ ਲਿਆ ਗਿਆ ਹੈ।ਆਗੂਆਂ ਕਿਹਾ ਕਿ ਖੇਤੀਬਾੜੀ ਦੇ ਪ੍ਰਦੂਸ਼ਣ ਨਾਲੋਂ ਤਾਂ ਫੈਕਟਰੀਆਂ, ਥਰਮਲ ਪਲਾਂਟ, ਟਰਾਂਸਪੋਰਟ ਤੇ ਭੱਠਿਆਂ ਦੀ ਚਿਮਨੀਆਂ ਵਿੱਚੋਂ ਨਿਕਲਦਾ ਧੂਆਂ ਕਿਤੇ ਵੱਧ ਪ੍ਰਦੂਸ਼ਣ ਕਰਦਾ ਹੈ। ਉਨ੍ਹਾਂ ਤੇ ਕਦੇ ਕਿਸੇ ਸਰਕਾਰ ਜਾਂ ਬੋਰਡ ਨੇ ਕਾਰਵਾਈ ਨਹੀਂ ਕੀਤੀ।ਆਗੂਆਂ ਨੇ ਕਿਹਾ ਕਿ ਇੱਕ ਪਰਵਾਸੀ ਮਜ਼ਦੂਰ ਵੱਲੋਂ ਜਿਸ ਤਰ੍ਹਾਂ ਦੀ ਘਿਨਾਉਣੀ ਵਾਰਦਾਤ ਕਰਨ ਤੇ ਸਾਰੇ ਪਰਵਾਸੀ ਮਜ਼ਦੂਰਾਂ ਨੂੰ ਸਜ਼ਾ ਨਹੀਂ ਦੇਣੀ ਬਣਦੀ।ਘਟਨਾ ਦੇ ਦੋਸ਼ੀ ਨੂੰ ਸਖਤ ਤੋਂ ਸਖ਼ਤ ਸਜ਼ਾ ਦੇਣ ਦੀ ਮੰਗ ਕਰਨੀ ਚਾਹੀਦੀ ਹੈ।ਜੇਕਰ ਭਈਏ ਭਜਾਉ ਦੇਸ਼ ਬਚਾਉ ਵਾਲਾ ਫਾਰਮੂਲਾ ਲਾਗੂ ਕੀਤਾ ਜਾਂਦਾ ਹੈ।ਫਿਰ ਦੂਜੇ ਦੇਸ਼ਾਂ, ਗੁਆਂਢੀ ਸੂਬਿਆਂ ਵਿੱਚ ਰਹਿੰਦੇ ਪੰਜਾਬੀ ਭਰਾਵਾਂ ਨੂੰ ਵੀ ਅਨੇਕਾਂ ਸਮੱਸਿਆਵਾਂ ਖੜੀਆਂ ਹੋਣਗੀਆਂ।

## ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਬਜਾਏ ਆਗੂਆਂ 'ਤੇ ਦਰਜ ਕੀਤੇ ਪਰਚੇ

ਮਾਨਸਾ (ਆਤਮਾ ਸਿੰਘ ਪਮਾਰ)-ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਮਾਨਸਾ ਦੇ ਆਗੂਆਂ ਦਰਸ਼ਨ ਸਿੰਘ ਅਲੀਸ਼ੇਰ, ਲਖਵਿੰਦਰ ਸਿੰਘ ਮਾਨ ਤੇ ਸਟੇਟ ਕਮੇਟੀ ਦੇ ਕੋ ਕਨਵੀਨਰ ਕਰਮਜੀਤ ਸਿੰਘ ਤਾਮਕੋਟ ਨੇ ਪੁਰਾਣੀ ਪੈਨਸ਼ਨ ਬਹਾਲ ਕਰਨ ਤੇ ਆਗੂਆਂ 'ਤੇ ਪਾਏ ਪਰਚੇ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਹੈ।ਜ਼ਿਕਰਯੋਗ ਹੈ ਕਿ ਇਹ ਪਰਚੇ ਸਾਲ 2023 'ਚ ਮੁੱਖ ਮੰਤਰੀ ਭਗਵੰਤ ਮਾਨ ਦੀ ਮਾਨਸਾ ਫੇਰੀ ਸਮੇਂ ਦਰਜ ਕੀਤੇ ਗਏ ਸਨ।ਮੁੱਖ ਮੰਤਰੀ ਦੀ ਆਮਦ ਨੂੰ ਲੈ ਕੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਆਗੂਆਂ ਨੇ ਮੁੱਖ ਮੰਤਰੀ ਨੂੰ ਮਿਲਣ ਦਾ ਪ੍ਰੋਗਰਾਮ ਬਣਾਇਆ ਸੀ ਤਾਂ ਜੁ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਲਈ ਕੀਤਾ ਨੋਟੀਫਿਕੇਸ਼ਨ ਲਾਗੂ ਕਰਨ ਸਬੰਧੀ ਮੁੱਖ ਮੰਤਰੀ ਨੂੰ ਯਾਦ ਪੱਤਰ ਦਿੱਤਾ ਜਾ ਸਕੇ, ਪਰ ਪ੍ਰਸ਼ਾਸਨ ਵੱਲੋਂ ਰੋਕਾਂ ਲਾਉਣ 'ਤੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਨ ਤੇ ਪੁਲਿਸ ਵੱਲੋਂ ਸੰਘਰਸੀ ਆਗੂਆਂ ਤੇ ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ 'ਤੇ ਪਰਚੇ ਦਰਜ ਕਰ ਦਿੱਤੇ, ਜੋ ਬਹੁਤ ਨਿੰਦਣਯੋਗ ਯੋਗ ਕਾਰਵਾਈ ਹੈ।ਪ੍ਰਸ਼ਾਸਨ ਵੱਲੋਂ ਠੇਕਾ ਮੁਲਾਜ਼ਮ ਮੋਰਚਾ ਪੰਜਾਬ ਦੇ ਆਗੂਆਂ 'ਤੇ ਵੀ ਪਰਚੇ ਦਰਜ ਕੀਤੇ ਹਨ।ਕਿਹਾ ਗਿਆ ਹੈ ਕਿ ਜੇਕਰ ਪੁਰਾਣੀ ਪੈਨਸ਼ਨ ਲਾਗੂ ਨਾ ਕੀਤੀ ਤੇ ਪਰਚੇ ਰੱਦ ਨਾ ਕੀਤੇ ਤਾਂ ਪੰਜਾਬ ਪੱਧਰ ਦੇ ਵੱਡੇ ਸੰਘਰਸ਼ ਉਲੀਕ ਕੇ ਸਰਕਾਰ ਨੂੰ ਘੇਰਿਆ ਜਾਵੇਗਾ, ਜਿਸ ਦੀ ਜ਼ਿੰਮੇਵਾਰ ਸਰਕਾਰ ਖੁਦ ਹੋਵੇਗੀ।

## 125 ਗ੍ਰਾਮ ਹੈਰੋਇਨ ਸਮੇਤ ਤਿੰਨ ਗ੍ਰਿਫ਼ਤਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਪੁਲਸ ਨੇ ਗਸ਼ਤ ਦੌਰਾਨ 125 ਗ੍ਰਾਮ ਹੈਰੋਇਨ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਥਾਣਾ ਕੈਂਟ ਫਿਰੋਜ਼ਪੁਰ ਦੇ ਸਹਾਇਕ ਥਾਣੇਦਾਰ ਗੁਰਕੰਵਲਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਜਦ ਗਸ਼ਤ ਕਰਦੀ ਹੋਈ ਚੁੰਗੀ ਨੰਬਰ 7 ਤੋਂ ਸ਼ਮਸ਼ਾਨਘਾਟ ਰੋਡ ਨੂੰ ਜਾ ਰਹੇ ਸੀ ਤਾਂ ਜਦ ਪੁਲਸ ਪਾਰਟੀ ਥੋੜ੍ਹਾ ਅੱਗੇ ਪਹੁੰਚੀ ਤਾਂ ਸਾਹਮਣੇ ਇਕ ਵਿਅਕਤੀ ਜੁਗਰਾਜ ਸਿੰਘ ਪੁੱਤਰ ਜਸਬੀਰ ਸਿੰਘ ਵਾਸੀ ਪਿੰਡ ਫੱਤੂ ਵਾਲਾ ਖੜ੍ਹਾ ਵਿਖਾਈ ਦਿੱਤਾ, ਨੂੰ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਉਸ ਵੱਲੋਂ ਸੁੱਟੇ ਮੋਮੀ ਲਿਫਾਫੇ ਨੂੰ ਉਸ ਪਾਸੋਂ ਚੁਕਵਾ ਕੇ ਚੈੱਕ ਕੀਤਾ ਤਾਂ ਪਾਰਦਰਸ਼ੀ ਮੋਮੀ ਲਿਫਾਫੇ ਵਿੱਚੋਂ 5 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਸਦਰ ਫਿਰੋਜ਼ਪੁਰ ਪੁਲਸ ਦੇ ਐੱਸ ਆਈ ਮੇਜਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਇਲਾਕੇ ਵਿਚ ਗਸ਼ਤ ਕਰ ਰਹੀ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਵਲਟਰ ਬਖਸ਼ੀਸ਼ ਪੁੱਤਰ ਮੱਖਣ ਲਾਲ ਵਾਸੀ ਖਾਨੂੰ ਵਾਲੀ ਬਸਤੀ ਦਾਖਲੀ ਨਿਜ਼ਾਮਦੀਨ ਫਿਰੋਜ਼ਪੁਰ ਨੂੰ ਪੁਰਾਣੇ ਡੀ ਟੀ ਓ ਦਫਤਰ ਦੇ ਸਾਹਮਣੇ ਤੋਂ 3 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਕੇ ਗ੍ਰਿਫਤਾਰ ਕੀਤਾ ਗਿਆ। ਥਾਣਾ ਤਲਵੰਡੀ ਭਾਈ ਪੁਲਸ ਦੇ ਐੱਸ ਆਈ ਦਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰ ਰਹੀ ਸੀ ਤਾਂ ਇਸ ਦੌਰਾਨ ਇਤਲਾਹ ਮਿਲੀ ਕਿ ਅਭਿਸ਼ੇਕ ਉਰਫ ਅਭੀ ਪੁੱਤਰ ਸ਼ਾਮ ਸਿੰਘ ਵਾਸੀ ਅਜੀਤ ਨਗਰ ਤਲਵੰਡੀ ਭਾਈ ਹੈਰੋਇਨ ਵੇਚਣ ਦਾ ਆਦੀ ਹੈ, ਜੋ ਹੁਣ ਵੀ ਨੈਸ਼ਨਲ ਹਾਈਵੇ 54 'ਤੇ ਬਣੀ ਕਾਰ ਪਾਰਕਿੰਗ ਵਿਚ ਬੈਠਾ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਛਾਪੇਮਾਰੀ ਕਰਨ 'ਤੇ ਉਕਤ ਦੋਸ਼ੀ ਕੋਲੋਂ 117 ਗ੍ਰਾਮ ਹੈਰੋਇਨ ਬਰਾਮਦ ਕੀਤੀ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਅਨ ਖਿਲਾਫ ਮਾਮਲੇ ਦਰਜ ਕਰ ਲਏ ਗਏ ਹਨ।

# ਡੱਲਾ ਤੇ ਕਾਉਂਕੇ 'ਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਪੂਰਾ ਜ਼ੋਰ ਲਾਉਣ ਦਾ ਐਲਾਨ



ਜਗਰਾਉਂ (ਨਛੱਤਰ ਸੰਧੂ)-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵਲੋਂ ਬਲਾਕ ਜਗਰਾਉਂ ਦੇ ਦੋ ਵੱਡੇ ਪਿੰਡਾਂ 'ਚ ਬਲਾਕ ਪ੍ਰਧਾਨ ਤਰਸੇਮ ਸਿੰਘ ਬੱਸੂਵਾਲ ਦੀ ਅਗਵਾਈ 'ਚ ਕਿਸਾਨਾਂ ਦੀਆਂ ਭਰਵੀਆਂ ਮੀਟਿੰਗਾਂ ਕੀਤੀਆਂ ਗਈਆਂ।ਮੀਟਿੰਗਾਂ 'ਚ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਵੀ ਇਨ੍ਹਾਂ ਮੀਟਿੰਗਾਂ 'ਚ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੀਟਿੰਗਾਂ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਬਲਾਕ ਸਕੱਤਰ ਰਛਪਾਲ ਸਿੰਘ ਨਵਾਂ ਡੱਲਾ ਨੇ ਦੱਸਿਆ ਕਿ ਮੀਟਿੰਗਾਂ 'ਚ ਹੜ੍ਹਾਂ ਦੀ ਮਾਰ ਹੇਠ ਆਏ ਪਿੰਡਾਂ ਦੇ ਕਿਸਾਨਾਂ ਦੀ ਰੇਹ, ਕਣਕ ਦੇ ਬੀਜ, ਡੀਜ਼ਲ ਆਦਿ ਦੀ ਮਦਦ ਲਈ ਸਾਰੇ ਪਿੰਡਾਂ ਚੋਂ ਆਉਂਦੇ ਚਾਰ ਦਿਨਾਂ 'ਚ ਇਮਦਾਦ ਇੱਕਠੀ ਕਰਨ ਲਈ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਆਗੂਆਂ ਨੇ ਦੱਸਿਆ ਕਿ ਹੜ੍ਹ ਪੀੜਤਾਂ ਦੀ ਮੈਡੀਕਲ ਸੇਵਾ ਲਈ ਦੇਸ਼ ਵਿਦੇਸ਼ 'ਚ ਬੈਠੇ ਪੰਜਾਬੀਆਂ ਨੂੰ ਜਥੇਬੰਦੀ ਵਲੋਂ ਦੋ ਖਾਤਾ ਨੰਬਰ ਭੇਜ ਕੇ ਆਰਥਿਕ ਮਦਦ ਦੀ ਅਪੀਲ ਜਾਰੀ ਕੀਤੀ ਗਈ ਹੈ।

ਮੀਟਿੰਗਾਂ 'ਚ ਕਿਸਾਨਾਂ ਵਲੋਂ ਝੋਨੇ ਨੂੰ ਹਲਦੀ ਰੋਗ ਲੱਗ ਜਾਣ ਕਾਰਨ ਝੋਨੇ ਦਾ ਝਾੜ ਘਟਣ ਅਤੇ ਦਾਣਾ ਬਦਰੰਗ ਹੋਣ ਦੀ ਹਾਲਤ 'ਚ ਪੰਜਾਬ ਸਰਕਾਰ ਤੋਂ ਇਸ ਕੁਦਰਤੀ ਮਾਰ ਦੇ ਚੱਲਦਿਆਂ ਝੋਨੇ ਦਾ ਪੂਰਾ ਮੁੱਲ ਅਦਾ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ। ਕਿਸਾਨਾਂ ਨੇ ਭਵਿੱਖ 'ਚ ਲੋਕਾਂ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਸਰਕਾਰ ਤੋਂ ਦਰਿਆਵਾਂ ਦੇ ਕੰਕਰੀਟ ਬੰਨ੍ਹ ਬੰਨ੍ਹਣ, ਡਰੇਨਾਂ, ਨਹਿਰਾਂ, ਦਰਿਆਵਾਂ ਦੀ ਸਫਾਈ ਕਰਨ, ਬਾਰਸ਼ ਦੇ ਪਾਣੀ ਨੂੰ ਧਰਤੀ 'ਚ ਰੀਚਾਰਜ ਕਰਨ ਅਤੇ ਹੜ੍ਹ ਪੀੜਤ ਕਿਸਾਨਾਂ ਨੂੰ 70 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦੀ ਮੰਗ ਕੀਤੀ ਗਈ। ਕਿਸਾਨਾਂ ਨੇ ਇੱਕ ਅੱਡ ਮਤੇ ਰਾਹੀਂ ਸੁਪਰੀਮ ਕੋਰਟ ਦੇ ਝੋਨੇ ਦੀ ਪਰਾਲੀ ਸਬੰਧੀ ਕਿਸਾਨਾਂ ਨੂੰ ਜੇਲ੍ਹਾਂ 'ਚ ਸੁੱਟਣ ਦੇ ਆਦੇਸ਼ ਦੀ ਸਖਤ ਆਲੋਚਨਾ ਕਰਦਿਆ ਕਿਹਾ ਕਿ ਨਿਆਂਪਾਲਿਕਾ ਨੇ ਵੀ ਆਪਣਾ ਪੱਖਪਾਤੀ ਤੇ ਲੋਕ ਵਿਰੋਧੀ ਚਿਹਰਾ ਹੋਰ ਨੰਗਾ ਕਰ ਲਿਆ ਹੈ। ਇਸ ਸਮੇਂ ਹਾਜ਼ਰ ਕਿਸਾਨਾਂ ਮਜ਼ਦੂਰਾਂ ਨੇ ਪਿਛਲੇ ਦਿਨੀਂ ਹੁਸ਼ਿਆਰਪੁਰ ਦੇ ਪਿੰਡ ਹੁਸੈਨਪੁਰਾ 'ਚ ਵਹਿਸ਼ਤ ਦਾ ਸ਼ਿਕਾਰ ਹੋਏ ਮਸੂਮ ਹਰਵੀਰ ਸਿੰਘ ਦੇ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਦੋਸ਼ੀ ਨੂੰ ਫਾਸਟ ਟਰੈਕ ਕੋਰਟ ਰਾਹੀ ਸਖਤ ਤੋਂ ਸਖਤ ਸਜ਼ਾ ਦੇਣ ਦੀ ਮੰਗ ਕੀਤੀ ਗਈ।ਮੀਟਿੰਗ 'ਚ ਕੁਲਦੀਪ ਸਿੰਘ ਕੀਪਾ, ਕੁੰਡਾ ਸਿੰਘ ਕਾਉਂਕੇ, ਪ੍ਰੀਤਮ ਸਿੰਘ, ਜੱਗੀ ਸਿੰਘ, ਕੁਲਵਿੰਦਰ ਸਿੰਘ ਕਾਲਾ ਡੱਲਾ, ਬੰਤਾ ਸਿੰਘ ਡੱਲਾ ਆਦਿ ਹਾਜ਼ਰ ਸਨ।

## ਦੇਹ ਵਪਾਰ ਦਾ ਧੰਦਾ ਕਰਨ ਦੇ ਦੋਸ਼ ਹੇਠ ਮਹਿਲਾ ਗ੍ਰਿਫ਼ਤਾਰ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਰਹਿੰਦ ਦੀ ਚੁੰਨੀ ਰੋਡ ਵਿਖੇ ਸਥਿਤ ਇੱਕ ਸਪਾ ਸੈਂਟਰ 'ਚ ਛਾਪੇਮਾਰੀ ਕਰਦੇ ਹੋਏ ਪੁਲਸ ਵੱਲੋਂ ਇੱਕ ਮਹਿਲਾ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ। ਮਾਮਲੇ ਸਬੰਧੀ ਡੀ.ਐਸ.ਪੀ. ਸੁਖਨਾਜ ਸਿੰਘ ਨੇ ਦੱਸਿਆ ਕਿ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਇੱਕ ਮਹਿਲਾ ਅਤੇ ਉਸਦਾ ਪਤੀ ਜੋ ਕਿ ਜ਼ਿਲ੍ਹਾ ਸ਼ਾਮਲੀ, ਉੱਤਰ ਪ੍ਰਦੇਸ਼ ਦੇ ਮੂਲ ਨਿਵਾਸੀ ਹਨ ਅੱਜਕਲ੍ਹ ਮਾਡਰਨ ਵੈਲੀ ਸਰਹਿੰਦ ਵਿਖੇ ਮਕਾਨ ਕਿਰਾਏ 'ਤੇ ਲੈ ਕੇ ਰਹਿ ਰਹੇ ਹਨ। ਉਕਤ ਪਤੀ ਪਤਨੀ ਨੈਨਾ ਕਲੋਨੀ ਸਰਹਿੰਦ ਵਿਖੇ ਕਿਰਾਏ 'ਤੇ ਸ਼ੋਅਰੂਮ ਲੈ ਕੇ ਉੱਥੇ ਸਪਾ ਸੈਂਟਰ ਦੀ ਆੜ ਵਿੱਚ ਦੇਹ ਵਪਾਰ ਦਾ ਧੰਦਾ ਕਰ ਰਹੇ ਹਨ।ਸੂਚਨਾ ਮਿਲਣ 'ਤੇ ਥਾਣਾ ਫ਼ਤਹਿਗੜ੍ਹ ਸਾਹਿਬ ਦੇ ਐਸ.ਐਚ.ਓ. ਥਾਣੇਦਾਰ ਇੰਦਰਜੀਤ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਸਪਾ ਸੈਂਟਰ 'ਚ ਛਾਪੇਮਾਰੀ ਕਰਦੇ ਹੋਏ ਉਥੋਂ ਕੁਝ ਇਤਰਾਜ਼ਯੋਗ ਸਮੱਗਰੀ ਬਰਾਮਦ ਕੀਤੀ ਗਈ।ਇਸ ਸਬੰਧੀ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਅ/ਧ ਇੰਮੋਰਲ ਟ੍ਰੈਫਿਕ ਪ੍ਰਿਵੈਂਸ਼ਨ ਐਕਟ ਦੀ ਧਾਰਾ 3,4,5 ਤਹਿਤ ਦਰਜ ਕੀਤੇ ਗਏ ਮੁਕੱਦਮੇ ਵਿੱਚ ਉਕਤ ਸਪਾ ਸੈਂਟਰ ਦੀ ਸੰਚਾਲਕ ਮਹਿਲਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਜਦੋਂ ਕਿ ਮਹਿਲਾ ਦੇ ਪਤੀ ਦੀ ਭਾਲ 'ਚ ਛਾਪੇਮਾਰੀ ਜਾਰੀ ਹੈ।

# ਸਰਵ ਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਵਿਸ਼ਵ ਪੰਜਾਬੀ ਦਿਵਸ ਮਨਾਇਆ



ਭੀਖੀ (ਗੁਰਿੰਦਰ ਸਿੰਘ ਔਲਖ)-ਸਥਾਨਕ ਸਰਵ ਹਿੱਤਕਾਰੀ ਵਿੱਦਿਆ ਮੰਦਰ ਸੀ ਬੀ ਐਸ ਈ ਵਿਖੇ ਵਿਸ਼ਵ ਪੰਜਾਬੀ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਸਮੂਹ ਵਿਦਿਆਰਥੀਆਂ ਅਤੇ ਸਟਾਫ ਨੂੰ ਪੰਜਾਬੀ ਦਿਵਸ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਅਸੀਂ ਬੜਾ ਹੀ ਫ਼ਖ਼ਰ ਮਹਿਸੂਸ ਕਰਦੇ ਹਾਂ ਕਿ ਪੰਜਾਬੀ ਬੋਲੀ ਨੂੰ ਸਮਰਪਿਤ ਪੰਜਾਬੀ ਬੋਲੀ ਲਈ, ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਬਾਬਾ ਫਰੀਦ ਜੀ ਦੇ ਆਗਮਨ ਦਿਵਸ ਨੂੰ ਸਮਰਪਿਤ ਹਰ ਸਾਲ 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਉਣ ਦਾ ਫ਼ੈਸਲਾ ਲਿਆ ਗਿਆ ਹੈ।ਬਾਬਾ ਫਰੀਦ ਪੰਜਾਬੀ ਦੇ ਪਹਿਲੇ ਸਿਰਮੌਰ ਕਵੀਆਂ ਵਿੱਚੋਂ ਹਨ, ਜਿੰਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਨ ਦੇ ਕੇ ਸਤਿਕਾਰਿਆ ਗਿਆ ਹੈ। ਸਰਵ ਹਿੱਤਕਾਰੀ ਵਿੱਦਿਆ ਮੰਦਰ (ਸੀ.ਬੀ.ਐਸ.ਈ) ਭੀਖੀ ਦਾ ਸਮੂਹ ਪਰਿਵਾਰ ਇਸ ਫ਼ੈਸਲੇ ਦਾ ਤਹਿ- ਦਿਲੋਂ ਸਵਾਗਤ ਕਰਦੇ ਹਾਂ। ਅਸੀਂ ਅਰਦਾਸ ਕਰਦੇ ਹਾਂ ਕਿ ਪੰਜਾਬੀ ਬੋਲੀ ਵਧੇ-ਫੁੱਲੇ, ਦਿਨ ਦੁੱਗਣੀ, ਰਾਤ ਚੌਗੁਣੀ ਤਰੱਕੀ ਕਰੇ।


**UMMEED HOUSING FINANCE PVT. LTD**
Registered office at: 2009-2014, 20th Floor, Magnum Global Park,Sector-58, Gurugram (Haryana)-122002"
CIN:U65922HR2016PTC057984.

**ਸਰਫੇਸੀ ਐਕਟ ਸੈਕਸ਼ਨ (13) 2 ਤਹਿਤ ਡਿਮਾਂਡ ਨੋਟਿਸ**

ਜਦੋਂਕਿ ਕਰਜ਼ਾ ਖਾਤਾ ਐੱਨ ਪੀ ਏ ਹੋ ਗਿਆ ਹੈ, ਇਸ ਲਈ ਯੂ ਐੱਚ ਐੱਫ ਪੀ ਐੱਲ ਦੇ ਅਧਿਕਾਰਤ ਅਫਸਰ ਨੇ ਹੇਠਾਂ ਸਾਰਣੀ 'ਚ ਦਰਸਾਏ ਕਰਜ਼ਦਾਰ/ਬਿਨੈਕਾਰ/ਗਰੰਟਰ/ਰਹਿਣਕਾਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ ਜਾਰੀ ਕੀਤਾ ਹੈ। ਨੋਟਿਸ ਅਨੁਸਾਰ ਜੇਕਰ ਕਰਜ਼ਦਾਰ 60 ਦਿਨਾਂ ਦੇ ਅੰਦਰ ਸਾਰੀ ਰਕਮ ਜਮ੍ਹਾਂ ਨਹੀਂ ਕਰਵਾਉਂਦੇ ਤਾਂ ਰਕਮ ਹੇਠਾਂ ਦਰਸਾਈ ਰਹਿਣ ਕੀਤੀ ਜਾਇਦਾਦ/ਸਕਿਉਰਡ ਐੱਸਟਸ ਦੀ ਨਿਲਾਮੀ ਰਾਹੀਂ ਵਸੂਲ ਕੀਤੀ ਜਾਵੇਗੀ। ਇਸ ਲਈ ਕਰਜ਼ਦਾਰਾਂ ਨੂੰ ਸਾਰੀ ਰਕਮ ਸਮੇਤ ਭਵਿੱਖੀ ਵਿਆਜ ਅਤੇ ਖਰਚਿਆਂ ਦੇ ਡਿਮਾਂਡ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਸੂਚਨਾ ਦਿੱਤੀ ਗਈ ਹੈ, ਨਹੀਂ ਤਾਂ ਉਕਤ ਐਕਟ ਦੇ ਸੈਕਸ਼ਨ 13 [4] ਅਤੇ 14 ਦੀਆਂ ਵਿਵਸਥਾਵਾਂ ਤਹਿਤ, ਅਧਿਕਾਰਤ ਅਫਸਰ ਹੇਠਾਂ ਦਰਸਾਈ ਰਹਿਣ ਕੀਤੀ ਜਾਇਦਾਦ/ਸਕਿਉਰਡ ਐੱਸਟਸ ਦੀ ਵਿਕਰੀ ਲਈ ਕਬਜ਼ਾ ਹਾਸਲ ਕਰ ਰਿਹਾ ਹੈ।

ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ ਕਰਜ਼ਦਾਰ ਧਿਆਨ ਦੇਣ ਕਿ ਐਕਟ 2002 ਦੀਆਂ 13[13] ਸ਼ਰਤਾਂ ਅਨੁਸਾਰ ਤੁਹਾਡੇ 'ਤੇ ਸਕਿਉਰਡ ਕ੍ਰੈਡਿਟਰ ਦੀ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਕਿਸੇ ਵੀ ਸਕਿਉਰਡ ਐੱਸਟਸ ਦੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲੀ ਕਰਨ 'ਤੇ ਰੋਕ ਅਤੇ ਪਾਬੰਦੀ ਹੈ।

ਕਰਜ਼ਦਾਰ ਦਾ ਧਿਆਨ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 3 (5) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (8) ਵੱਲ ਦਿਵਾਇਆ ਜਾਂਦਾ ਹੈ ਕਿ ਕਰਜ਼ਦਾਰ ਨਿਲਾਮੀ ਨੋਟਿਸ ਦੀ ਪ੍ਰਕਾਸ਼ਨਾ ਤੋਂ ਪਹਿਲਾਂ ਹੇਠਾਂ ਦਰਸਾਏ ਸਾਰੇ ਬਕਾਏ ਮੁਕੰਮਲ ਤੌਰ 'ਤੇ ਅਦਾ ਕਰਕੇ ਸਕਿਉਰਡ ਐੱਸਟਸ ਪੁਨਰਗ੍ਰਹਿਣ ਕਰ ਸਕਦੇ ਹਨ, ਜਿਸ ਦੀ ਬਾਅਦ 'ਚ ਹੋਂਦ ਖਤਮ ਹੋ ਜਾਵੇਗੀ।

| ਲੜੀ ਨੰਬਰ | ਕਰਜ਼ਦਾਰ/ਐਪਲੀਕੈਂਟ/ਗਰੰਟਰ/ਮਾਰਟਗੇਜ਼ਰ | ਡਿਮਾਂਡ ਨੋਟਿਸ ਯੂ/ਐੱਸ 13 [2] ਦੀ ਮਿਤੀ ਤੇ ਰਕਮ |
|---|---|---|
| | 1. ਸੰਜੇ ਗੁਪਤਾ ਪੁੱਤਰ ਰਾਮ ਬ੍ਰਿਜ (ਕਰਜ਼ਦਾਰ)<br>2. ਯਸ਼ੋਦਾ ਗੁਪਤਾ ਪਤਨੀ ਸੰਜੇ ਗੁਪਤਾ (ਸਹਿ-ਕਰਜ਼ਦਾਰ)<br>ਦੋਵਾਂ ਦੀ ਰਿਹਾਇਸ਼ ਦਾ ਪਤਾ-ਮਕਾਨ ਨੰ. 482, ਗੁਰੂ ਅੰਗਦ ਕਾਲੋਨੀ, ਜੰਡੋਲੀ ਰਾਜਪੁਰ, ਪਟਿਆਲਾ ਰੋਡ ਪਟਿਆਲਾ ਪੰਜਾਬ-140401<br>ਲੋਨ ਨੰਬਰ ਐੱਲ ਐਕਸ ਏ ਐੱਮ ਬੀ 02918-190004022<br>ਲੋਨ ਐਗਰੀਮੈਂਟ ਮਿਤੀ 28 ਫਰਵਰੀ 2019<br>ਕਰਜ਼ੇ ਦੀ ਰਕਮ-ਰੁ. 9,69,437/- | 11 ਸਤੰਬਰ 2025<br>ਰੁ. 10,66,297/- (ਦਸ ਲੱਖ ਛਿਆਹਠ ਹਜ਼ਾਰ ਦੋ ਸੌ ਸਤਾਨਵੇ ਰੁਪਏ ਕੇਵਲ)<br>11 ਸਤੰਬਰ 2025 ਤੱਕ<br>ਹੋਰ ਵਿਆਜ ਤੇ ਹੋਰ ਖਰਚੇ<br>12 ਸਤੰਬਰ 2025 ਤੋਂ |

ਰਹਿਣ ਕੀਤੀ ਜਾਇਦਾਦ ਦਾ ਵੇਰਵਾ:-ਪਲਾਟ ਰਕਬਾ 0-2-3/50 ਬਿਸਵੇ ਦਾ ਅਟੁੱਟ ਹਿੱਸਾ, ਜੋ ਕਿ 103 ਵਰਗ ਗਜ਼ ਅੰਦਾਜਨ ਜ਼ਮੀਨ ਮਿਨ ਜੁਮਲਾ 31 ਵਿਘੇ 10 ਬਿਸਵੇ, ਜੋ ਕਿ 103/31500 ਖੇਵਟ ਖਾਤਾ ਨੰਬਰ 63/122 ਖਸਰਾ ਨੰ. 335 ਮਿਨ (6-0), 61 (1-12), 331 (8-18), 332 (6-19), 333 (6-5), 335 ਮਿਨ (0-5), 311 (1-11), ਕਿੱਤੇ 7 ਵਾਈਡ ਡੀਡ ਨੰਬਰ 386, ਮਿਤੀ 26-04-2019 ਪਿੰਡ ਜੰਡੋਲੀ, ਰਾਜਪੁਰਾ ਹੱਦਬੰਦੀ :ਪੂਰਬ ਪਲਾਟ ਨੰ. 88, ਪੱਛਮ: ਪਲਾਟ ਨੰ. 89, ਉੱਤਰ : ਖਾਲੀ ਪਲਾਟ, ਦੱਖਣ : ਸੜਕ

ਮਿਤੀ 24.09.2025
ਸਥਾਨ: ਗੁਰੂਗ੍ਰਾਮ
ਅਧਿਕਾਰਤ ਅਫਸਰ, ਮਸਤਰ ਗੌਰਵ ਤ੍ਰਿਪਾਠੀ ਮੋਬਾਇਲ 96500-55701
ਉਮੀਦ ਹਾਊਸਿੰਗ ਫਾਇਨਾਂਸ ਪ੍ਰਾਈਵੇਟ ਲਿਮਿਟਡ



**ਬਜਾਜ ਫਾਇਨਾਂਸ ਲਿਮਟਿਡ**
BAJAJ FINSERV

ਰਜਿਸਟਰਡ ਦਫਤਰ : ਬਜਾਜ ਆਟੋ ਲਿਮਟਿਡ ਕੰਪਲੈਕਸ, ਮੁੰਬਈ-ਪੂਨੇ ਰੋਡ, ਅਕੁਰਦੀ, ਪੂਨੇ-411035
ਬਰਾਂਚ ਦਫਤਰ : ਬਜਾਜ ਫਾਇਨਾਂਸ ਲਿਮਟਿਡ ਐੱਸ ਸੀ ਓ -91, ਪਹਿਲੀ ਮੰਜ਼ਲ, ਪ੍ਰੇਮ ਨਗਰ, ਉੱਪਰ ਦੇਨਾ ਬੈਂਕ, ਨੇੜੇ ਕਰਨ ਪਲਾਜ਼ਾ, ਸਾਹਮਣੇ ਅਰਵਿੰਦ ਅਤੇ ਮਦਾਨ ਇਲੈਕਟ੍ਰਾਨਿਕਸ ਅੰਬਾਲਾ ਸਿਟੀ-134003, ਅਧਿਕਾਰਤ ਅਫਸਰ ਦਾ ਵੇਰਵਾ : ਨਾਂਅ : ਭਾਨੂ ਤਿਆਗੀ, ਈ-ਮੇਲ ਆਈ ਡੀ : bhanu.tyagi2@bajajfinserv.in, ਮੋਬਾਇਲ ਨੰ. 9899444506

ਇਪੈਂਡਕਸ IV-A (ਸੀ ਪ੍ਰਵੀਜ਼ਨ ਟੂ ਰੂਲ 8 (6)
ਈ-ਨਿਲਾਮੀ ਸੇਲ ਨੋਟਿਸ ਸਰਫੇਸੀ ਐਕਟ 2002 ਤਹਿਤ
ਅਚੱਲ ਜਾਇਦਾਦ ਦੀ ਵਿਕਰੀ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 ("ਐਕਟ") ਤਹਿਤ

ਆਮ ਜਨਤਾ ਅਤੇ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਿੱਤੀ ਸਕਿਉਰਡ ਐੱਸਟਸ ਜੋ ਕਿ ਬਜਾਜ ਫਾਇਨਾਂਸ ਲਿਮਟਿਡ ("ਬੀ ਐੱਫ ਐੱਲ") ਕੋਲ ਰਹਿਣ ਕੀਤੇ ਹੋਏ ਹਨ ਅਤੇ ਜਿਸ ਦਾ ਕਬਜ਼ਾ ਹੇਠਾਂ ਦਿੱਤੇ ਬੀ ਐੱਫ ਐੱਲ ਦੇ ਅਧਿਕਾਰਤ ਅਫਸਰ ਵੱਲੋਂ ਐਕਟ ਦੀਆਂ ਵਿਵਸਥਾਵਾਂ ਤਹਿਤ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ ਨਿਲਾਮੀ ਰਾਹੀਂ ਕੀਤੀ ਜਾਵੇਗੀ, ਤਾਂ ਜੋ ਹੇਠਾਂ ਦਿੱਤੀ ਰਕਮ 'ਤੇ ਲਾਗੂਯੋਗ ਵਿਆਜ, ਖਰਚੇ ਤੇ ਲਾਗਤਾਂ ਆਦਿ ਦੀ ਵਸੂਲੀ ਕੀਤੀ ਜਾ ਸਕੇ।

ਹੇਠਾਂ ਦਿੱਤੇ ਸਕਿਉਰਡ ਐੱਸਟਸ "ਜਿੱਥੇ ਹੈ ਜਿਵੇਂ ਹੈ ਅਤੇ ਜਿਸ ਵੀ ਹਾਲਤ ਵਿੱਚ ਹੈ" ਦੇ ਅਧਾਰ 'ਤੇ ਰੂਲ 8 ਅਤੇ 9 ਅਧੀਨ ਸਕਿਉਰਡ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ ("ਦਾ ਰੂਲਜ਼") ਤਹਿਤ ਹੇਠਾਂ ਦਿੱਤੇ ਬਕਾਏ ਵਸੂਲਣ ਲਈ ਵੇਚੇ ਜਾ ਰਹੇ ਹਨ।

**ਈ-ਨਿਲਾਮੀ ਦੇ ਵੇਰਵੇ**

| | |
|---|---|
| ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਦਾ ਨਾਂਅ ਅਤੇ ਪਤਾ | ਸਾਈਂ ਐਸੋਸੀਏਟਸ ਧੂਲਕੋਟ ਪਾਵਰ ਹਾਊਸ, 87-88, ਵਿਦਯੁਤ ਨਗਰ, ਚੰਡੀਗੜ੍ਹ ਰੋਡ, ਅੰਬਾਲਾ, ਹਰਿਆਣਾ-34003 |
| ਕਰਜ਼ਾ ਖਾਤਾ ਨੰਬਰ | H440BLP0329169 & H440ECM0377725 |
| ਸਟੈਚੂਟਰੀ ਡਿਮਾਂਡ ਨੋਟਿਸ ਯੂ/ਐੱਸ 13 (2) ਤਰੀਕ ਤੇ ਰਕਮ | ਨੋਟਿਸ ਮਿਤੀ 2 ਜੂਨ 23 ਡਿਮਾਂਡ ਰਕਮ ਰੁਪਏ 83,72,244/- |
| 22.09.2025 'ਤੇ ਰਹਿੰਦੀ ਬਕਾਇਆ ਰਕਮ | ਰੁਪਏ 95,59,471/- (ਪਚਾਨਵੇਂ ਲੱਖ ਉਨਾਹਠ ਹਜ਼ਾਰ ਚਾਰ ਸੌ ਇਕੱਤਰ ਰੁਪਏ ਕੇਵਲ) 22.09.25 ਤੱਕ |
| ਅਚੱਲ ਜਾਇਦਾਦ ਦਾ ਵੇਰਵਾ | ਸਮੁੱਚਾ ਗੈਰ-ਖੇਤੀਬਾੜੀ ਜਾਇਦਾਦ ਦਾ ਅਟੁੱਟ ਹਿੱਸਾ, ਜਾਇਦਾਦ ਸਥਿਤ ਪਿੰਡ ਨਗਲ, ਤਹਿਸੀਲ ਤੇ ਜ਼ਿਲ੍ਹਾ ਅੰਬਾਲਾ, ਖਸਰਾ ਨੰ. 14/10/2, 10/3, ਮਕਾਨ ਨੰ. 55, ਬੀ, ਨਿਰਮਲ ਵਿਹਾਰ, ਅੰਬਾਲਾ ਕੈਂਟ ਖੇਤਰ, 134 ਵਰਗ ਗਜ਼ |
| ਰਾਖਵੀਂ ਕੀਮਤ | ਰੁਪਏ 42,00,000/ |
| ਈ ਐੱਮ ਡੀ | ਰੁਪਏ 4, 20,000/ |
| ਈ-ਨਿਲਾਮੀ ਤਰੀਕ ਤੇ ਸਮਾਂ | 14/10/25 3:00 pm to 5:00 pm |
| ਈ-ਆਕਸ਼ਨ ਪੋਰਟਲ | https://bankauctions.in |
| ਈ ਐੱਮ ਡੀ ਜਮ੍ਹਾਂ ਕਰਵਾਉਣ ਦੀ ਆਖਰੀ ਤਰੀਕ | 13/10/25 |
| ਬਿੱਡ ਇਨਕਰੀਮੈਂਟ ਰਕਮ ਰੁਪਏ 'ਚ | ਰੁਪਏ 25,000/- |
| ਇਨਕਮਬਰਾਂਸ ਨੋਨ ਟੂ ਸਕਿਉਰਡ ਕ੍ਰੈਡੀਟਰ | ਜਾਣਕਾਰੀ ਨਹੀਂ |
| ਜਾਇਦਾਦ ਦੀ ਜਾਂਚ-ਪੜਤਾਲ ਕਰਨ ਦੀ ਤਰੀਕ | 24/09/25 ਤੋਂ 13/10/25 ਦਰਮਿਆਨ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ 9.30 ਵਜੇ ਤੋਂ 5.30 ਵਜੇ ਤੱਕ ਅਗਾਊਂ ਪ੍ਰਵਾਨਗੀ ਲੈ ਕੇ। |

ਆਮ ਜਨਤਾ ਤੇ ਕਰਜ਼ਦਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਨਿਲਾਮੀ ਨਿਸ਼ਚਿਤ ਤਰੀਕ 'ਤੇ ਕਿਸੇ ਕਾਰਨ ਅਸਫਲ ਰਹਿੰਦੀ ਹੈ ਤਾਂ ਉਹ ਇਸ ਦਾ ਨੋਟਿਸ ਲੈਣ, ਜੋ ਵੀ ਹੋਵੇ, ਸਕਿਉਰਡ ਕ੍ਰੈਡੀਟਰ ਵਿਕਰੀ ਪ੍ਰਾਈਵੇਟ ਟਰੀਟੀ ਰਾਹੀਂ ਵਿਕਰੀ ਕਰਕੇ ਆਪਣੇ ਹਿੱਤ ਸੁਰੱਖਿਅਤ ਕਰ ਸਕਦਾ ਹੈ। ਇਹ ਕਾਰਵਾਈ ਸਕਿਉਰਡ ਕ੍ਰੈਡੀਟਰ ਦੀ ਇੱਛਾ ਅਨੁਸਾਰ ਹੋਵੇਗੀ। ਵਿਕਰੀ ਦੇ ਵੇਰਵੇ ਸਹਿਤ ਨਿਯਮ ਤੇ ਸ਼ਰਤਾਂ https://bankauctions.in and https://www.bajajfinserv.in/sarfaesi-auction-notices 'ਤੇ ਦੇਖੀਆਂ ਜਾ ਸਕਦੀਆਂ ਹਨ।

ਮਿਤੀ : 24/09/2025, ਸਥਾਨ : ਅੰਬਾਲਾ
ਸਹੀ/- ਅਧਿਕਾਰਤ ਅਫਸਰ, ਬਜਾਜ ਫਾਇਨਾਂਸ ਲਿਮਟਿਡ



**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਜਾਇਦਾਦ ਵਿਕਰੀ ਸੂਚਨਾ**

ਨਿਮਨ ਹਸਤਾਖ਼ਰੀ ਨੇ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਿਟਡ ਦੇ ਅਧਿਕਾਰਤ ਅਫਸਰ ਵਜੋਂ ਸਰਫੇਸੀ ਐਕਟ ਦੇ ਸੈਕਸ਼ਨ 13(4) ਅਧੀਨ ਹੇਠਾਂ ਵਰਨਣ ਜਾਇਦਾਦ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ।
ਜਨਤਾ ਨੂੰ ਵੱਡੇ ਪੱਧਰ 'ਤੇ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਐਨ ਪੀ ਏ ਖਾਤਿਆਂ ਵਿਰੁੱਧ ਬਕਾਇਆਂ ਨਿਕਲਦੀ ਰਕਮ ਦੀ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਖਰਚਿਆਂ ਦੀ ਵਸੂਲੀ ਲਈ ਹੇਠਾਂ ਦਰਸਾਏ ਕੇਸ ਵਿੱਚ ਵਿਕਰੀ ਬੈਂਕ ਦੁਆਰਾ ਮਿਤੀ 29.10.2025 ਨੂੰ ਕਰਵਾਈ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | ਸ੍ਰੀ ਸੁਮੀਤ ਕੁਮਾਰ ਪੁੱਤਰ ਸ੍ਰੀ ਪ੍ਰੇਮ ਲਾਲ ਵਾਸੀ ਮਕਾਨ ਨੰ. 309/10 ਗਲੀ ਨੰ. 2, ਮੁਹੱਲਾ ਸੰਤਪੁਰਾ ਕਪੂਰਥਲਾ, ਪੰਜਾਬ-144601<br>ਸ੍ਰੀਮਤੀ ਬੀਨੂ ਪਤਨੀ ਸ੍ਰੀ ਸੁਮੀਤ ਕੁਮਾਰ ਵਾਸੀ ਮਕਾਨ ਨੰ. 309/10 ਗਲੀ ਨੰ. 2, ਮੁਹੱਲਾ ਸੰਤਪੁਰਾ ਕਪੂਰਥਲਾ, ਪੰਜਾਬ-144601 (ਕਰਜ਼ਦਾਰ)<br>ਸ੍ਰੀ ਰੋਹਿਤ ਭੰਡਾਰੀ ਪੁੱਤਰ ਸ੍ਰੀ ਵਿਜੈ ਭੰਡਾਰੀ ਵਾਸੀ ਬੀ-6/1001/4 ਮੁਹੱਲਾ ਪੰਡੇਰਾ ਵਾਰਡ ਨੰ. 8, ਫਿਲੌਰ, ਜਲੰਧਰ, ਪੰਜਾਬ-144410 (ਗਰੰਟਰ) |
| ਬਕਾਇਆ ਰਕਮ HL/026611000038 OD Limit/026400000062 | 1. Rs.29,26,788/-<br>2. Rs.1,81,173/-<br>(ਅਤੇ 01.09.2025 ਤੋਂ ਭਵਿੱਖੀ ਵਿਆਜ) |
| ਜਾਇਦਾਦ ਦਾ ਵੇਰਵਾ | ਬੈਨਾਮਾ ਦਸਤਾਵੇਜ਼ ਨੰ. 2019-20/30/1/1978 ਮਿਤੀ 09.10.2019 ਅਨੁਸਾਰ ਸ੍ਰੀ ਸੁਮੀਤ ਕੁਮਾਰ ਪੁੱਤਰ ਸ੍ਰੀ ਪ੍ਰੇਮ ਲਾਲ ਦੀ ਮਲਕੀਅਤ ਅਚੱਲ ਜਾਇਦਾਦ ਰਕਬਾ 5 ਮਰਲੇ (102.66 ਵਰਗ ਗਜ਼ ਮੁਹੱਲਾ ਸੰਤ ਨਗਰ, ਕਪੂਰਥਲਾ। |
| ਰਾਖਵੀਂ ਰਕਮ | ਰੁਪਏ 15 ਲੱਖ (ਰੁਪਏ ਪੰਦਰਾਂ ਲੱਖ ਕੇਵਲ) |
| ਈ ਐੱਮ ਡੀ (ਬਿਆਨਾ ਰਾਸ਼ੀ) | ਸਫ਼ਲ ਬੋਲੀਕਾਰ ਦੁਆਰਾ ਰਾਖਵੀਂ ਕੀਮਤ ਦੀ ਕੁੱਲ ਈ ਐੱਮ ਡੀ (ਬਿਆਨਾ ਰਾਸ਼ੀ) 25 ਫੀਸਦੀ ਜਲੰਧਰ ਵਿੱਚ ਅਦਾਇਗੀਯੋਗ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਿਟਡ ਦੇ ਪੱਖ ਵਿੱਚ ਡਿਮਾਂਡ ਡਰਾਫਟ ਦੇ ਰਾਹੀਂ ਮਿਤੀ 29.10.2025 ਨੂੰ ਜਮ੍ਹਾਂ ਕਰਵਾਈ ਜਾਵੇਗੀ। ਟੈਂਡਰ ਫਾਰਮ ਅਤੇ ਈ ਐੱਮ ਡੀ ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮ. ਮੁੱਖ ਮਫ਼ਤਰ ਮਿਡਾਸ ਕਾਰਪੋਰੇਟ ਪਾਰਕ ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ। |

ਬੈਂਕ ਨੂੰ ਮਾਲੂਮ ਭੰਜਟ : ਕੋਈ ਨਹੀਂ। ਜਾਇਦਾਦ "ਜਿਵੇਂ ਹੈ ਜਿੱਥੇ ਹੈ" "ਜੋ ਹੈ ਜਿਵੇਂ ਹੈ" ਅਤੇ "ਉਥੇ ਜੋ ਵੀ ਹੈ" ਦੇ ਅਧਾਰ 'ਤੇ ਵੇਚੀ ਜਾਵੇਗੀ। ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਿਟਡ ਦੇ ਪੱਖ ਵਿੱਚ ਡਿਮਾਂਡ ਡਰਾਫਟ ਰਾਹੀਂ, ਜਲੰਧਰ ਵਿੱਚ ਅਦਾਇਗੀਯੋਗ, ਈ ਐਮ ਡੀ (ਬਿਆਨਾ ਰਾਸ਼ੀ) ਅਰਥਾਤ 25% ਸਮੇਤ ਟੈਂਡਰ ਪ੍ਰਾਪਤ ਕਰਨ ਦੀ ਅੰਤਿਮ ਮਿਤੀ/ਸਮਾਂ 29.10.2025 ਨੂੰ ਸਵੇਰੇ 11.00 ਵਜੇ ਤੱਕ ਹੈ। ਟੈਂਡਰ ਦਰਸਾਈ ਮਿਤੀ ਨੂੰ ਸਵੇਰੇ 11.00 ਵਜੇ ਤੋਂ ਬਾਅਦ ਸਾਰੇ ਪੇਸ਼ਕਾਰਾਂ/ਉਨ੍ਹਾਂ ਦੇ ਪ੍ਰਤੀਨਿਧੀਆਂ ਦੀ ਹਾਜ਼ਰੀ ਵਿੱਚ ਮੁੱਖ ਦਫ਼ਤਰ : ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਵਿਖੇ ਖੋਲ੍ਹੇ ਜਾਣਗੇ। ਟੈਂਡਰ ਫਾਰਮ ਸਹਿਤ ਵਿਕਰੀ ਦੇ ਵਿਸਥਾਰਤ ਨਿਯਮਾਂ ਅਤੇ ਜਾਇਦਾਦ ਦੀ ਪੜਤਾਲ ਲਈ ਬਰਾਂਚ ਦਫ਼ਤਰ, ਫਿਲੌਰ ਨਾਲ ਸੰਪਰਕ ਕੀਤਾ ਜਾਵੇ। ਵਿਕਰੀ ਸਕਿਓਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ਼ ਫਾਈਨਾਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰੈਸਟ ਐਕਟ 2002 ਅਧੀਨ ਨਿਰਧਾਰਤ ਨਿਯਮਾਂ/ਸ਼ਰਤਾਂ ਦਾ ਵਿਸ਼ਾ ਹੋਵੇਗੀ। ਅਧਿਕਾਰਤ ਅਫਸਰ ਨੂੰ ਬਿਨਾ ਕੋਈ ਕਾਰਨ ਦੱਸਿਆ ਵਿਕਰੀ ਦੀ ਪੁਸ਼ਟੀ ਕਰਨ ਤੋਂ ਪਹਿਲਾਂ ਕਿਸੇ ਵੀ ਸਮੇਂ ਵਿਕਰੀ ਮੁਲਤਵੀ ਕਰਨ/ਨਿਯਮਾਂ ਅਤੇ ਸ਼ਰਤਾ ਵਿੱਚ ਬਦਲਾਅ ਕਰਨ ਦਾ ਹੱਕ ਪ੍ਰਾਪਤ ਹੈ।

ਮਿਤੀ : 23.09.2025
ਅਧਿਕਾਰਤ ਅਫਸਰ



**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਸੀਨੀ.ਮੰਡਲ ਵਿਦੁਤ ਇੰਜੀਨੀਅਰ/ਸਾਮਨਯ, ਉੱਤਰ ਰੇਲਵੇ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ ਟੈਂਡਰਾ (www.ireps.gov.in) ਮੰਗ ਕੀਤੀ ਜਾਂਦੀ ਹੈ। ਟੈਂਡਰਕਾਰ ਅਪਣੇ ਮੂਲ/ਸੰਸ਼ੋਧਿਤ ਟੈਂਡਰਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (₹) | ਬਿਆਨਾ ਰਾਸ਼ੀ (₹) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੇਬਸਾਈਟ |
|---|---|---|---|---|---|---|
| 251-ਵਿਦੁਤ-T-16-2025-26 | ਫਿਰੋਜ਼ਪੁਰ ਮੰਡਲ ਉਹ ਸਬੰਧਿਤ ਕੰਮ ਦੇ ਨਾਲ-ਨਾਲ ਵੱਖ-ਵੱਖ [illegible] ਸਹਿਤ ਸਟੇਬਲਿੰਗ ਲਾਇਨ, [illegible] ਪ੍ਰੀ-ਕੂਲਿੰਗ ਪੋਆਇੰਟ ਦੇ ਪ੍ਰਾਵਧਾਨ ਦੇ | Rs. 1,30,51,241.58 | Rs. 214900.00 | 06 ਮਹੀਨੇ | 14.10.2025 15:00 ਵਜੇ ਦੇ ਬਾਦ | www.ireps.gov.in |

ਨੰ: 251-ਵਿਦੁਤ-ਟੈਂਡਰ ਨੋਟਿਸ ਨੰ: 18-ਵਿਦੁਤ/2025-26 ਮਿਤੀ : 23.09.2025
2931/25
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਕਿਰਤੀ ਕਿਸਾਨ ਯੂਨੀਅਨ ਬਰੀਵਾਲਾ ਬਲਾਕ ਦੀ ਚੋਣ, ਜਸਵੰਤ ਸਿੰਘ ਡੋਡਾਂਵਾਲੀ ਬਲਾਕ ਪ੍ਰਧਾਨ ਚੁਣੇ



ਸ੍ਰੀ ਮੁਕਤਸਰ, (ਸ਼ਮਿੰਦਰ ਪਾਲ, ਪ੍ਰਿਆ)-ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਬਲਾਕ ਬਰੀਵਾਲਾ ਦੀ ਚੋਣ ਗੁਰਦੁਆਰਾ ਜਨਮ ਸਥਾਨ ਸ੍ਰੀ ਗੁਰੂ ਅੰਗਦ ਦੇਵ ਜੀ ਪਿੰਡ ਸਰਾਏ ਨਾਗਾ ਵਿਖੇ ਕੀਤੀ ਗਈ। ਸਰਬ ਸੰਮਤੀ ਨਾਲ ਜਸਵੰਤ ਸਿੰਘ ਡੋਡਾਂਵਾਲੀ ਨੂੰ ਬਲਾਕ ਪ੍ਰਧਾਨ, ਗੁਰਮੀਤ ਸਿੰਘ ਸਰਾਏਨਾਗਾ ਨੂੰ ਮੀਤ ਪ੍ਰਧਾਨ, ਪ੍ਰਗਟ ਸਿੰਘ ਝੰਡੇਵਾਲੀ ਸਕੱਤਰ, ਚਮਕੌਰ ਸਿੰਘ ਤਖਤ ਮਲਾਣਾ ਖਜ਼ਾਨਚੀ, ਬੋਹੜ ਸਿੰਘ ਮੱਲਣ ਪ੍ਰੈਸ ਸਕੱਤਰ, ਜਗਦੇਵ ਸਿੰਘ ਸੰਗਰਾਣਾ ਜਥੇਬੰਦਕ ਸਕੱਤਰ, ਜਸਵਿੰਦਰ ਸਿੰਘ ਵੜਿੰਗ ਸਹਾਇਕ ਜਥੇਬੰਦਕ ਸਕੱਤਰ, ਗੋਬਿੰਦ ਸਿੰਘ ਭਮੱਲਵਾਲੀ ਸਹਾਇਕ ਸਕੱਤਰ, ਅਸ਼ੋਕ ਕੁਮਾਰ ਸਹਾਇਕ ਪ੍ਰੈਸ ਸਕੱਤਰ, ਜਸਪਾਲ ਸਿੰਘ ਪਾਲਾ ਚੱਕ ਗਾਂਧਾ ਸਿੰਘ ਵਾਲਾ ਸਹਾਇਕ ਖਜ਼ਾਨਚੀ ਅਤੇ ਜਸਪਾਲ ਸਿੰਘ ਚੱਕ ਬਾਜਾ ਮੀਤ ਪ੍ਰਧਾਨ ਚੁਣੇ ਗਏ। ਇਸ ਸਮੇਂ ਵਿਸ਼ੇਸ਼ ਤੌਰ ਤੇ ਪਹੁੰਚੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ, ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਕਰਕੇ ਖੇਤੀ ਲਾਹੇਵੰਦ ਧੰਦਾ ਨਹੀਂ ਰਿਹਾ ਕਿਉਂਕਿ ਸਰਕਾਰਾਂ ਦੀਆਂ ਨੀਤੀਆਂ ਕਰਕੇ ਕਿਸਾਨਾਂ ਦੇ ਮੁਕਾਬਲੇ ਫਸਲਾਂ ਦੇ ਭਾਅ ਵਿੱਚ ਬਹੁਤ ਨਿਗੂਣਾ ਵਾਧਾ ਹੋਇਆ ਹੈ, ਜਿਸ ਕਾਰਨ ਕਿਸਾਨ ਲਗਾਤਾਰ ਕਰਜ਼ੇ ਹੇਠ ਆ ਰਹੇ ਹਨ। ਉਹਨਾਂ ਕਿਹਾ ਜਦੋਂ ਤੱਕ ਸਵਾਮੀਨਾਥਨ ਕਮਿਸ਼ਨ ਦੇ ਫਾਰਮੂਲੇ ਦੇ ਆਧਾਰ 'ਤੇ ਫਸਲਾਂ ਦੀਆਂ ਕੀਮਤਾਂ ਵਿੱਚ ਵਾਧਾ ਨਹੀਂ ਹੁੰਦਾ ਤੇ ਸਾਰੀਆਂ ਫਸਲਾਂ ਨੂੰ ਐਮ ਐਸ ਪੀ 'ਤੇ ਖਰੀਦਣ ਦੀ ਕਾਨੂੰਨੀ ਗਰੰਟੀ ਨਹੀਂ ਹੁੰਦੀ ਉਦੋਂ ਤੱਕ ਲਗਾਤਾਰ ਕਿਸਾਨਾਂ ਸਿਰ ਕਰਜ਼ੇ ਦੀ ਪੰਡ ਵਧਦੀ ਰਹੇਗੀ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਆਗੂ ਜਸਬੀਰ ਸਿੰਘ ਸਰਾਏ ਨਾਗਾ ਜਗਸੀਰ ਸਿੰਘ ਕੋਟਲੀ ਅਬਲੂ ਗੁਰਮੀਤ ਸਿੰਘ ਮਰਾੜ ਕਲਾਂ ਅਤੇ ਗੁਰਸੇਵਕ ਸਿੰਘ ਸੰਗਰਾਣਾ ਨੇ ਕਿਹਾ ਪੰਜਾਬ ਸਰਕਾਰ ਦੇ ਮਾੜੇ ਪ੍ਰਬੰਧਾਂ ਕਰਕੇ ਅੱਧੇ ਪੰਜਾਬ ਦਾ ਵੱਡਾ ਹਿੱਸਾ ਹੜ੍ਹਾਂ ਦੀ ਮਾਰ ਹੇਠ ਆ ਗਿਆ ਹੈ। ਕਿਸਾਨਾਂ ਮਜ਼ਦੂਰਾਂ ਦੀਆਂ ਫਸਲਾਂ ਡੁੱਬ ਗਈਆਂ, ਪਸ਼ੂ ਡੰਗਰ, ਘਰ ਬਾਰ ਹੜ੍ਹਾਂ ਦੇ ਪਾਣੀਆਂ 'ਚ ਰੁੜ੍ਹ ਗਏ ਹਨ। ਉਨ੍ਹਾਂ ਕਿਹਾ ਕਿ ਨਹਿਰੀ ਢਾਂਚਾ ਵਿਕਸਿਤ ਨਾ ਕਰਨ ਕਰਕੇ ਡੈਮਾਂ, ਦਰਿਆਵਾਂ, ਨਹਿਰਾਂ 'ਚ ਡੀਸੈਲਟਿੰਗ ਨਾ ਹੋਣ ਤੋਂ ਇਲਾਵਾ ਬਹੁਤ ਸਾਰੇ ਮਾੜੇ ਪ੍ਰਬੰਧਾਂ ਕਰਕੇ ਪੰਜਾਬ ਨੂੰ ਹੁਣ ਤੱਕ ਦੀ ਸਭ ਤੋਂ ਵੱਡੀ ਹੜ੍ਹਾਂ ਕਾਰਨ ਆਰਥਿਕ ਤੌਰ 'ਤੇ ਮਾਰ ਪਈ ਹੈ, ਜਿਸ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਹੜ੍ਹਾਂ ਤੋਂ ਪੀੜਤ ਕਿਸਾਨਾਂ ਮਜ਼ਦੂਰਾਂ ਨੂੰ ਬਣਦਾ ਮੁਆਵਜ਼ਾ ਤੁਰੰਤ ਦਿੱਤਾ ਜਾਵੇ। ਅੰਤ ਵਿੱਚ ਆਗੂਆਂ ਨੇ 25 ਸਤੰਬਰ ਨੂੰ ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸੰਗਰੂਰ ਯੂਥ ਵਿੰਗ ਦੇ ਪ੍ਰਧਾਨ ਨਿਰਭੈ ਸਿੰਘ ਖਾਈ ਤੇ ਕੀਤੇ ਕਾਤਲਾਨਾ ਹਮਲੇ ਦੇ ਮੁੱਖ ਦੋਸ਼ੀਆਂ ਨੂੰ ਗ੍ਰਿਫਤਾਰ ਕਰਵਾਉਣ ਲਈ ਕੀਤੀ ਜਾ ਰਹੀ ਸੰਗਰੂਰ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ।

## ਅਲਾਇੰਸ ਇੰਟਰਨੈਸ਼ਨਲ ਸਕੂਲ ਬਨੂੜ ਵਿਖੇ ਵਿਸ਼ਵ ਪੰਜਾਬੀ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ



ਰਾਜਪੁਰਾ (ਰਮੇਸ਼ ਕਟਾਰੀਆ)- ਅਲਾਇੰਸ ਇੰਟਰਨੈਸ਼ਨਲ ਸਕੂਲ ਵਿਖੇ ਵਿਸ਼ਵ ਪੰਜਾਬੀ ਦਿਵਸ ਬੜੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ, ਜਿੱਥੇ ਵਿਦਿਆਰਥੀਆਂ ਅਤੇ ਸਟਾਫ਼ ਨੇ ਪੂਰੇ ਦਿਲ ਨਾਲ ਪੰਜਾਬ ਦੇ ਅਮੀਰ ਸੱਭਿਆਚਾਰ ਅਤੇ ਵਿਰਾਸਤ ਵਿੱਚ ਆਪਣੇ ਆਪ ਨੂੰ ਲੀਨ ਕਰ ਲਿਆ। ਇਸ ਵਿਸ਼ੇਸ਼ ਮੌਕੇ ਪੰਜਾਬੀ ਭਾਵਨਾ ਨੂੰ ਸਾਰਿਆਂ ਨੇ ਅਪਣਾਇਆ ਕਿਉਂਕਿ ਉਨ੍ਹਾਂ ਨੇ ਪੰਜਾਬੀ ਵਿੱਚ ਗੱਲਬਾਤ ਕੀਤੀ, ਜਿਸ ਵਿੱਚ ਭਾਸ਼ਾ ਦੀ ਸੁੰਦਰਤਾ ਅਤੇ ਮਹੱਤਤਾ ਨੂੰ ਉਜਾਗਰ ਕੀਤਾ ਗਿਆ। ਜਸ਼ਨ ਦੀ ਸ਼ੁਰੂਆਤ ਜੀਵੰਤ ਪੋਸਟਰ-ਮੇਕਿੰਗ ਅਤੇ ਸਲੋਗਨ-ਲਿਖਣ ਮੁਕਾਬਲਿਆਂ ਨਾਲ ਹੋਈ, ਜਿੱਥੇ ਵਿਦਿਆਰਥੀਆਂ ਨੇ ਰਚਨਾਤਮਕ ਤੌਰ 'ਤੇ ਪੰਜਾਬੀ ਸੱਭਿਆਚਾਰ ਦੇ ਸਾਰ ਨੂੰ ਪ੍ਰਗਟ ਕੀਤਾ। ਗੁਰਮੁਖੀ ਲਿਪੀ ਲਿਖਣ 'ਤੇ ਇੱਕ ਵਿਸ਼ੇਸ਼ ਪ੍ਰਸ਼ਨਾਂ ਦੇ ਨਾਲ ਵਿਦਿਆਰਥੀਆਂ ਦੇ ਪੰਜਾਬੀ ਲਿਪੀ ਪ੍ਰਤੀ ਡੂੰਘੇ ਸਤਿਕਾਰ ਅਤੇ ਪ੍ਰਸ਼ੰਸਾ ਨੂੰ ਦਰਸਾਇਆ। ਪੂਰਾ ਸਕੂਲ ਕੈਂਪਸ ਖੁਸ਼ੀ, ਸੱਭਿਆਚਾਰਕ ਮਾਣ ਅਤੇ ਤਿਉਹਾਰ ਦੀ ਊਰਜਾ ਨਾਲ ਭਰਿਆ ਹੋਇਆ ਸੀ। ਪ੍ਰਿੰਸੀਪਲ ਬ੍ਰਿਜੇਸ਼ ਸਕਸੈਨਾ ਅਤੇ ਵਾਈਸ-ਪ੍ਰਿੰਸੀਪਲ ਮੀਨਾਕਸ਼ੀ ਸਕਸੈਨਾ ਨੇ ਵਿਦਿਆਰਥੀਆਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਪੰਜਾਬੀ ਭਾਸ਼ਾ ਨੂੰ ਸੁਰੱਖਿਅਤ ਰੱਖਣ ਅਤੇ ਉਤਸ਼ਾਹਿਤ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਨੌਜਵਾਨ ਵਿਦਿਆਰਥੀਆਂ ਨੂੰ ਆਪਣੀ ਮਾਤ ਭਾਸ਼ਾ ਨਾਲ ਡੂੰਘੀ ਸਾਂਝ ਰੱਖਣ ਲਈ ਪ੍ਰੇਰਿਤ ਕੀਤਾ। ਚੇਅਰਮੈਨ ਅਸ਼ਵਨੀ ਗਰਗ ਅਤੇ ਪ੍ਰਧਾਨ ਅਸ਼ੋਕ ਗਰਗ ਨੇ ਵਿਦਿਆਰਥੀਆਂ ਨੂੰ ਆਪਣੀ ਮਾਤ ਭਾਸ਼ਾ ਪੰਜਾਬੀ ਵਿੱਚ ਮਾਣ ਨਾਲ ਬੋਲਣ ਅਤੇ ਪੰਜਾਬੀ ਸੱਭਿਆਚਾਰ ਦੀਆਂ ਸਦੀਵੀ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ 'ਤੇ ਚਾਨਣਾ ਪਾਉਣ ਲਈ ਪ੍ਰੇਰਿਤ ਕੀਤਾ।

# ਪੱਤਰਕਾਰਾਂ 'ਤੇ ਦਰਜ ਝੂਠੇ ਪਰਚੇ ਖ਼ਿਲਾਫ਼ ਰੋਸ ਪ੍ਰਦਰਸ਼ਨ ਅੱਜ

ਸਮਰਾਲਾ, (ਸੁਰਜੀਤ ਸਿੰਘ) ਸਥਾਨਕ ਦੇ ਪੱਤਰਕਾਰਾਂ ਰਿੱਕੀ ਭਾਰਦਵਾਜ ਅਤੇ ਮਾਈਕਲ ਵਿਰੁੱਧ ਪੁਲਿਸ ਵੱਲੋਂ ਪਰਚਾ ਦਰਜ ਕਰਨ ਦੇ ਖਿਲਾਫ ਅੱਜ ਪੱਤਰਕਾਰਾਂ ਦੀ ਹੋਈ ਇੱਕ ਵਿਸ਼ੇਸ਼ ਬੈਠਕ ਵਿੱਚ ਪੁਲਿਸ ਰਵਈਏ ਦੀ ਸਖ਼ਤ ਨਿਖੇਧੀ ਕੀਤੀ ਗਈ ਅਤੇ ਫੈਸਲਾ ਕੀਤਾ ਗਿਆ ਕਿ ਇਸ ਜਬਰ ਦਾ ਮੁਕਾਬਲਾ ਕੀਤਾ ਜਾਵੇਗਾ। ਇਸ ਸਬੰਧੀ ਰੋਸ ਦਾ ਇਜ਼ਹਾਰ ਕਰਨ ਲਈ ਪੱਤਰਕਾਰਾਂ ਅਤੇ ਇਨਸਾਫ ਦੀਆਂ ਜਥੇਬੰਦੀਆਂ ਵੱਲੋਂ 24 ਨੂੰ ਐਸ ਡੀ ਐਮ ਦਫ਼ਤਰ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਜਿਸ ਵਿਚ ਪੁਲਿਸ ਕੇਸ ਰੱਦ ਕਰਨ ਦੀ ਮੰਗ ਕੀਤੀ ਜਾਵੇਗੀ। ਧਰਨੇ ਵਿਚ ਕਿਸਾਨ ਯੂਨੀਅਨਾਂ, ਵਕੀਲ ਭਾਈਚਾਰਾ, ਪੈਨਸ਼ਨਰਜ਼ ਐਸੋਸੀਏਸ਼ਨ ਸਮੇਤ ਸਮਾਜਿਕ ਸੰਸਥਾਵਾਂ ਭਾਗ ਲੈ ਰਹੀਆਂ ਹਨ। ਪ੍ਰੈਸ ਕਲੱਬ ਦੇ ਪ੍ਰਧਾਨ ਗੁਰਮਿੰਦਰ ਸਿੰਘ ਗਰੇਵਾਲ ਅਤੇ ਚੇਅਰਮੈਨ ਰਾਮ ਗੋਪਾਲ ਸੋਫਤ ਨੇ ਕਿਹਾ ਕਿ ਸੀਨੀਅਰ ਪੱਤਰਕਾਰ ਰਿੱਕੀ ਭਾਰਦਵਾਜ ਅਤੇ ਮਾਈਕਲ 'ਤੇ ਪੁਲਸ ਨੇ ਦਬਾਅ ਹੇਠ ਆ ਕੇ ਝੂਠਾ ਪਰਚਾ ਦਰਜ ਕੀਤਾ ਹੈ ਜਿਸ ਕਾਰਨ ਪੱਤਰਕਾਰਾਂ ਤੋਂ ਇਲਾਵਾ ਆਮ ਲੋਕਾਂ ਤੇ ਜਥੇਬੰਦੀਆਂ ਵਿਚ ਇਸ ਪ੍ਰਤੀ ਭਾਰੀ ਰੋਸ ਹੈ। ਸਮੂਹ ਪੱਤਰਕਾਰ ਭਾਈਚਾਰੇ ਵਲੋਂ ਇਨਸਾਫ਼ ਪਸੰਦ ਜਥੇਬੰਦੀਆਂ, ਸਿਆਸੀ ਪਾਰਟੀਆਂ ਤੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੱਤਰਕਾਰਾਂ 'ਤੇ ਹੋਏ ਝੂਠੇ ਪਰਚੇ ਰੱਦ ਕਰਵਾਉਣ ਲਈ ਧਰਨੇ ਵਿਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ। ਅੱਜ ਦੀ ਮੀਟਿੰਗ ਵਿਚ ਸਰਪ੍ਰਸਤ ਕੇ.ਐਨ. ਸੇਠੀ, ਸੰਜੇ ਗਰਗ, ਰਾਮਦਾਸ ਬੰਗੜ, ਗੁਰਦੀਪ ਸਿੰਘ ਟੱਕਰ, ਗੋਬਿੰਦ ਕਿਸ਼ੋਰ, ਸੰਦੀਪ ਸ਼ਰਮਾ, ਬਲਜੀਤ ਸਿੰਘ ਬਘੌਰ, ਕੁਲਵਿੰਦਰ ਸਿੰਘ, ਦਰਸ਼ਪ੍ਰੀਤ ਸਿੰਘ ਬੱਤਰਾ, ਰਾਜਦੀਪ ਸਿੰਘ ਅਲਬੇਲਾ, ਸੁਰਜੀਤ ਵਿਸ਼ਾਦ, ਸੁਨੀਲ ਕੁਮਾਰ ਵੀ ਮੌਜੂਦ ਸਨ।


## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਹਾਜੀਪੁਰ, ਜ਼ਿਲ੍ਹਾ ਹੁਸ਼ਿਆਰਪੁਰ।
ਨੋਟਿਸ ਬਨਾਮ ਆਮ ਜਨਤਾ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਵਿਖੇ ਸ੍ਰੀ ਬੁਝੀਆ ਰਾਮ ਪੁੱਤਰ ਬੇਲੀ ਰਾਮ ਵਾਸੀ ਪਿੰਡ ਨਿੱਕੂਚੱਕ, ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਨੇ ਇੱਕ ਦਰਖਾਸਤ ਬਰਾਏ ਕਰਨੇ ਨਾਂਅ ਬਦਲੀ ਫਰਦ ਜਮ੍ਹਾਂਬੰਦੀ ਪੇਸ਼ ਕੀਤੀ ਹੈ, ਜਿਸ ਵਿੱਚ ਲਿਖਿਆ ਹੈ ਕਿ ਮਾਲ ਵਿਭਾਗ ਦੇ ਰਿਕਾਰਡ ਵਿੱਚ ਉਸ ਦੇ ਪੁੱਤਰ ਜਸਵੰਤ ਸਿੰਘ ਦਾ ਨਾਂਅ ਨਰੇਸ਼ ਕੁਮਾਰ ਦਰਜ ਹੈ। ਮੇਰੇ ਪੁੱਤਰ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਸਹੀ ਨਾਂਅ ਜਸਵੰਤ ਸਿੰਘ ਹੈ। ਸਬੂਤ ਵਜੋਂ ਪ੍ਰਾਰਥੀ ਨੇ ਜਸਵੰਤ ਸਿੰਘ ਦਾ ਆਧਾਰ ਕਾਰਡ, ਪਾਸਪੋਰਟ ਦੀ ਫੋਟੋ ਕਾਪੀ, ਵਾਟਰ ਸਪਲਾਈ ਦਾ ਕਾਰਡ ਸਮੇਤ ਫਰਦ ਜਮ੍ਹਾਂਬੰਦੀ ਪੇਸ਼ ਕਰਕੇ ਬੇਨਤੀ ਕੀਤੀ ਹੈ ਕਿ ਉਸ ਦਾ ਨਾਂਅ ਮਾਲ ਰਿਕਾਰਡ ਦੀ ਫਰਦ ਜਮ੍ਹਾਂਬੰਦੀ ਪਿੰਡ ਹਾਜੀਪੁਰ/357, ਤਹਿਸੀਲ ਮੁਕੇਰੀਆਂ ਵਿੱਚ ਪੁਰਾਣਾ ਨਾਂਅ ਨਰੇਸ਼ ਕੁਮਾਰ ਪੁੱਤਰ ਬੁਝੀਆ ਰਾਮ ਪੁੱਤਰ ਬੇਲੀ ਰਾਮ ਦੀ ਜਗ੍ਹਾਂ 'ਤੇ ਦਰੁਸਤੀ ਕਰਕੇ ਜਸਵੰਤ ਸਿੰਘ ਪੁੱਤਰ ਬੁਝੀਆ ਰਾਮ ਪੁੱਤਰ ਬੇਲੀ ਰਾਮ ਕਰ ਦਿੱਤਾ ਜਾਵੇ।

ਉਕਤ ਸਬੰਧੀ ਹਰ ਆਮ ਤੇ ਖਾਸ ਨੂੰ ਇਸ ਅਖਬਾਰ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਇਸ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਇਸ ਦਫਤਰ ਵਿੱਚ ਅਸਾਲਤਨ ਜਾਂ ਵਕਾਲਤਨ ਪੇਸ਼ ਕੇ ਆਪਣਾ ਇਤਰਾਜ਼ ਇਸ ਨੋਟਿਸ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿਖੇ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਮਾਲਕ ਰਿਕਾਰਡ ਵਿੱਚ ਫਰਦ ਬਦਰ ਰਾਹੀ ਨਿਯਮਾਂ ਅਨੁਸਾਰ ਦਰੁਸਤੀ ਕੀਤੀ ਜਾਵੇਗੀ।

ਅੱਜ ਮਿਤੀ 23-09-2025 ਨੂੰ ਮੇਰੇ ਦਸਤਖਤ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/- ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਹਾਜੀਪੁਰ, ਜ਼ਿਲ੍ਹਾ ਹੁਸ਼ਿਆਰਪੁਰ
ਨੰਬਰ : 635/ਰੀਡਰ ਮਿਤੀ 23-09-25

## Nilami Notice

ਸਰਕਾਰੀ ਹਾਈ ਸਕੂਲ ਦਫਤਰੀਵਾਲਾ (ਪਟਿਆਲਾ) ਵਿਖੇ ਅਣਸੇਫ 2 ਵੱਡੇ ਕਮਰੇ, ਵਰਾਂਡਾ ਅਤੇ ਇੱਕ ਛੋਟਾ ਕਮਰਾ ਲੱਗਭੱਗ 1460 ਸਕੇਅਰ ਫੁੱਟ ਲੈਂਟਰ ਦੀ ਨਿਲਾਮੀ 26-09-2025 ਦਿਨ ਸ਼ੁੱਕਰਵਾਰ ਸਵੇਰੇ 11:00 ਵਜੇ ਸਕੂਲ ਵਿਖੇ ਕਰਵਾਈ ਜਾਣੀ ਹੈ। ਚਾਹਵਾਨ ਵਿਅਕਤੀ ਰਾਖਵੀਂ ਕੀਮਤ ਅਤੇ ਸ਼ਰਤਾਂ, ਕਿਸੇ ਕੰਮ-ਕਾਰ ਵਾਲੇ ਦਿਨ ਆ ਕੇ ਪਤਾ ਕਰ ਸਕਦਾ ਹੈ।

ਸਹੀ/-
ਮੁੱਖ ਅਧਿਆਪਕ, ਸਹਸ ਦਫਤਰੀਵਾਲਾ (ਪਟਿਆਲਾ)

## ਪਬਲਿਕ ਨੋਟਿਸ

ਕੇਸ ਨੰਬਰ -45-ਟੀ

ਬਾ-ਅਦਾਲਤ ਸ੍ਰੀ ਰੇਸ਼ਮ ਸਿੰਘ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ- 99 ਗੁਰਦਾਸਪੁਰ।

ਵਿਸ਼ਾ :- ਗਿਰਦਾਵਰੀ ਕੇਸ ਅਨੁਵਾਨ ਅਜੀਤ ਸਿੰਘ ਬਨਾਮ ਅਰਵਿੰਦਰ ਸਿੰਘ ਵਗੈਰਾ ਵਾਸੀ ਪਿੰਡ ਕੈਲੇ ਖੁਰਦ/225, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ

ਉਪਰੋਕਤ ਕੇਸ ਨਿਮਨਹਸਤਾਖਰੀ ਦੀ ਅਦਾਲਤ ਵਿਚ ਅਜੀਤ ਸਿੰਘ ਬਨਾਮ ਅਰਵਿੰਦਰ ਸਿੰਘ ਵਗੈਰਾ ਵਾਸੀ ਪਿੰਡ ਕੈਲੇ ਖੁਰਦ/225 ਵਿਚ ਖੇਵਟ ਨੰਬਰ 43/42 ਖਤੌਨੀ ਨੰਬਰ 149 ਤੱਕ ਕੁਲ ਰਕਬਾ 4 ਕਨਾਲ 14 ਮਰਲੇ ਵਿਚ ਬਣਦੇ ਹਿੱਸੇ ਅਨੁਸਾਰ ਸਹਿਤ ਗਿਰਦੌਰੀ ਦਾ ਦਾਅਵਾ ਦਾਇਰ ਕੀਤਾ ਹੈ, ਜਿਸ ਵਿਚ ਦਰਜ ਉੱਤਰਦਾਤਾ ਅਰਵਿੰਦਰ ਸਿੰਘ ਪੁੱਤਰ ਜਗਦੇਵ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀਆਨ ਪਿੰਡ ਕੈਲੇ ਖੁਰਦ, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ ਨੂੰ ਨਿਸ਼ਚਿਤ ਤਰੀਖ ਪੇਸ਼ੀ ਮਿਤੀ 09-10-2025 ਨੂੰ ਸਵੇਰੇ 10:00 ਵਜੇ ਇਸ ਨੋਟਿਸ ਅਖਬਾਰ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਖ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਆਇਆ ਜਾਵੇ। ਹਾਜ਼ਰ ਨਾ ਆਉਣ ਦੀ ਸੂਰਤ ਵਿਚ ਕਾਰਵਾਈ ਇਕਤਰਫਾ ਕਰ ਦਿੱਤੀ ਜਾਵੇਗੀ।

ਅੱਜ ਮਿਤੀ 16-09-2015 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ ਹੈ।

ਸਹੀ/-ਸਹਾਇਕ ਕੁਲੈਕਟਰ ਦਰਜਾ-99 ਗੁਰਦਾਸਪੁਰ
ਨੰਬਰ : 422/ਰੀਡਰ ਮਿਤੀ : 19/9/2025

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ, ਨਾਇਬ ਤਹਿਸੀਲਦਾਰ, ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ (ਪੰਜਾਬ)।
(ਨੋਟਿਸ ਬਨਾਮ ਆਮ ਜਨਤਾ)

ਕੇਸ ਅਨੁਵਾਨ :- ਬੰਤੋ ਬਾਈ ਪਤਨੀ ਦਰਸ਼ਨ ਸਿੰਘ ਪੁੱਤਰ ਫੌਜਾ ਸਿੰਘ ਵਾਸੀ ਡੰਡੂਰ, ਤਹਿਸੀਲ ਵਾ ਜ਼ਿਲ੍ਹਾ ਹਿਸਾਰ (ਹਰਿਆਣਾ) ਖੇਵਟਦਾਰ ਪਿੰਡ ਸੰਘਾ, ਤਹਿਸੀਲ ਸਰਦੂਲਗੜ੍ਹ ਜ਼ਿਲ੍ਹਾ ਮਾਨਸਾ। ......ਸਾਇਲਾ

ਬਨਾਮ

1. ਸੁੱਚਾ ਸਿੰਘ ਪੁੱਤਰ ਧਾਰਾ ਸਿੰਘ ਪੁੱਤਰ ਕੇਹਰ ਸਿੰਘ ਵਾਸੀ ਪਿੰਡ ਸੰਘਾ, 2. ਨੇਹਾ ਪਤਨੀ ਕੁਲਦੀਪ ਸਿੰਘ ਪੁੱਤਰ ਜਗਦੀਸ਼ ਸਿੰਘ ਵਗੈਰਾ ਵਾਸੀ ਪਿੰਡ ਸਤੌਰ ਭੱਠੂ, ਤਹਿਸੀਲ ਵਾ ਜ਼ਿਲ੍ਹਾ ਫਤਿਆਬਾਦ (ਹਰਿਆਣਾ) ......ਮਸੂਲਇਲਮ

ਦਰਖਾਸਤ ਦਰੁਸਤੀ ਗਿਰਦਾਵਰੀ ਅਰਾਜੀ ਤਦਾਦੀ 8 ਕਨਾਲ, ਮੁਸਤਤੀਲ ਵਾ ਕਿੱਲਾ ਨੰਬਰ 59//9/1(1-12) 9/2(5-11) 12 ਮਿੰਨ(7-17) ਖੇਵਟ ਵਾ ਖਤੌਨੀ ਨੰਬਰ 511/811 ਅਤੇ 525/835 ਵਕਿਆ ਰਕਬਾ ਪਿੰਡ ਸੰਘਾ, ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ।

ਮਸੂਲਇਲਮ ਨੰਬਰ, 2. ਨੇਹਾ ਪਤਨੀ ਕੁਲਦੀਪ ਸਿੰਘ ਪੁੱਤਰ ਜਗਦੀਸ਼ ਸਿੰਘ, 3. ਨੀਤੂ ਪਤਨੀ ਸੁਨੀਲ ਕੁਮਾਰ ਪੁੱਤਰ ਰਣਬੀਰ ਸਿੰਘ ਵਾਸੀਆਨ ਪਿੰਡ ਸਤੌਰ ਭੱਠੂ, ਤਹਿਸੀਲ ਵਾ ਜ਼ਿਲ੍ਹਾ ਫਤਿਆਬਾਦ (ਹਰਿਆਣਾ)

ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਉਕਤ ਕੇਸ ਤਕਸੀਮ ਵਿੱਚ ਉਕਤ ਮਸੂਲਇਲਮ ਦੀ ਤਲਬੀ ਸਾਧਾਰਨ ਢੰਗ ਨਹੀਂ ਹੋ ਰਹੀ। ਇਸ ਲਈ ਮਸੂਲਇਲਮ ਦੀ ਤਲਬੀ/ਇਤਲਾਹ ਲਈ ਇਸ਼ਤਿਹਾਰ ਜਾਰੀ ਕੀਤਾ ਜਾਂਦਾ ਹੈ ਕਿ ਜੇਕਰ ਉਕਤ ਮਸੂਲਇਲਮ ਆਪਣਾ ਕੋਈ ਉਜ਼ਰ ਪੇਸ਼ ਕਰਨਾ ਚਾਹੁੰਦਾ ਹੈ ਤਾਂ ਉਹ ਆਪ ਖੁਦ ਜਾਂ ਇਨ੍ਹਾਂ ਦੇ ਵਾਰਸ ਜਾਂ ਆਪਣੇ ਕਿਸੇ ਵਕੀਲ ਰਾਹੀਂ ਨਿਰਧਾਰਿਤ ਮਿਤੀ 24/10/2025 ਨੂੰ ਸਵੇਰ 10:00 ਵਜੇ ਅਦਾਲਤ ਵਿੱਚ ਪੇਸ਼ ਹੋ ਕੇ ਕੇਸ ਦੀ ਪੈਰਵੀ ਕਰ ਸਕਦਾ ਹੈ। ਨਿਰਧਾਰਿਤ ਮਿਤੀ ਨੂੰ ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਮਸੂਲਇਲਮ ਖਿਲਾਫ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਕੇਸ ਵਿੱਚ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਬਾਅਦ ਗੁਜ਼ਰਨੇ ਮਿਆਦ ਉਨ੍ਹਾਂ ਦਾ ਕੋਈ ਵੀ ਉਜ਼ਰ ਕਾਬਲੇ ਸਮਾਇਤ ਨਹੀਂ ਹੋਵੇਗਾ।

ਅੱਜ ਮਿਤੀ : 19/09/2025 ਨੂੰ ਮੇਰੇ ਦਸਤਖਤਾਂ ਅਤੇ ਅਦਾਲਤ ਦੀ ਮੋਹਰ ਨਾਲ ਜਾਰੀ ਕੀਤਾ ਗਿਆ।

ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ, ਨਾਇਬ ਤਹਿਸੀਲਦਾਰ, ਸਰਦੂਲਗੜ੍ਹ
ਪੱਤਰ ਨੰਬਰ: 487/ ਰੀਡਰ-2 ਮਿਤੀ : 19.09.2025

## ਨਿਲਾਮੀ ਨੋਟਿਸ

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਿੰਡ ਪੰਜਢੇਰਾ, ਰਈਆ, ਡਾਕਖਾਨਾ ਮਨਸੂਰਪੁਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਲੱਗੀਆ 06 ਦਰੇਕਾਂ, 01 ਸੁੱਖਚੈਨ, 01 ਸੱਤਪੱਤੀ ਕੁੱਲ 08 ਦਰੱਖਤਾਂ ਦੀ ਖੁੱਲ੍ਹੀ ਬੋਲੀ ਰਾਹੀਂ ਨਿਲਾਮੀ 01-10-2025 ਦਿਨ ਬੁੱਧਵਾਰ ਸਵੇਰੇ 11 ਵਜੇ ਪੰਚਾਇਤ ਘਰ ਵਿਖੇ ਕੀਤੀ ਜਾਵੇਗੀ। ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ।

ਵੱਲੋਂ : ਗ੍ਰਾਮ ਪੰਚਾਇਤ ਪੰਜਢੇਰਾ, ਰਈਆ
ਮੋਬਾਇਲ ਨੰ. 79764-39143

## ਨਿਲਾਮੀ ਸੂਚਨਾ

ਦੀ ਮਾਛੀਕੇ M/P C.A.S.S. Ltd. ਮਾਛੀਕੇ ਦੇ ਖੇਤੀਬਾੜੀ ਸੰਦਾਂ ਦੀ ਨਿਲਾਮੀ ਖੁੱਲ੍ਹੀ ਬੋਲੀ ਰਾਹੀਂ ਮਿਤੀ 09/10/25 ਦਿਨ ਵੀਰਵਾਰ ਨੂੰ ਸਭਾ ਦੇ ਦਫਤਰ ਵਿੱਚ 11:00 a.m. ਵਜੇ ਹੋਵੇਗੀ, ਜਿਸ ਵਿੱਚ ਟਰੈਕਟਰ ਨੇਵੋ 605 ਫੋਰਵੀਲ ਮਾਡਲ 2018 ਇੱਕ ਨਗ, ਅਲਮਾਰੀ ਕੰਡਮ ਹਾਲਤ ਇੱਕ ਨਗ, ਛੱਤ ਵਾਲਾ ਪੱਖਾ, ਕੰਡਮ ਹਾਲਤ ਦੀ ਨਿਲਾਮੀ ਕੀਤੀ ਜਾਵੇਗੀ। ਸ਼ਰਤਾਂ ਮੌਕੇ 'ਤੇ ਬਣਾਈ ਗਈ ਸਬ-ਕਮੇਟੀ ਵੱਲੋਂ ਦੱਸੀਆਂ ਜਾਣਗੀਆਂ।

ਪ੍ਰਧਾਨ 98150-97249 ਸਕੱਤਰ 70099-41732

## COURT NOTICE

(U/o 5 Rule 20 CPC)
In The Court of Ms. Arpna
Civil Judge (Junior Division)-15,Jalandhar
CNR No. PBJL02-001091-2025
Next Date:- 27-10-2025
RAM PAL CHAUDHARY
Vs.
JASBIR SINGH

Execution Application to execute the order dated 5.7.2016 passed IN CS 1507-2016

Publication Issued To:
Jasbir Singh
:- Authorized Representative Cum Authorized Signatory of The New Model Industries Pvt. Jalandhar City Limited G.T. Road Jalandhar City.

In above titled case, the defendant(s)/JD is hereby notified that attached property of the JD is to be put for sale and notice under 021R66 CPCof sale is being issued. It is ordered that defendant(s)/JD(s) should appear in person or through counsel on 27-10-2025 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division)-15 Jalandhar
Dated, this day of 22-09-2025

## COURT NOTICE

(U/o 5 Rule 20 CPC)
In The Court of
Ms. Poonam Bansal
Additional District and Sessions Judge,Gurdaspur
CNR No. PBGD01-006271-2024
Next Date:- 15-10-2025
Kulwinder Kaur
Vs.
Sukhwinder Singh

Publication Issued To:
1. Sukhwinder Singh son of Swaran Singh 2. Kulwant Singh son of Gurdit Singh R/o Village Mathola, Batala, Gurdaspur

In above titled case, the defendant(s)/respondent(s) could not be served. It is ordered that defendant(s) /respondent(s) should appear in person or through counsel on 15-10-2025 at 10:00 a.m.

For details logon to https://highcourtchd.gov.in/?mod=district_notice&district=Gurdaspur

Additional District and Sessions Judge Gurdaspur (Duty)
Dated, this day of 22-09-2025

## COURT NOTICE

(U/o 5 Rule 20 CPC)
(SUCCESSION CASE)
In the Court of
Sh. Suresh Kumar Goyal
Civil Judge (Senior Division), Hoshiarpur
CNR No. PBHO02-001462-2025
Next Date :- 13-10-2025

ASHOK KUMAR Son of Hari Parkash, Resident of House No. 70-A, Budh Ram Colony, Hoshiarpur, Tehsil and District Hoshiarpur. .......Applicant
Vs.
GENERAL PUBLIC ....... Respondent

Grant of Succession Certificate
Notice To:
General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 13-10-2025 at 10 a.m.

For details logon to https://highcourtchd.gov.in/?trs=district_notice&district=Hoshiarpur

Civil Judge (Senior Division) Hoshiarpur
Dated, this day of 22-09-2025

## COURT NOTICE

(U/o 5 Rule 20 CPC)
In the Court of
Amit Malhan
Principal Judge Family Court, Amritsar
CNR No. PBAS01-002586-2025
Next Date :- 27-10-2025
Neha
Vs.
Paras Handa

Publication Issued to :
Paras Handa
:- S/o Pawan Handa alias Billa R/o H. No. 229 Ghee Wali Gali, Bhandari Mohalla Batala Gurdaspur.

In above titled case, the accused could not be served. It is ordered that accused should appear in person or through counsel on 27.10.2025 at 10:00 a.m.

For details logon to https://highcourtchd.gov.in/?trs=district notice&district=Amritsar

Principal Judge Family Court, Amritsar
Dated this day of 22-09-2025

## COURT NOTICE

(U/o 5 Rule 20 CPC)
In the Court of
Ms. Girish
Principal Judge Family Court Malout
CNR No. PBSMF3-000200-2025
Next Date :- 18-10-2025
Surinder Singh
Vs.
General Public

Publication Issued to :
General Public
: Malout

In above titled case, the defendant (s)/respondent (s) could not be served. It is ordered that defendant (s) respondent (s) should appear in person or through counsel on 18.10.2025 at 10:00 A.M.

For details logon to https://highcourtchd.gov.in/?mod=district notice&district=mogacourt

Principal Judge Family Court Malout
Dated this day of 23-09-2024

## COURT NOTICE

(U/o 5 Rule 20 CPC)
In the Court of
Ms. Aman Sharma
Matrimonial Cases Special Courts, Ajnala
CNR No. PBASF2-000083-2023
Next Date :- 14-11-2025
Parampal Singh
Vs.
Sandeep Kaur

Publication Issued to :
Sandeep Kaur
Spouse : Parampal Singh
D/o Jagtar Singh at present Village Nabipur, Tehsil Patti, Distt. Tarn Taran.

In above titled case, the defendant (s)/respondent (s) could not be served. It is ordered that defendant (s) respondent (s) should appear in person or through counsel on 14.11.2025 at 10:00 A.M.

For details logon to https://highcourtchd.gov.in/?trs=district notice&district=moga-court

Matrimonial Cases Special Courts, Ajnala
Dated this day of 17-09-2025

### ਬਾ-ਆਦਲਤ ਸ੍ਰੀ ਅਮਰੀਕ ਸਿੰਘ ਸਿੱਧੂ, ਪੀ.ਸੀ.ਐਸ, ਉਪ ਮੰਡਲ ਮੈਜਿਸਟਰੇਟ-ਕਮ-ਕੁਲੈਕਟਰ, ਸ੍ਰੀ ਚਮਕੌਰ ਸਾਹਿਬ।

ਕੇਸ ਨੰਬਰ 01/ਫੁੱਕਉਲ ਰਹਿਣ
ਪਿੰਡ ਬੇਲਾ
ਆਗਲੀ ਤਾਰੀਖ ਪੇਸ਼ੀ 14.10.2025
ਨੋਟਿਸ ਇਸ਼ਤਿਹਾਰ

ਸ੍ਰੀ ਸਤੀਸ਼ ਕੁਮਾਰ ਪੁੱਤਰ ਦੀਵਾਨ ਚੰਦ ਪੁੱਤਰ ਲਹੌਰੀ ਮੱਲ, ਵਾਸੀ ਪਿੰਡ ਮਾਣੇ ਮਾਜਰਾ, ਤਹਿਲੀਲ ਸ੍ਰੀ ਚਮਕੌਰ ਸਾਹਿਬ।
ਦਰਖਾਸਤਕਰਤਾ ................

ਨੋਟਿਸ ਬਨਾਮ

1. ਸੰਤਦੇਵ ਪੁੱਤਰ ਮਥਰਾ ਦਾਸ ਪੁੱਤਰ ਮੁਨਸ਼ੀ ਰਾਮ,
2. ਧਰਮ ਦੇਵ ਪੁੱਤਰ ਮਥਰਾ ਦਾਸ ਪੁੱਤਰ ਮੁਨਸ਼ੀ ਰਾਮ,
3. ਬ੍ਰਹਮ ਦੇਵ ਪੁੱਤਰ ਮਥਰਾ ਦਾਸ ਪੁੱਤਰ ਮੁਨਸ਼ੀ ਰਾਮ, ਵਾਸੀਅਨ ਪਿੰਡ ਬੇਲਾ ਤਹਿਸੀਲ ਸ੍ਰੀ ਚਮਕੌਰ ਸਾਹਿਬ ਜਿਲ੍ਹਾ ਰੂਪਨਗਰ।

ਉਤਰਵਾਦੀ....................

4. ਰਜਿੰਦਰ ਪਾਲ ਪੁੱਤਰ ਦੀਵਾਨ ਚੰਦ ਪੁੱਤਰ ਲਹੌਰੀ ਮੇਲ,
5. ਗੌਤਮ ਸੈਨੀ ਪੁੱਤਰ ਰਘਵੀਰ ਸਿੰਘ ਪੁੱਤਰ ਸੰਤੂ ਨਾਥ,
6. ਰਾਹਿਨਾਨ ਲਹੌਰੀਆਂ ਪੁੱਤਰ ਪਰਭੂ ਪੁੱਤਰ ਬੂਟਾ,
7. ਰਾਮ ਚੰਦ ਪੁੱਤਰ ਪ੍ਰਭ ਪੁੱਤਰ ਬੂਟਾ
8. ਨਾਨਕ ਪੁੱਤਰ ਗੋਪੀ, ਵਾਸੀਅਨ ਪਿੰਡ ਬੇਲਾ, ਤਹਿਸੀਲ ਸ੍ਰੀ ਚਮਕੌਰ ਸਾਹਿਬ, ਜਿਲ੍ਹਾ ਰੂਪਨਗਰ।

ਪ੍ਰੋਫਾਰਮਾ ਉਤਰਵਾਦੀ .....................

ਨੋਟਿਸ ਬਨਾਮ: ਉਕਤ ਉਤਰਵਾਦੀ

ਇਸ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਉਕਤ ਕੇਸ ਵਿੱਚ ਉਤਰਵਾਦੀਆਂ ਨੂੰ ਸਾਧਾਰਨ ਤਰੀਕੇ ਨਾਲ ਸੰਮਨ ਤੇ ਤਾਮੀਲ ਨਹੀ ਹੋ ਸਕਦੀ। ਇਸ ਲਈ ਜਾਬਤਾ ਲੈਂਡ ਰੈਵੀਨਿਊ, 1887 ਦੀ ਧਾਰਾ 20 ਅਧੀਨ ਇਹ ਇਸ਼ਤਿਹਾਰ ਉਕਤ ਉਤਰਵਾਦੀ ਵਿਰੁੱਧ ਜਾਰੀ ਕੀਤਾ ਜਾਂਦਾ ਹੈ, ਕਿ ਉਹ ਤਾਰੀਖ ਪੇਸ਼ੀ 14.10.2025 ਨੂੰ ਦੁਪਿਹਰ 2:00 ਵਜੇ ਖੁਦ ਜਾ ਵਕੀਲ ਰਾਹੀ ਇਸ ਅਦਾਲਤ ਵਿੱਚ ਪੇਸ਼ ਹੋਵੇ, ਵਰਨਾ ਇੱਕ ਤਰਫਾ ਕਾਰਵਾਈ ਅਮਲ ਵਿੱਚ ਲਿਆਈ ਜਾਵੇਗੀ। ਅੱਜ ਮਿਤੀ 18.09.2025 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਨੰ. 983 / ਪੇਸ਼ੀ ਮਿਤੀ 18-09-2025

ਉਪ ਮੰਡਲ ਮੈਜਿਸਟਰੇਟ ਕਮ ਕੁਲੈਕਟਰ ਮੈਜਿਸਟਰੇਟ ਸ੍ਰੀ ਚਮਕੌਰ ਸਾਹਿਬ।

## ਦੀ ਧਰਮਕੋਟ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ: ਧਰਮਕੋਟ

### ਆਮ ਇਜਲਾਸ ਸੂਚਨਾ ਨੋਟਿਸ

ਦੀ ਧਰਮਕੋਟ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮਟਿਡ ਧਰਮਕੋਟ ਦੇ ਸਮੂਹ ਏ ਕਲਾਸ ਮੈਂਬਰਾਂ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਬੈਂਕ ਦਾ ਆਮ ਇਜਲਾਸ ਮਿਤੀ 10-10-2025 ਦਿਨ ਸ਼ੁੱਕਰਵਾਰ ਨੂੰ ਸਵੇਰੇ 11:00 ਵਜੇ ਨਵੀਂ ਦਾਣਾ ਮੰਡੀ ਧਰਮਕੋਟ ਵਿਖੇ ਹੋ ਰਿਹਾ ਹੈ। ਇਸ ਲਈ ਸਮੂਹ ਏ ਕਲਾਸ ਮੈਂਬਰਾਂ ਨੂੰ ਸਮੇਂ ਸਿਰ ਆਮ ਇਜਲਾਸ ਵਿਚ ਹਾਜ਼ਰ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

ਅਜੰਡੇ ਹੇਠ ਲਿਖੇ ਅਨੁਸਾਰ ਵਿਚਾਰੇ ਜਾਣਗੇ :-
1. ਪਿਛਲੇ ਆਮ ਇਜਲਾਸ ਦੀ ਕਾਰਵਾਈ ਦੀ ਪੁਸ਼ਟੀ 'ਤੇ ਵਿਚਾਰ।
2. ਮਾਨਯੋਗ ਰਜਿਸਟਰਾਰ ਸਾਹਿਬ, ਸਹਿਕਾਰੀ ਸਭਾਵਾਂ, ਪੰਜਾਬ ਚੰਡੀਗੜ੍ਹ ਜੀ ਅਤੇ ਐੱਸ. ਏ. ਡੀ. ਬੀ. ਚੰਡੀਗੜ੍ਹ ਵੱਲੋਂ ਬੈਂਕ ਦੇ ਬਾਈਲਾਜ ਆਦਿ ਵਿਚ ਸਮੇਂ-ਸਮੇਂ ਸਿਰ ਕੀਤੀਆਂ ਸੋਧਾਂ, ਤਰਮੀਮਾਂ ਅਤੇ ਜਾਰੀ ਨਿਰਦੇਸ਼ਾਂ ਨੂੰ ਅਪਨਾਉਣ 'ਤੇ ਵਿਚਾਰ
3. ਬੈਂਕ ਦੇ ਵਿੱਤੀ ਸਾਲ 2024-25 ਤੱਕ ਦੀ ਬੈਲੇਂਸ ਸ਼ੀਟ, ਚਿੱਠਾ ਲਾਭ ਹਾਨੀ, ਆਡਿਟ ਰਿਪੋਰਟ ਅਤੇ ਇੰਸਪੈਕਸ਼ਨ ਨੋਟ ਨੂੰ ਪ੍ਰਵਾਨ ਕਰਨ 'ਤੇ ਵਿਚਾਰ
4. ਪਿਛਲੇ ਆਮ ਇਜਲਾਸ ਤੋਂ ਲੈ ਕੇ ਤਾ-ਤਾਰੀਖ ਤੱਕ ਪ੍ਰਬੰਧਕ ਕਮੇਟੀ ਅਤੇ ਪ੍ਰਸ਼ਾਸਕ ਵੱਲੋਂ ਪਾਸ ਕੀਤੇ ਗਏ ਮਤਿਆਂ ਦੀ ਪ੍ਰਵਾਨਗੀ ਅਤੇ ਪੁਸ਼ਟੀ ਕਰਨ 'ਤੇ ਵਿਚਾਰ।
5. ਸਾਲ 2024-25 ਦੌਰਾਨ ਹੋਏ ਬੈਂਕ ਦੇ ਹਿੱਤ ਵਿੱਚ ਕੀਤੇ ਗਏ ਸਾਰੇ ਖਰਚਿਆਂ ਨੂੰ ਪਾਸ ਕਰਨ 'ਤੇ ਵਿਚਾਰ
6. ਆਮ ਇਜਲਾਸ 'ਤੇ ਹੋਏ ਖਰਚੇ ਦੀ ਪ੍ਰਵਾਨਗੀ ਦੇਣ 'ਤੇ ਵਿਚਾਰ।

ਜ਼ਰੂਰੀ ਨੋਟ : ਉਕਤ ਮੀਟਿੰਗ ਦਾ ਕੋਰਮ ਪੂਰਾ ਨਾ ਹੋਣ ਦੀ ਸੂਰਤ ਵਿਚ ਉਸੇ ਦਿਨ ਦੁਬਾਰਾ ਦੁਪਹਿਰ 3:00 ਵਜੇ ਉਸੇ ਸਥਾਨ 'ਤੇ ਫਿਰ ਮੀਟਿੰਗ ਹੋਵੇਗੀ।

ਪਿੱਠ ਅੰਕਣ ਨੰ : 780 ਮਿਤੀ 19/09/2025 — ਸਹੀ/- ਮੈਨੇਜਰ, ਪੀ.ਏ.ਡੀ.ਬੀ ਧਰਮਕੋਟ।

## LPU DISTANCE EDUCATION — Bridging the Distance in Education
Recognized/Entitled by UGC
NAAC GRADE A++

University Grants Commission (UGC - DEB) ਦੁਆਰਾ ਮਾਨਤਾ ਪ੍ਰਾਪਤ

### ਨਿੱਜੀ ਸੰਪਰਕ ਪ੍ਰੋਗਰਾਮ ਲਈ ਰਜਿਸਟਰੇਸ਼ਨ ਸ਼ੁਰੂ

LPU ਡਿਸਟੈਂਸ ਐਜੂਕੇਸ਼ਨ ਦੇ ਜੁਲਾਈ-ਅਗਸਤ 2025 ਸੈਸ਼ਨ ਦੇ ਸਾਰੇ ਨਵੇਂ ਅਤੇ ਮੌਜੂਦਾ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦਿੱਤੇ ਗਏ ਸੈਸ਼ਨ ਦੀਆਂ ਨਿੱਜੀ ਸੰਪਰਕ ਪ੍ਰੋਗਰਾਮ-Personal Contact Programme (PCP) ਕਲਾਸਾਂ ਲਈ ਰਜਿਸਟਰੇਸ਼ਨ ਸ਼ੁਰੂ ਹੋ ਗਈ ਹੈ। PCP ਲਈ LPU e-Connect ਰਾਹੀਂ ਰਜਿਸਟਰ ਕੀਤਾ ਜਾ ਸਕਦਾ ਹੈ:

LPU e-Connect --> PCP --> PCP Registration

For more details, visit the announcement section of LPU e-Connect.

Visit: www.lpude.in Call: 01824-521360

## Capital Small Finance Bank

### CAPITAL SMALL FINANCE BANK LIMITED

CIN: L65110PB1999PLC022634 Regd. Office: MIDAS Corporate Park, 3rd Floor, 37, G.T Road,Jalandhar -144001, Punjab INDIA Ph.: +91 - 181 - 5051111, 5052222; FAX: +91 - 181 - 5053333 E-mail: cs@capitalbank.co.in website : www.capitalbank.co.in

### ਪੋਸਟਲ ਬੈਲੇਟ ਦਾ ਨੋਟਿਸ ਅਤੇ ਰਿਮੋਟ ਈ-ਵੋਟਿੰਗ ਦੀ ਜਾਣਕਾਰੀ

ਮੈਂਬਰਾਂ ਨੂੰ ਇਸ ਦੁਆਰਾ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਕੰਪਨੀਜ਼ ਐਕਟ, 2013 ('ਐਕਟ') ਦੇ ਸੈਕਸ਼ਨ 108, 110 ਅਤੇ ਹੋਰ ਲਾਗੂ ਵਿਵਸਥਾਵਾਂ ਜੇਕਰ ਕੋਈ ਹਨ ਅਤੇ ਨਾਲ ਪੜ੍ਹੇ ਜਾਂਦੇ ਕੰਪਨੀਜ਼ (ਮੈਨੇਜਮੈਂਟ ਐਂਡ ਐਡਮਨਿਸਟ੍ਰੇਸ਼ਨ) ਰੂਲਜ਼, 2014 ਦੇ ਰੂਲ 20 ਅਤੇ 22, ਸਕਿਉਰਟੀਜ਼ ਐਂਡ ਐਕਸਚੇਂਜ ਬੋਰਡ ਆਫ਼ ਇੰਡੀਆ (ਲਿਸਟਿੰਗ ਔਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਜ਼) ਰੈਗੂਲੇਸ਼ਨ, 2015 ("ਲਿਸਟਿੰਗ ਰੈਗੂਲੇਸ਼ਨਜ਼") ਦੇ ਰੈਗੂਲੇਸ਼ਨ 44, ਇੰਸਟੀਚਿਊਟ ਆਫ਼ ਕੰਪਨੀ ਸੈਕਰੇਟਰੀਜ਼ ਆਫ਼ ਇੰਡੀਆ ਵੱਲੋਂ ਜਾਰੀ ਜਨਰਲ ਮੀਟਿੰਗਜ਼ ਤੇ ਸੈਕਰੇਟੇਰੀਅਲ ਸਟੈਂਡਰਡ ('ਐਸ.ਐਸ.-2'), ਜਨਰਲ ਸਰਕੁਲਰਜ਼ ਨੰ: 9/2024 ਮਿਤੀ 19 ਸਤੰਬਰ 2024, ਨਾਲ ਪੜ੍ਹੇ ਜਾਂਦੇ ਵਿਸ਼ੇ 'ਤੇ ਪਹਿਲਾਂ ਜਾਰੀ ਸਰਕੁਲਰਾਂ, ਕਾਰਪੋਰੇਟ ਮਾਮਲੇ ਮੰਤਰਾਲਾ ਵੱਲੋਂ ਜਾਰੀ ("ਐੱਮ ਸੀ ਏ ਸਰਕੁਲਰਜ਼"), ਸੇਬੀ ਸਰਕੁਲਰ ਨੰਬਰ ਸੇਬੀ/ਐਚ.ਓ./ਸੀ.ਐਫ.ਡੀ./ਸੀ.ਐਫ.ਡੀ-ਪੀ.ਓ.ਡੀ.-2/ਪੀ/ਸੀ.ਆਈ.ਆਰ/2024/133 ਮਿਤੀ 03 ਅਕਤੂਬਰ, 2024 ਨਾਲ ਪੜ੍ਹੇ ਜਾਂਦੇ ਵਿਸ਼ੇ 'ਤੇ ਪਹਿਲਾਂ ਜਾਰੀ ਸਰਕੁਲਰਾਂ, ਸੇਬੀ ਵੱਲੋਂ ਜਾਰੀ ("ਸੇਬੀ ਸਰਕੁਲਰਜ਼") ਅਤੇ ਹੋਰ ਲਾਗੂ ਰੂਲਜ਼/ਰੈਗੂਲੇਸ਼ਨਜ਼/ਗਾਈਡ ਲਾਈਨਜ਼/ਸਰਕੁਲਰ/ਨੋਟੀਫਿਕੇਸ਼ਨ, ਸਮੇਤ ਕਿਸੇ ਵਿਧਾਨਿਕ ਸੋਧ ਜਾਂ ਉਸ ਸਮੇਂ ਦੌਰਾਨ ਉਸ ਨੂੰ ਮੁੜ ਲਾਗੂ ਕਰਨ ਦੀ ਪਾਲਣਾ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ("ਬੈਂਕ") ਪੋਸਟਲ ਬੈਲੇਟ ਨੋਟਿਸ ਮਿਤੀ 14 ਅਗਸਤ, 2025 'ਚ ਦਰਸਾਏ ਗਏ ਵਿਸ਼ੇਸ਼ ਕਾਰੋਬਾਰ 'ਤੇ ਬੈਂਕ ਦੇ ਮੈਂਬਰਾਂ ਦੀ ਮਨਜ਼ੂਰੀ ਈ-ਵੋਟਿੰਗ ਰਾਹੀਂ ਚਾਹੁੰਦਾ ਹੈ।

ਐਮ ਸੀ ਏ ਸਰਕੁਲਰਜ਼ ਅਤੇ ਸੇਬੀ ਸਰਕੁਲਰਜ਼ ਦੀ ਪਾਲਣਾ 'ਚ, ਪੋਸਟਲ ਬੈਲੇਟ ਨੋਟਿਸ ਸਮੇਤ ਵਿਖਿਆਤਮ ਬਿਆਨ ਅਤੇ ਈ-ਵੋਟਿੰਗ ਲਈ ਹਦਾਇਤਾਂ ਮੰਗਲਵਾਰ, 23 ਸਤੰਬਰ 2025 ਨੂੰ ਈ-ਮੇਲ ਰਾਹੀਂ ਸਾਰੇ ਮੈਂਬਰਾਂ, ਜਿਨ੍ਹਾਂ ਦੇ ਈ-ਮੇਲ ਆਈਡੀਜ਼, ਬੈਂਕ/ਡਿਪਾਜ਼ਟਰੀ ਪਾਰਟੀਸੀਪੈਂਟਸ/ਰਜਿਸਟਰਾਰ ਅਤੇ ਟਰਾਂਸਫਰ ਏਜੰਟ ਐਮ.ਯੂ.ਐਫ.ਜੀ. ਇਨਟਾਈਮ ਇੰਡੀਆ ਪ੍ਰਾਈਵੇਟ ਲਿਮਟਿਡ (ਪਹਿਲਾਂ ਲਿੰਕ ਇਨਟਾਈਮ ਇੰਡੀਆ ਪ੍ਰਾਈਵੇਟ ਲਿਮਟਿਡ) ਨਾਲ ਰਜਿਸਟਰਡ ਹਨ, ਨੂੰ ਭੇਜ ਦਿੱਤੇ ਗਏ ਹਨ।

ਪੋਸਟਲ ਬੈਲੇਟ ਨੋਟਿਸ ਬੈਂਕ ਦੀ ਵੈੱਬਸਾਈਟ (www.capitalbank.co.in) ਅਤੇ ਐਮ.ਯੂ.ਐਫ.ਜੀ. ਇਨਟਾਈਮ ਇੰਡੀਆ ਪ੍ਰਾਈਵੇਟ ਲਿਮਟਿਡ ਦੀ ਵੈੱਬਸਾਈਟ (https://instavote.linkintime.co.in)'ਤੇ ਉਪਲੱਬਧ ਹੈ। ਇਹ ਵੇਰਵੇ ਸਟਾਕ ਐਕਸਚੇਂਜ, ਜਿਥੇ ਬੈਂਕ ਦੇ ਇਕਿਊਟੀ ਸ਼ੇਅਰ ਸੂਚੀਬੱਧ ਹਨ, ਜੋ ਕਿ ਬੀ ਐੱਸ ਈ ਲਿਮਟਿਡ ("ਬੀ ਐੱਸ ਈ")(www.bseindia.com) ਅਤੇ ਨੈਸ਼ਨਲ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਟਿਡ ("ਐੱਨ ਐੱਸ ਈ") (www.nseindia.com)'ਤੇ ਵੀ ਉਪਲਬਧ ਹੈ।

ਐਕਟ ਦੇ ਸੈਕਸ਼ਨ 108 ਅਤੇ 110 ਨਾਲ ਪੜ੍ਹੇ ਜਾਂਦੇ ਕੰਪਨੀਜ਼ (ਮੈਨੇਜਮੈਂਟ ਐਂਡ ਐਡਮਨਿਸਟ੍ਰੇਸ਼ਨ) ਰੂਲਜ਼, 2014 ਦੇ ਰੂਲ 20 ਅਤੇ 22 ਅਤੇ ਲਿਸਟਿੰਗ ਰੈਗੂਲੇਸ਼ਨਜ਼ ਦੇ ਰੈਗੂਲੇਸ਼ਨ 44 ਦੀਆਂ ਵਿਵਸਥਾਵਾਂ ਦੀ ਪਾਲਣਾ 'ਚ ਬੈਂਕ ਸ਼ੁੱਕਰਵਾਰ, 19 ਸਤੰਬਰ 2025 ਤੱਕ ਦੇ ਸ਼ੇਅਰਧਾਰਕ ਮੈਂਬਰਾਂ ਨੂੰ ਆਪਣੇ ਵੋਟ ਦਾ ਇਸਤੇਮਾਲ ਈ-ਵੋਟਿੰਗ ਰਾਹੀਂ ਕਰਨ ਵਾਸਤੇ ਰਿਮੋਟ ਈ-ਵੋਟਿੰਗ ਸਹੂਲਤ ਦੇ ਰਿਹਾ ਹੈ, ਜਿਸ ਵਾਸਤੇ ਬੈਂਕ ਨੇ ਐਮ.ਯੂ.ਐਫ.ਜੀ. ਇਨਟਾਈਮ ਇੰਡੀਆ ਪ੍ਰਾਈਵੇਟ ਲਿਮਟਿਡ ਦੀਆਂ ਈ-ਵੋਟਿੰਗ ਏਜੰਸੀ ਵਜੋਂ ਸੇਵਾਵਾਂ ਹਾਸਲ ਕੀਤੀਆਂ ਹਨ।

ਈ-ਵੋਟਿੰਗ ਬੁੱਧਵਾਰ, 24 ਸਤੰਬਰ 2025 ਨੂੰ ਸਵੇਰੇ 9.00 ਵਜੇ (ਭਾਰਤੀ ਸਮੇਂ ਅਨੁਸਾਰ) ਸ਼ੁਰੂ ਹੋਵੇਗੀ ਅਤੇ ਵੀਰਵਾਰ, 23 ਅਕਤੂਬਰ 2025 ਨੂੰ ਸ਼ਾਮ ਦੇ 5.00 ਵਜੇ (ਭਾਰਤੀ ਸਮੇਂ ਅਨੁਸਾਰ) ਬੰਦ ਹੋਵੇਗੀ। ਮੈਂਬਰ ਇਸ ਸਮੇਂ ਦੌਰਾਨ ਇਲੈਕਟ੍ਰਾਨੀਕਲੀ ਆਪਣੇ ਵੋਟ ਦਾ ਇਸਤੇਮਾਲ ਕਰ ਸਕਣਗੇ। ਈ-ਵੋਟਿੰਗ ਮੋਡਿਊਲ 23 ਅਕਤੂਬਰ 2025 ਨੂੰ ਸ਼ਾਮ ਦੇ 5.00 ਵਜੇ ਅਯੋਗ ਕਰ ਦਿੱਤਾ ਜਾਵੇਗਾ ਅਤੇ ਇਸ ਤੋਂ ਬਾਅਦ ਈ-ਵੋਟਿੰਗ ਦੀ ਆਗਿਆ ਨਹੀਂ ਹੋਵੇਗੀ। ਉਹ ਮੈਂਬਰ ਜਿਨ੍ਹਾਂ ਦੇ ਨਾਂਅ ਮੈਂਬਰਾਂ ਦੇ ਰਜਿਸਟਰ/ਲਾਭਪਾਤਰੀ ਮਾਲਕਾਂ ਦੀ ਸੂਚੀ 'ਚ ਸ਼ੁੱਕਰਵਾਰ, 19 ਸਤੰਬਰ 2025, ਜੋ ਕਿ ਕੱਟ-ਆਫ ਡੇਟ ਹੈ, ਨੂੰ ਦਰਜ ਹੋਣਗੇ ਉਹ ਹੀ ਈ-ਵੋਟਿੰਗ ਲਈ ਯੋਗ ਸਮਝੇ ਜਾਣਗੇ। ਉਹ ਮੈਂਬਰ ਜਿਹੜਾ ਮਤਗਣਨਾ ਅਧਿਕਾਰ ਵਾਸਤੇ ਕੱਟ-ਆਫ ਡੇਟ 'ਤੇ ਮੈਂਬਰ ਨਹੀਂ ਹਨ ਉਹ ਇਸ ਨੋਟਿਸ ਨੂੰ ਸਿਰਫ਼ ਜਾਣਕਾਰੀ ਹਿੱਤ ਹੀ ਸਮਝਣ। ਉਪਰੋਕਤ ਦਰਸਾਏ ਸਰਕੁਲਰਾਂ ਅਨੁਸਾਰ, ਪੋਸਟਲ ਬੈਲੇਟ ਫਾਰਮ ਅਤੇ ਕਾਰੋਬਾਰੀ ਉੱਤਰ ਲਿਫ਼ਾਫ਼ੇ ਮੈਂਬਰਾਂ ਨੂੰ ਨਹੀਂ ਭੇਜੇ ਜਾ ਰਹੇ। ਮੈਂਬਰਾਂ ਦੀ ਸਹਿਮਤੀ ਜਾਂ ਅਸਹਿਮਤੀ ਦਾ ਸੰਚਾਰ ਕੇਵਲ ਈ-ਵੋਟਿੰਗ ਪ੍ਰਣਾਲੀ ਰਾਹੀਂ ਹੀ ਹੋਵੇਗਾ। ਈ-ਵੋਟਿੰਗ ਲਈ ਹਦਾਇਤਾਂ ਪੋਸਟਲ ਬੈਲੇਟ ਨੋਟਿਸ 'ਚ ਦਰਸਾਈਆਂ ਗਈਆਂ ਹਨ।

ਮੈਂਬਰਾਂ ਨੂੰ ਆਪਣੇ ਈ-ਮੇਲ ਪਤੇ ਡਿਪਾਜ਼ਟਰੀ ਪਾਰਟੀਸੀਪੈਂਟ ਵੱਲੋਂ ਦਰਸਾਈ ਪ੍ਰਕ੍ਰਿਆ ਅਨੁਸਾਰ ਆਪਣੇ ਸੰਬੰਧਤ ਡਿਪਾਜ਼ਟਰੀ ਪਾਰਟੀਸੀਪੈਂਟ ਕੋਲ ਡੀਮੈਟ ਹੋਲਡਿੰਗਜ਼ ਦੇ ਸੰਬੰਧ 'ਚ ਰਜਿਸਟਰ ਕਰਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ।

ਫਿਜ਼ੀਕਲ ਮੋਡ 'ਚ ਸ਼ੇਅਰ ਰੱਖਣ ਵਾਲੇ ਮੈਂਬਰ ਅਤੇ ਜਿਨ੍ਹਾਂ ਨੇ ਆਪਣਾ ਈ-ਮੇਲ ਪਤੇ ਬੈਂਕ ਕੋਲ ਰਜਿਸਟਰਡ/ਅਪਡੇਟ ਨਹੀਂ ਕਰਵਾਏ, ਉਹ ਆਪਣੇ ਈ-ਮੇਲ ਪਤੇ ਆਰ ਟੀ ਏ ਨੂੰ rnt.helpdesk@in.mpms.mufg.com 'ਤੇ ਫਾਰਮ ਆਈ ਐਸ ਆਰ-1 ਰਾਹੀਂ ਰਜਿਸਟਰਡ ਕਰਵਾ ਸਕਦੇ ਹਨ। ਇਹ ਫਾਰਮ ਆਰ ਟੀ ਏ ਦੀ ਵੈੱਬਸਾਈਟ (https://web.in.mpms.mufg.com/KYC-downloads.html) ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ।

ਡਾਇਰੈਕਟਰਾਂ ਦੇ ਬੋਰਡ ਨੇ ਪੋਸਟਲ ਬੈਲੇਟ ਪ੍ਰਕ੍ਰਿਆ ਨਿਰਪੱਖ ਅਤੇ ਪਾਰਦਰਸ਼ੀ ਬਣਾਉਣ ਹਿੱਤ ਸ੍ਰੀ ਬੰਨੀ ਸਹਿਗਲ, ਪ੍ਰੋਪਰਾਈਟਰ ਬੀ ਸਹਿਗਲ ਐਂਡ ਐਸੋਸੀਏਟਸ, ਪ੍ਰੈਕਟਾਈਜ਼ਿੰਗ ਕੰਪਨੀ ਸੈਕਰੇਟਰੀਜ਼, (ਮੈਂਬਰਸ਼ਿਪ ਨੰ: ਐੱਫ 11407 ਅਤੇ ਸੀ ਓ ਪੀ ਨੰ. 15161) ਨੂੰ ਸਕਰਿਊਟਨਾਈਜ਼ਰ ਨਿਯੁਕਤ ਕੀਤਾ ਹੈ।

ਪੋਸਟਲ ਬੈਲੇਟ ਦਾ ਨਤੀਜਾ ਸ਼ਨੀਵਾਰ, 25 ਅਕਤੂਬਰ, 2025 ਨੂੰ ਜਾਂ ਪਹਿਲਾਂ ਐਲਾਨ ਦਿੱਤਾ ਜਾਵੇਗਾ। ਐਲਾਨਿਆ ਗਿਆ ਨਤੀਜਾ ਸਮੇਤ ਸਕਰਿਊਟੇਨਾਈਜ਼ਰ ਦੀ ਰਿਪੋਰਟ ਬੈਂਕ ਦੀ ਵੈੱਸਸਾਈਟ (www.capitalbank.co.in) ਅਤੇ ਐਮ.ਯੂ.ਐਫ.ਜੀ. ਇਨਟਾਈਮ ਇੰਡੀਆ ਪ੍ਰਾਈਵੇਟ ਲਿਮਟਿਡ (https://instavote.linkintime.co.in) ਅਤੇ ਸਟਾਕ ਐਕਚੇਂਜਿਜ਼, ਜਿਥੇ ਬੈਂਕ ਦੇ ਸ਼ੇਅਰ ਸੂਚੀਬੱਧ ਹਨ, ਬੀ ਐੱਸ ਈ ਲਿਮਟਿਡ ("ਬੀ ਐੱਸ ਈ") (www.bseindia.com) ਅਤੇ ਨੈਸ਼ਨਲ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਟਿਡ ("ਐੱਨ ਐੱਸ ਈ") (www.nseindia.com) ਮੈਂਬਰਾਂ ਦੀ ਜਾਣਕਾਰੀ ਹਿਤ ਰੱਖੇ ਜਾਣਗੇ।

ਜਿਨ੍ਹਾਂ ਮੈਂਬਰਾਂ ਨੂੰ ਪੋਸਟਲ ਬੈਲੇਟ ਨੋਟਿਸ ਪ੍ਰਾਪਤ ਨਹੀਂ ਹੋਏ, ਉਹ ਬੈਂਕ ਨੂੰ ਇਸ ਦੇ ਰਜਿਸਟਰਡ ਦਫ਼ਤਰ, ਜਾਂ ਰਜਿਸਟਰਾਰ ਐਂਡ ਟਰਾਂਸਫਰ ਏਜੰਟ ਨੂੰ ਲਿਖ ਕੇ ਪ੍ਰਾਪਤ ਕਰ ਸਕਦੇ ਹਨ ਜਾਂ ਬੈਂਕ ਦੀ ਵੈੱਬਸਾਈਟ (www.capitalbank.co.in) ਜਾਂ ਐਮ.ਯੂ.ਐਫ.ਜੀ. ਇੰਨਟਾਈਮ ਇੰਡੀਆ ਪ੍ਰਾਈਵੇਟ ਲਿਮਟਿਡ (https://instavote.linkintime.co.in) ਤੋਂ ਡਾਊਨਲੋਡ ਕਰ ਸਕਦੇ ਹਨ।

ਈ-ਵੋਟਿੰਗ ਸੰਬੰਧੀ ਕਿਸੇ ਸਵਾਲ ਦੇ ਸੰਬੰਧ 'ਚ ਕ੍ਰਿਪਾ ਕਰਕੇ ਅਕਸਰ ਪੁੱਛੇ ਜਾਂਦੇ ਸਵਾਲ (ਐੱਫ ਏ ਕਿਊਜ਼) ਅਤੇ ਇੰਸਟਾਵੋਟ ਈ-ਵੋਟਿੰਗ ਯੂਜ਼ਰ ਮੈਨੂਅਲ ਜੋ (https://instavote.linkintime.co.in) 'ਤੇ "ਹੈਲਪ" ਸੈਕਸ਼ਨ ਅਧੀਨ ਉਪਲੱਬਧ ਹੈ, ਦਾ ਹਵਾਲਾ ਲਿਆ ਜਾਵੇ ਜਾਂ ਸ੍ਰੀ ਰਜੀਵ ਰੰਜਨ, ਐਮ.ਯੂ.ਐਫ.ਜੀ. ਇਨਟਾਈਮ ਇੰਡੀਆ ਪ੍ਰਾਈਵੇਟ ਲਿਮਟਿਡ, ਸੀ-101, ਅੰਬੈਸੀ 247, ਐੱਲ ਬੀ ਐੱਸ ਮਾਰਗ, ਵਿਕਰੋਲੀ (ਵੈਸਟ), ਮੁੰਬਈ-400083 ਨਾਲ ਸੰਪਰਕ ਕੀਤਾ ਜਾਵੇ ਜਾਂ enotices@in.mpms.mufg.com 'ਤੇ ਈਮੇਲ ਲਿਖੀ ਜਾਵੇ ਜਾਂ ਟੈਲੀਫੋਨ 022-49186000 'ਤੇ ਸੰਪਰਕ ਕੀਤਾ ਜਾਵੇ। ਇਸ ਸੰਬੰਧ 'ਚ ਸਾਰੇ ਸੰਚਾਰ/ਸਵਾਲ ਆਰ ਟੀ ਏ, ਐਮ.ਯੂ.ਐਫ.ਜੀ.ਇਨਟਾਈਮ ਇੰਡੀਆ ਪ੍ਰਾਈਵੇਟ ਲਿਮਟਿਡ, ਨੂੰ ਇਸ ਦੇ ਈਮੇਲ ਪਤੇ rnt.helpdesk@in.mpms.mufg.com 'ਤੇ ਸੰਬੋਧਿਤ ਕੀਤੇ ਜਾਣ।

ਵਾਸਤੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ
ਸਹੀ/-
ਅਮਿਤ ਸ਼ਰਮਾ
ਮੈਂਬਰਸ਼ਿਪ ਨੰ: ਐੱਫ ਸੀ ਐੱਸ 10888
ਕੰਪਨੀ ਸੈਕਟਰੇਟਰੀ ਅਤੇ ਕੰਪਲਾਇੰਸ ਆਫੀਸਰ

ਸਥਾਨ : ਜਲੰਧਰ
ਮਿਤੀ : 23 ਸਤੰਬਰ 2025

# ਕਲਾਸੀਫਾਈਡ ਇਸ਼ਤਿਹਾਰ

## Change of Name

I Jaswinder Singh S/o Mohinder Lal R/o Vill. Mehmoodpur Mandhar, PO. Mutton, Teh. Balachaur, Distt. SBS Nagar Punjab have changed my name to Singh Jaswinder. All please note.

I Bawa S/o Shiv Chand R/o Vill. Lohat, Teh. Balachaur Distt. SBS Nagar Punjab have changed my name to Bawa Singh. All please note.

I, Inderjeet Kaur W/o Jatinder Kumar R/o Village Kadiana PO Adampur Doaba Distt. Distt. Jalandhar 144102 Punjab have changed my name from Inderjeet Kaur to Inderjit Kaur. Concerned note.

I, Harnek Singh S/o Bhag Singh R/o, Vill. Mandhiani PO Mohar, Teh. Balachaur, Distt. SBS Nagar Punjab have changed my name to Singh Harnek. All please note.

I Gagandeep Kaur Sheemar W/o Pawan Kumar,R/o H.no. 1162,Kapurthala Road,Jalandhar have changed my name from Gagandeep Kaur Sheemar to Gagandeep Kaur. All concerned may note.

I Narinder Kumar S/o Tarlok Singh R/o Vill. Shafipur, Teh. & Distt. Jalandhar have changed my name from Narender Kumar to Narinder Kumar.

I Parvinder Kaur W/o Narinder Kumar, R/o Vill. Shafipur, Teh. & Distt. Jalandhar have changed my name from Pravinder Kaur to Parvinder kaur.

I, Balbir Kaur W/o Nirdosh Singh R/o 235 Fateh Chak Main Road Tarn Taran changed My name from Balbir Kaur to Sukhwant Kaur.

I, Balwant Singh Mann S/o Makhan Singh R/o VPO Bagga Tehsil Ajnala Amritsar have changed my name to Balwant Singh.

I, Manjeet Kaur W/o Sukha Singh R/o Vill. Khapar Kheri Distt. Amritsar have changed my name to Manjit Kaur.

I, Gurinder Kaur W/o Jagir Singh R/o Daak Ghar Udhanwal Teh Batala, Boparai Distt Gurdaspur have changed my name from Gurinder Kaur to Varinder Kaur.

I, Dalvir Kaur W/o Jaspal Singh R/o V. Musapur, Distt. Jalandhar, Punjab have changed my name from Dalvir Kaur to Dalbir Kaur. All please note.

I, Ashni Kumar S/O Ram Raksh Pal R/O Vpo. Aur , Teh. Nawanshahr, Distt. S.b.s Nagar - 144417, Punjab I Have Changed My Name From Ashni Kumar To Ashwani Kumar . All Concerned Please Note.

I,Jyoti W/O Amit Sharma R/O 16-A,Gali No.6,Tehsilpura, Amritsar, Punjab have changed my name from Jyoti to Jyoti Saini. Concerned note.

I, Amit S/O Tarsem Lal Sharma R/O 16-A,Gali No.5, Tehsilpura, Amritsar, Punjab have changed my name from Amit to Amit Sharma. Concerned note.

I, Sandeep Kaur D/o Jarnail Singh W/o Onkar Singh R/o V.P.O. Bahmanian Jalandhar, Punjab-144702 changed my name to Ramandeep Kaur.

I, Lucky Rai S/o Ishwar Rai R/o V.P.O. Chhokran, Tehsil Phillaur, Jalandhar, Punjab-144029 changed my name to Yogesh Rai.

I, Kanwaldeep Singh Sandhu S/O Darshan Singh, R/o Patti Gill, Sudhar, Ludhiana, Punjab- 141104, have changed my name and shall hereafter be Known as Kanwaldeep Singh.

I, Rajwinder Kaur Alias Rajrani Kaur W/O Palwinder Singh, R/o Qtr No 13, Police Line, Jalandhar, I, Jalandhar, Punjab- 144001. have changed my name and shall hereafter be Known as Raj Rani.

I, Manjit Singh S/o Daler Singh (Mother Name Narinder Kaur) R/o Basti Bawa Khel, Backside Sharma Kewal, Tehsil and Distt. Jalandhar, Punjab have changed my name from Manjit to Manjeet. All concerned please note.

I, Bhupender Kaur w/o Faqir Chand r/o H.No. 3577/12, Mohalla Gazipur Adampur, Jalandhar have changed my name from Bhupender Kaur to Bhupinder Kaur. All please note.

I, Sewak Singh Brar s/o Santa Singh r/o VPO. Chottian Thoba, Tehsil Baghapurana, Distt. Moga have delete my surname as Sewak Singh. All please note.

I, Aishwarya Wadhwa w/o Amandeep Singh R/o 424-L, Mall Road, Model Town, Jalandhar have changed my name from Aishwarya Wadhwa to Aishwarya Singh. All Please Note.

## Change of Name

I, Navneet Singh s/o Mohinder Singh r/o Vill. Tund, Po. Garhdiwala, Distt. Hoshiarpur, Punjab have use my given name as Navneet & Surname as Singh. All please note.

I, Daljit Kumar s/o Joginder Lal r/o VPO. Chuharwali, Distt. Jalandhar, Punjab have changed my daughter's name from Alisha to Alisha Rani. All please note.

I, hitherto known as Prema W/o Rajan R/o 449/12, Avtar Nagar, Distt. Jalandhar, Punjab-144001 have changed my name and shall hereafter be known as Prem.

I, hitherto known as Sameer S/o Paramjit Singh R/o Village Kohja, Kohja, Jalandhar, Punjab- 144106 have changed my name and shall hereafter be known as Sameer Lakha.

I, Jaginder Kaur W/o Pal Singh R/o Village Dargabad, Distt. Jalandhar, Punjab have changed my name spelling from Jaginder Kaur to Joginder Kaur. All Please Note.

I, Sital W/o Yogesh Kumar R/o H.No.199-A, Street No. 5, Ganesh Nagar, Po. Dakoha, Distt. Jalandhar have changed my name from Sital to Sheetal Sharma (Surname as Sharma) All Please Note.

I, Kimti Lal S/o Ram Asra R/o Vill. Daulatpur, Raipur, Distt. Jalandhar have changed my name from Kimti Lal to Keemti Lal. All Please Note.

I, Harminder Kaur W/o Surinder Pal Singh R/o H.No. 1073/13, Vishvkarma Marker, Kartarpur, Distt. Jalandhar, Punjab have changed my name from Harminder Kaur to Harminder Kaur Jaspal. All Please Note.

I, Deepika W/o Shakti Kumar R/o H.No.52, Gullmarg Avenue, Ladhewali, Jalandhar, Punjab have changed my name from Deepika to Deepika Sharma. All Please Note.

## ਬੇਦਖਲੀ ਨੋਟਿਸ

ਮੈਂ, ਰਹਿਮਤ ਪੁੱਤਰ ਦਾਨੀ ਵਾਸੀ ਪਿੰਡ ਤੇ ਡਾਕਖਾਨਾ ਬੁਟਰਾਂ ਜਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰਾ ਲੜਕਾ ਸੁਖਵਿੰਦਰ ਲਾਲ ਅਤੇ ਉਸਦੀ ਪਤਨੀ ਸੋਮਾ ਮੇਰੇ ਕਹਿਣੇਂ ਤੋਂ ਬਾਹਰ ਹੋਣ ਕਾਰਨ ਮੈਂ ਉਹਨਾਂ ਨੂੰ ਆਪਣੀਂ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਹਨਾਂ ਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸੰਬਧ ਨਹੀਂ ਹੈ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ, ਸੀਮਾ ਰਾਣੀ ਪਤਨੀ ਸ੍ਰੀ ਜਗਦੀਸ਼ ਕੁਮਾਰ ਵਾਸੀ ਮਕਾਨ ਨੰਬਰ 101, ਗਲੀ ਨੰਬਰ 05, ਨਰਿੰਦਰ ਨਗਰ, ਰਹੋਂ ਰੋਡ, ਬਸਤੀ ਜੱਧੇਵਾਲੀ, ਜਿਲਾ ਲੁਧਿਆਣਾ, ਪੰਜਾਬ ਬਿਆਨੀ ਹਾਂ ਕਿ ਮੇਰਾ ਲੜਕਾ ਜੋਸ਼ੂਆ ਸਿੱਧੂ ਮੇਰੇ ਕਹਿਣੇਂ ਤੋਂ ਬਾਹਰ ਹੋਣ ਕਾਰਨ ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਸ ਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸੰਬਧ ਨਹੀਂ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ।

ਮੈਂ, ਗੁਰਬਚਨ ਪੁੱਤਰ ਸ੍ਰੀ ਗੁਲਜਾਰੀ ਲਾਲ, ਵਾਸੀ ਪਿੰਡ ਪ੍ਰਤਾਪ ਪੁਰਾ, ਤਹਿ. ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰੂਪ ਲਾਲ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਮੈਂ ਇਸ ਦੀਆਂ ਮਾੜੀਆਂ ਹਰਕਤਾਂ ਤੋਂ ਪ੍ਰੇਸ਼ਾਨ ਹਾਂ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਮਨਜੀਤ ਸਿੰਘ ਪੁੱਤਰ ਸ: ਤਰਸੇਮ ਸਿੰਘ ਵਾਸੀ ਪਿੰਡ ਦੁਧਾਲਾ, ਡਾਕਖਾਨਾ ਕੱਥੂਨੰਗਲ ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ ਅਤੇ ਮੇਰੀ ਲੜਕੀ ਨਵਨੀਤ ਕੌਰ ਜੋ ਕਿ ਮੇਰੇ ਕਹਿਣੇ ਤੋ ਬਾਹਰ ਹਨ ਅਤੇ ਅਪਣੀ ਮਨ ਮਰਜੀ ਕਰਦੇ ਹਨ। ਇਹ ਹੈ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ ਅਤੇ ਮੇਰੀ ਲੜਕੀ ਨਵਨੀਤ ਕੌਰ ਜਿਹਨਾਂ ਨੂੰ ਮੈਂ ਆਪਣੀ ਚੱਲ ਅਚੱਲ ਜਮੀਨ ਜਾਇਦਾਦ ਤੋ ਬੇਦਖਲ ਕਰਦਾ ਹਾਂ। ਇਹਨਾਂ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਇਹਨਾਂ ਦੇ ਨਾਲ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ। ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਮੈਂ, ਮਨਜੀਤ ਕੌਰ ਪਤਨੀ ਭੋਲਾ ਸਿੰਘ ਵਾਸੀ ਰੌਂਤਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੁਖਪਾਲ ਸਿੰਘ ਅਤੇ ਮੇਰੀ ਨੂੰਹ ਸਿੰਦਰਪਾਲ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਹਰ ਪ੍ਰਕਾਰ ਦੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰ ਦਿੱਤਾ ਹੈ। ਇਨ੍ਹਾਂ ਨਾਲ ਮੇਰਾ ਕੋਈ ਸੰਬੰਧ ਨਹੀਂ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਮੰਗਲ ਸਿੰਘ ਪੁੱਤਰ ਨਾਨਕ ਸਿੰਘ, ਵਾਸੀ ਵਾਰਡ ਨੰਬਰ 06 ਪੰਡੋਰਾ, ਸੁਲਤਾਨਵਿੰਡ ਪਿੰਡ, ਤਰਫ ਬਹਿਣੀਵਾਲ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਾਜਨ ਅਤੇ ਇਸ ਦੀ ਪਤਨੀ ਰਿਤੂ ਮੇਰੇ ਕਹਿਣੇ ਤੋਂ ਬਾਹਰ ਹਨ, ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਜੀਤ ਕੌਰ ਪਤਨੀ ਅਤਰ ਸਿੰਘ, ਵਾਸੀ ਪਿੰਡ ਭੈਣੀ ਬਾਂਗਰ, ਕਾਦੀਆਂ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਪੁੱਤਰ ਕੋਮਲ ਸਿੰਘ ਅਤੇ ਉਸ ਦੀ ਪਤਨੀ ਗੁੱਡੀ ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਮੈਂ ਦੂਲਾ ਪੁੱਤਰ ਮਥੁਰਾ ਦਾਸ , ਵਾਸੀ ਸੁਲਤਾਨਪੁਰ ਰੂਰਲ , ਤਹਿਸੀਲ ਸੁਲਤਾਨਪੁਰ ਲੋਧੀ , ਜ਼ਿਲ੍ਹਾ ਕਪੂਰਥਲਾ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸ਼ੇਰਾ ਅਤੇ ਉਸਦੀ ਪਤਨੀ ਸੁਨੀਤਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸੋਨੂ ਪੁੱਤਰ ਕਾਲਾ ਵਾਸੀ ਮਕਾਨ ਨੰ. 91 ਵਾਰਡ ਨੰ. 7, ਮੁਹੱਲਾ ਬਾਲਮੀਕਿ, ਸ਼ਿਵ ਸ਼ਕਤੀ ਨਗਰ, ਗੁਰਦਾਸਪੁਰ ਦਾ ਹਾਂ। ਮੇਰਾ ਲੜਕਾ ਸੰਜੂ ਮੇਰੇ ਰਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਹਰ ਤਰ੍ਹਾਂ ਦੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜਿਹੜਾ ਇਸ ਨਾਲ ਲੈਣ ਦੇਣ ਕਰੇਗਾ, ਉਹ ਖੁਦ ਜਿੰਮੇਵਾਰ ਹੋਵੇਗਾ। ਮੈਂ ਜਾਂ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਰਿਹਾ।

ਮੈਂ, ਜੋਗਿੰਦਰ ਪਾਲ ਪੁੱਤਰ ਦੇਵੀ ਦਾਸ, ਵਾਸੀ ਪਿੰਡ ਸ੍ਰੀ ਰਾਮਪੁਰ ਗਾਲੜੀ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਪਿੰਨ 143526 ਮੇਰਾ ਲੜਕਾ ਪ੍ਰਵੀਨ ਕੁਮਾਰ ਅਤੇ ਇਸ ਦੀ ਪਤਨੀ ਸੁਨੀਤਾ ਦੇਵੀ ਅਤੇ ਇਹਨਾਂ ਦੇ ਬੱਚੇ ਮਾਨਵ ਅਤੇ ਹੁਸਨਪ੍ਰੀਤ ਜੋ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਹਨਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ੁੰਮੇਵਾਰ ਹੋਵੇਗਾ।

ਮੈਂ, ਡੋਰਸ ਪਤਨੀ ਸਵਰਗੀ ਵਾਰਸ ਮਸੀਹ, ਵਾਸੀ ਪਿੰਡ ਸੇਖਾ, ਡਾਕਖਾਨਾ ਮਗਰ ਮੂਦੀਆ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ-143521 ਮੇਰੀ ਲੜਕੀ ਜਗੀਰੋ ਉਰਫ ਵੰਦਨਾ ਅਤੇ ਉਸਦਾ ਪਤੀ ਰਾਜ ਕੁਮਾਰ ਉਰਫ ਰਾਜੂ, ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਹਨਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ੁੰਮੇਵਾਰ ਹੋਵੇਗਾ।

ਅਸੀਂ ਸਰਦਾਰੀ ਲਾਲ ਪੁੱਤਰ ਮੁਨਸ਼ੀ ਰਾਮ ਵਾ ਪ੍ਰਵੇਸ਼ ਪਤਨੀ ਸਰਦਾਰੀ ਲਾਲ ਵਾਸੀਆਨ ਮਕਾਨ ਨੰਬਰ ਬੀ-6/179, ਲਾਠੀਮਾਰ ਮੁੱਹਲਾ, ਸੋਡਲ ਰੋਡ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਸਪਨਾ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦੀ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਵਾ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬਧਿਤ ਨੋਟ ਕਰਨ।

ਮੈਂ, ਜਸਵੀਰ ਪੁੱਤਰ ਸ੍ਰੀ ਗੁਲਜਾਰਾ ਰਾਮ ਵਾਸੀ ਪਿੰਡ ਅੱਟਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸਰਮਿੰਦਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬਧਿਤ ਨੋਟ ਕਰਨ।

ਅਸੀ, ਸਤਨਾਮ ਲਾਲ ਪੁੱਤਰ ਮੁਨੀ ਲਾਲ ਅਤੇ ਵੀਨਾ ਪਤਨੀ ਸਤਨਾਮ ਲਾਲ ਦੋਨੋਂ ਵਾਸੀਆਨ ਮਕਾਨ ਨੰ. ਐਨ. ਐਮ-292, ਮੁੱਹਲਾ ਕਰਾਰ ਖਾਂ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਵੀ ਕੁਮਾਰ ਅਤੇ ਉਸਦੀ ਪਤਨੀ ਰਾਜਵਿੰਦਰ ਕੌਰ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ।

ਮੈ, ਸੁਰਿੰਦਰ ਪਾਲ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਮਕਾਨ ਨੰਬਰ 1999/18, ਗਲੀ ਨੰਬਰ 5, ਫਰੈਂਡਸ ਕਾਲੋਨੀ, ਮਜੀਠਾ ਰੋਡ, ਅੰਮ੍ਰਿਤਸਰ ਦਾ ਵਸਨੀਕ ਹਾਂ। ਮੇਰਾ ਲੜਕਾ ਅੰਮ੍ਰਿਤਪਾਲ ਸਿੰਘ ਚਾਹਲ ਅਤੇ ਮੇਰੀ ਨੂੰਹ ਸਿਮਰਨਜੀਤ ਕੌਰ, ਜੋ ਕਿ ਮੇਰੀ ਜਾਇਦਾਦ ਹੜੱਪਣ ਦੀ ਖਾਤਰ ਮੇਰੇ ਅਤੇ ਮੇਰੇ ਪਰਿਵਾਰ ਦੇ ਹੋਰਨਾਂ ਮੈਬਰਾਂ ਦੇ ਨਾਲ ਅਕਸਰ ਲੜਦੇ-ਝਗੜਦੇ ਹਨ ਅਤੇ ਮੇਰੇ ਹਰ ਪ੍ਰਕਾਰ ਦੇ ਕਹਿਣੇ-ਸੁਣਨੇ ਤੋਂ ਬਾਹਰ ਹਨ। ਜਿਸ ਲਈ ਮੈਂ ਆਪਣੇ ਲੜਕੇ ਅੰਮ੍ਰਿਤਪਾਲ ਸਿੰਘ ਚਾਹਲ ਅਤੇ ਆਪਣੀ ਨੂੰਹ ਸਿਮਰਨਜੀਤ ਕੌਰ ਨੂੰ ਉਨ੍ਹਾਂ ਦੀ ਨਬਾਲਗ ਲੜਕੀ ਅਜ਼ੀਜ ਕੌਰ ਸਮੇਤ ਆਪਣੀ ਅਤੇ ਆਪਣੇ ਪਰਿਵਾਰ ਦੀ ਨਿੱਜੀ ਜ਼ਿੰਦਗੀ, ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਦੇ ਨਾਲ ਮਿਲਵਰਤਨ ਰੱਖਣ ਅਤੇ ਲੈਣ -ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਜਿਸ ਵਿਚ ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਾਜ ਕੁਮਾਰ ਪੁੱਤਰ ਕਿਰਪਾ ਰਾਮ ਵਾਸੀ ਮਕਾਨ ਨੰ: 1162, ਭੁਲੱਥ ਰੋਡ, ਸਿਆਲਕੋਟੀਆਂ ਦਾ ਖੂਹ ਕਰਤਾਰਪੁਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਭਿਸ਼ੇਕ ਸੋਅਨ ਤੇ ਮੇਰੀ ਨੂੰਹ ਪ੍ਰਿਆ, ਜੋ ਮੇਰੇ ਕਹਿਣੇ ਅਤੇ ਕੰਟਰੋਲ ਤੋਂ ਬਾਹਰ ਹਨ ਅਤੇ ਮੇਰੀ ਤੇ ਮੇਰੇ ਪਰਵਾਰ ਦੀ ਇੱਜ਼ਤ-ਮਾਣ ਨਹੀਂ ਕਰਦੇ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਅੱਜ ਤੋਂ ਮੈਂ ਇਨ੍ਹਾਂ ਨਾਲ ਸਾਰੇ ਰਿਸ਼ਤੇ ਤੋੜਦਾ ਹਾ। ਇਨ੍ਹਾਂ ਨਾਲ ਕਿਸੇ ਕਿਸਮ ਦਾ ਲੈਣ-ਦੇਣ ਜਾਂ ਸੰਬੰਧ ਰੱਖੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਇਸ ਵਿਚ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਵਿਨੋਦ ਕਪੂਰ ਪੁੱਤਰ ਰਾਮ ਕੁਮਾਰ ਕਪੂਰ ਅਤੇ ਸੁਮਨ ਕਪੂਰ ਪਤਨੀ ਵਿਨੋਦ ਕਪੂਰ, ਵਾਸੀਆਨ 84, ਗਲੀ ਨੰ: 3, ਦਯਾਨੰਦ ਨਗਰ, ਲਾਰੈਂਸ ਰੋਡ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰੋਹਨ ਕਪੂਰ ਅਤੇ ਉਸ ਦੀ ਪਤਨੀ ਅਨੁਪਾ ਚਾਵਲਾ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਨਿਰਵੈਲ ਸਿੰਘ ਪੁੱਤਰ ਅਜੀਤ ਸਿੰਘ, ਵਾਸੀ ਪਿੰਡ ਸਰਾਏ ਅਮਾਨਤ ਖਾਂ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਵਨਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਕਸ਼ਮੀਰ ਕੌਰ ਵਿਧਵਾ ਮਦਨ ਲਾਲ ਵਾਸੀ ਕੋਟਲਾ ਚਾਹਲ ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ । ਮੇਰਾ ਲੜਕਾ ਗੁਰਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ । ਮੈਂ ਇਸ ਨੂੰ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ ।

## ਬੇਦਖਲੀ ਨੋਟਿਸ

ਮੈਂ ਸੁਰਜੀਤ ਕੌਰ ਪਤਨੀ ਮੁਖਤਾਰ ਸਿੰਘ ਵਾਸੀ ਪਿੰਡ ਸਾਧਪੁਰ ਚੁਗਾਵਾਂ ਤਹਿਸੀਲ ਤੇ ਜਿਲ੍ਹਾ ਅੰਮ੍ਰਿਤਸਰ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜੋਗਿੰਦਰ ਸਿੰਘ ਜੋ ਕਿ ਮੇਰੇ ਕਹਿਣੇ,ਸੁਨਣੇ ਤੋਂ ਬਾਹਰ ਹੈ, ਮੇਰੀ ਦੇਖਭਾਲ ਨਹੀਂ ਕਰਦਾ ਅਤੇ ਬਹੁਤ ਤੰਗ ਪਰੇਸ਼ਾਨ ਕਰਦਾ ਹਨ। ਮੈਂ ਉਸਨੂੰ ਅਤੇ ਉਸ ਦੇ ਲੜਕੇ ਅਨਮੋਲਪ੍ਰੀਤ ਸਿੰਘ ਅਤੇ ਅਮਨਪ੍ਰੀਤ ਸਿੰਘ ਸਭ ਨੂੰ ਆਪਣੀ ਹਰ ਕਿਸਮ ਦੀ ਚੱਲ,ਅਚੱਲ ਜਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ ਹੈ।

## ਆਮ ਸੂਚਨਾ

ਮੈਂ, ਕੁਲਵੰਤ ਸਿੰਘ ਪੁੱਤਰ ਮੰਗਲ ਸਿੰਘ, ਵਾਸੀ ਪਿੰਡ ਬਖਤਪੁਰ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਲਵਿੰਦਰ ਸਿੰਘ ਅਤੇ ਨੂੰਹ ਦਲਬੀਰ ਕੌਰ ਦੋਵਾਂ ਨੂੰ ਮੈਂ ਅਖਬਾਰ ਵਿੱਚ ਆਪਣੀ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਇਹ ਦੋਵੇਂ ਮੇਰੇ ਕਹਿਣੇ ਵਿੱਚ ਹਨ। ਇਨ੍ਹਾਂ ਦੀ ਬੇਦਖਲੀ ਹੁਣ ਮੈਂ ਵਾਪਸ ਲੈਂਦਾ ਹਾਂ। ਅੱਗੇ ਤੋਂ ਇਹ ਮੇਰੀ ਸਾਰੀ ਜਾਇਦਾਦ ਦੇ ਵਾਰਸ ਹੋਣਗੇ। ਸੰਬੰਧਤ ਨੋਟ ਕਰਨ।

ਮੋਟਰ ਕੁਨੈਕਸ਼ਨ ਖਾਤਾ ਨੰਬਰ AP 300379-9697, 5 ਬੀ ਐੱਚ ਪੀ, ਜੋ ਕਿ ਸੋਹਨ ਸਿੰਘ ਪੁੱਤਰ ਰੂੜ ਸਿੰਘ, ਪਿੰਡ ਫੱਤੋ ਨੰਗਲ ਦੇ ਨਾਂਅ ਚੱਲ ਰਿਹਾ ਹੈ। ਇਸ ਕੁਨੈਕਸ਼ਨ ਨੂੰ ਸਰਬਜੀਤ ਸਿੰਘ ਪੁੱਤਰ ਗੁਰਦਿਆਲ ਸਿੰਘ, ਵਾਸੀ ਜੀ ਟੀ ਰੋਡ ਧਾਰੀਵਾਲ ਦੇ ਨਾਂਅ ਤਬਦੀਲ ਕਰਨਾ ਹੈ। ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਉਪ ਮੰਡਲ ਅਫਸਰ ਪੀ ਐੱਸ ਪੀ ਸੀ ਐੱਲ ਧਾਰੀਵਾਲ ਨੂੰ ਸੂਚਿਤ ਕਰੇ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਐਮ.ਆਰ.ਏ.ਪੀ 15 ਜੋ ਕਿ ਪਿੰਡ ਮੰਡੇਰ ਵਿਖੇ ਟੇਕ ਸਿੰਘ ਪੁੱਤਰ ਮੀਹਾਂ ਸਿੰਘ ਵਾਸੀ ਮੰਡੇਰ ਦੇ ਨਾਮ ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਹੁਣ ਅਮਰੀਕ ਸਿੰਘ ਪੁੱਤਰ ਟੇਕ ਸਿੰਘ ਵਾਸੀ ਮੰਡੇਰ ਆਪਣੇ ਨਾਮ ਕਰਵਾਉਣਾ ਚਾਹੁੰਦਾ ਹੈ। ਇਸ ਸਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ. ਦਫਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

ਦੋ ਟਿਊਬਵੈਲ ਕੁਨੈਕਸ਼ਨ ਖਾਤਾ ਨੰਬਰ AP12-1588F(12 ½ BHP) , AP 12-1056F(7 ½ BHP) ਜੋ ਕਿ ਸ੍ ਜ਼ੋਗਿੰਦਰ ਸਿੰਘ ਪੁੱਤਰ ਸ੍ ਹਜਾਰਾ ਸਿੰਘ ਵਾਸੀ ਪਿੰਡ ਮੂਸੇ ਕਲਾਂ ਤਹਿਸੀਲ ਤੇ ਜਿਲ੍ਹਾਂ ਤਰਨ ਤਾਰਨ ਦੇ ਨਾਮ ਤੇ ਚੱਲ ਰਹੇ ਹਨ ਨੂੰ ਗੁਰਜੀਤ ਸਿੰਘ ਪੁੱਤਰ ਸ੍ ਜ਼ੋਗਿੰਦਰ ਸਿੰਘ ਪਿੰਡ ਮੂਸੇ ਕਲਾਂ ਤਹਿਸੀਲ ਤੇ ਜਿਲ੍ਹਾਂ ਤਰਨ ਤਾਰਨ ਨੇ ਆਪਣੇ ਨਾਮ ਤੇ ਤਬਦੀਲ ਕਰਵਾਉਣ ਲਈ ਅਰਜੀ ਦਿੱਤੀ ਹੈ ਜੇਕਰ ਕਿਸੇ ਨੂੰ ਕਿਸੇ ਕਿਸ਼ਮ ਦਾ ਕੋਈ ਇਤਰਾਜ ਹੋਵੇ ਤਾਂ ਉਹ ਦਫਤਰ ਉੱਪ ਮੰਡਲ , ਸੁਰਸਿੰਘ (ਤਰਨ ਤਾਰਨ) ਵਿਖੇ ਆਪਣਾ ਇਤਰਾਜ 15 ਦਿਨਾ ਦੇ ਅੰਦਰ ਅੰਦਰ ਪੇਸ਼ ਕਰ ਸਕਦਾ ਹੈ ਨਹੀ ਤਾਂ ਤਬਦੀਲੀ ਕਰ ਦਿਤੀ ਜਾਵੇਗੀ ਪੀ.ਐਸ.ਪੀ.ਸੀ.ਐਲ ਉੱਪ ਮੰਡਲ ਸੁਰਸਿੰਘ (ਤਰਨ ਤਾਰਨ)।

ਮੈਂ, ਪਰਮਜੀਤ ਸਿੰਘ ਪੁੱਤਰ ਜਸਵੰਤ ਰਾਏ, ਵਾਸੀ ਟੁੱਟ ਸ਼ੇਰ ਸਿੰਘ, ਡਾਕਘਰ ਕੰਨੀਆਂ ਕਲਾਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹਾਂ ਅਤੇ ਮੇਰਾ ਆਮ ਦਸਤਾਵੇਜ਼ਾਂ 'ਤੇ ਨਾਂਅ ਪਰਮਜੀਤ ਸਿੰਘ ਦਰਜ ਹੈ, ਪਰ ਮਾਲ ਰਿਕਾਰਡ ਵਿੱਚ ਮੇਰਾ ਨਾਂਅ ਕੁਲਦੀਪ ਸਿੰਘ ਲਿਖਿਆ ਗਿਆ ਹੈ। ਮੇਰੇ ਪਹਿਲੇ ਪਿਤਾ ਜੀ ਦਾ ਨਾਂਅ ਤਰਸੇਮ ਲਾਲ ਸੀ। ਮੇਰੀ ਮਾਤਾ ਨੇ ਦੂਸਰੀ ਸ਼ਾਦੀ ਜਸਵੰਤ ਰਾਏ ਨਾਲ ਕਰ ਲਈ ਸੀ। ਇਸ ਕਰਕੇ ਮੇਰੇ ਪਿਤਾ ਜੀ ਦਾ ਨਾਂਅ ਜਸਵੰਤ ਰਾਏ ਚਲਦਾ ਆ ਰਿਹਾ ਹੈ। ਪਰਮਜੀਤ ਸਿੰਘ ਅਤੇ ਕੁਲਦੀਪ ਸਿੰਘ ਇੱਕ ਹੀ ਵਿਅਕਤੀ ਦਾ ਨਾਂਅ ਹੈ। ਦੋਵਾਂ ਨਾਵਾਂ 'ਤੇ ਕੋਈ ਮੁਕੱਦਮਾ ਦਰਜ ਨਹੀਂ ਹੈ। ਸੰਬੰਧਤ ਨੋਟ ਕਰਨ।

ਮੈ, ਜਸਬੀਰ ਸਿੰਘ ਪੁੱਤਰ ਸੋਹਣ ਸਿੰਘ, ਵਾਸੀ ਪਿੰਡ ਤੇ ਡਾਕ. ਮੂਨਕ ਕਲਾਂ, ਤਹਿ. ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰਾ ਭਰਾ ਬਿਕਰਮਜੀਤ ਸਿੰਘ ਪੁੱਤਰ ਸੋਹਣ ਸਿੰਘ, ਜੋ (ਕੁਆਰਾ) ਹੈ, ਮਾਤਾ-ਪਿਤਾ ਦੀ ਮੌਤ ਪਿੱਛੋਂ ਸਾਡੇ ਨਾਲੇ ਰਹਿ ਰਿਹਾ ਹੈ। ਹੁਣ ਮੇਰਾ ਭਰਾ ਬਿਕਰਮਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ, ਮੈਂ ਇਸ ਨੂੰ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਇਸ ਦੇ ਨਾਲ ਕੋਈ ਰਿਸ਼ਤਾ ਨਹੀਂ ਹੈ।

## ਨਾਂਅ ਦੀ ਬਦਲੀ

ਮੈ ਪ੍ਰੇਮਜੀਤ ਕੌਰ ਪਤਨੀ ਗੁਰਜਿੰਦਰ ਸਿੰਘ ਵਾਸੀ ਕਿਰਤੋਵਾਲ ਖੁਰਦ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦੀ ਰਹਿਣ ਵਾਲੀ ਹਾਂ।ਮੈਂ ਆਪਣਾ ਨਾਮ ਪ੍ਰੇਮਜੀਤ ਕੌਰ ਤੋਂ ਬਦਲ ਕੇ ਰੌਬਿਨਪ੍ਰੀਤ ਕੌਰ ਰੱਖ ਲਿਆ ਹੈ।ਸਾਰੇ ਸੰਬਧਤ ਨੋਟ ਕਰਨ।

ਮੈਂ, ਕ੍ਰਿਸ਼ਨ ਗੋਪਾਲ ਬਾਂਸਲ ਪੁੱਤਰ ਕੁੱਲੂ ਰਾਮ, ਵਾਸੀ ਵਾਰਡ ਨੰਬਰ 7-ਏ/142, ਪਾਠਸ਼ਾਲਾ ਰੋਡ, ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਕ੍ਰਿਸ਼ਨ ਗੋਪਾਲ ਰੱਖ ਲਿਆ ਹੈ।

ਮੈਂ, ਗਿਆਨ ਸਿੰਘ ਪੁੱਤਰ ਭੋਲਾ ਸਿੰਘ ਵਾਸੀ ਛਾਪਾ (ਬਰਨਾਲਾ) ਨੇ ਆਪਣਾ ਨਾਂਅ ਬਦਲ ਕੇ ਗਿਆਨ ਸਿੰਘ ਬਾਜਵਾ ਰੱਖ ਲਿਆ ਹੈ।

ਮੈਂ, ਬਲਜਿੰਦਰ ਕੌਰ ਪਤਨੀ ਭੋਲਾ ਸਿੰਘ ਵਾਸੀ ਛਾਪਾ (ਬਰਨਾਲਾ) ਨੇ ਆਪਣਾ ਬਰਨਾਲਾ ਨੇ ਬਲਜਿੰਦਰ ਕੌਰ ਬਾਜਵਾ ਰੱਖ ਲਿਆ ਹੈ।

ਮੈਂ, ਭੋਲਾ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਛਾਪਾ (ਬਰਨਾਲਾ) ਨੇ ਆਪਣਾ ਬਰਨਾਲਾ ਨੇ ਭੋਲਾ ਸਿੰਘ ਬਾਜਵਾ ਰੱਖ ਲਿਆ ਹੈ।

ਮੈਂ, ਕਸ਼ਮੀਰਾ ਦੇਵੀ ਪਤਨੀ ਵਿਨੋਦ ਕੁਮਾਰ ਪਾਲ ਵਾਸੀ ਮਕਾਨ ਨੰਬਰ 40, ਪਿੰਡ ਨਾਹਲ, ਗੁਰੂ ਇੰਨਕਲੇਵ, ਡਾਕਖਾਨਾ ਬਸਤੀ ਗੁਜਾਂ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਵਿੱਕੀ ਕੁਮਾਰੀ ਦੇ ਸਰਟੀਫਿਕੇਟਾਂ ਵਿੱਚ ਮੇਰਾ ਨਾਂਅ ਕਸ਼ਮੀਰੀ ਦੇਵੀ ਅਤੇ ਮੇਰੇ ਪਤੀ ਦਾ ਨਾਂਅ ਵਿਨੋਦ ਪਾਲ ਗਲਤ ਲਿਖਿਆ ਗਿਆ ਹੈ। ਮੇਰਾ ਸਹੀ ਨਾਂਅ ਕਸ਼ਮੀਰਾ ਦੇਵੀ, ਮੇਰੇ ਪਤੀ ਦਾ ਸਹੀ ਨਾਂਅ ਵਿਨੋਦ ਕੁਮਾਰ ਪਾਲ ਲਿਖਿਆ ਜਾਵੇ।

## PUBLIC NOTICE

I, Rakesh Kumar S/o Madan Lal, R/o H.No. 91/1 Arya Nagar, Jail Road, Gurdaspur, Tehsil/Distt Gurdaspur Pin-143521 Punjab, India. Declare that my given name as Rakesh and my Surname as Kumar.

I, Roma W/o Late Bechu Lal R/o H.No. 377, Street No. 13, Jaswant Nagar, Garha Jalandhar at present H.No. 275/20, Urban Estate, Phase-1, Jalandhar declare that my son Sandeep & his wife Chahat are out of my control. I disinherit them from my movable and immovable properties. I and my family shall not be held responsible for any of their acts deeds and things. All please note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

24 Sep Page 8.qxd 9/23/2025 10:29 PM Page 1



# ਡੇਰਾ ਸੱਚਖੰਡ ਬੱਲਾਂ ਵਿਖੇ ਸੋਨੇ ਦੇ 2 ਨਿਸ਼ਾਨ ਸਾਹਿਬ ਚੜ੍ਹਾਏ



**ਅੱਡਾ ਸਰਾਂ (ਜਸਵੀਰ ਕਾਜਲ)**- ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਅਸਥਾਨ ਡੇਰਾ ਸੱਚਖੰਡ ਬੱਲਾਂ ਵਿਖੇ ਸੰਤ ਪਿੱਪਲ ਦਾਸ ਮਹਾਰਾਜ ਜੀ ਦੀ ਬਰਸੀ ਮੌਕੇ ਦੋ ਹਰਿ ਦੇ ਸੋਨੇ ਦੇ 2 ਨਿਸ਼ਾਨ ਸਾਹਿਬ ਚੜਾਏ ਗਏ। ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਮਹਾਰਾਜ ਜੀ ਦੀ ਅਗਵਾਈ ਵਿੱਚ ਬਰਸੀ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਇਕੱਤਰ ਹੋਈਆਂ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਦੀ ਹਾਜ਼ਰੀ ਵਿੱਚ ਪ੍ਰਬੰਧਕ ਸੇਵਾਦਾਰਾਂ ਵੱਲੋਂ ਹਰਿ ਦੇ ਸੋਨੇ ਦੇ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਸੇਵਾ ਕੀਤੀ ਗਈ। ਇਸ ਮੌਕੇ ਪ੍ਰਬੰਧਕ ਸੇਵਾਦਾਰਾਂ ਨੇ ਦੱਸਿਆ ਕਿ ਦੱਸਿਆ ਕਿ ਪਿਛਲੇ ਸਾਲ ਵੀ ਸੰਤ ਪਿੱਪਲ ਦਾਸ ਮਹਾਰਾਜ ਜੀ ਦੀ ਸਲਾਨਾ ਬਰਸੀ ਮੌਕੇ ਸੋਨੇ ਦੇ ਹਰਿ ਵਾਲੇ ਨਿਸ਼ਾਨ ਸਾਹਿਬ ਸੱਚਖੰਡ ਬੱਲਾਂ ਵਿਖੇ ਚੜ੍ਹਾਏ ਗਏ ਸਨ। ਉਪਰੰਤ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਉਹਨਾਂ ਦੇ ਜਨਮ ਅਸਥਾਨ ਸੀਰ ਗੋਵਰਧਨ ਕਾਸ਼ੀ ਕਾਸ਼ੀ ਯੂ ਪੀ ਵਿੱਚ ਵੀ ਸੋਨੇ ਦੇ ਹਰਿ ਦੇ ਨਿਸ਼ਾਨ ਸਾਹਿਬ ਚੜਾਏ ਗਏ। ਇਸ ਸਮੇਂ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਸੰਤ ਨਿਰੰਜਨ ਦਾਸ ਜੀ ਮਹਾਰਾਜ ਨੇ ਕਿਹਾ ਕਿ ਸਾਨੂੰ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਅੰਮ੍ਰਿਤ ਬਾਣੀ ਮਨ ਵਿੱਚ ਵਸਾ ਕੇ ਉਨਾਂ ਵੱਲੋਂ ਦਰਸਾਏ ਗਏ ਸੇਵਾ ਸਿਮਰਨ ਦੇ ਮਾਰਗ ਤੇ ਚੱਲ ਕੇ ਆਪਣਾ ਜੀਵਨ ਸਫਲਾ ਕਰਨਾ ਚਾਹੀਦਾ। ਇਸ ਮੌਕੇ ਸੰਤ ਨਿਰੰਜਨ ਦਾਸ ਜੀ ਨੇ ਸੰਤ ਬਾਬਾ ਪਿੱਪਲ ਦਾਸ ਜੀ ਦੇ ਜੀਵਨ ਤੇ ਵੀ ਵਿਸਥਾਰ ਪੂਰਵਕ ਚਾਨਣਾ ਪਾਇਆ ਅਤੇ ਸਮਾਗਮ ਵਿੱਚ ਸ਼ਾਮਿਲ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਬੀ ਕੇ ਯੂ ਰਾਜੇਵਾਲ ਨੇ ਹੜ ਪ੍ਰਭਾਵਤ ਖੇਤਰਾਂ 'ਚ ਸਾਢੇ ਤਿੰਨ ਲੱਖ ਰੁਪਏ ਦੇ ਡੀਜ਼ਲ ਦੀ ਕੀਤੀ ਸੇਵਾ

**ਆਦਮਪੁਰ (ਪਰਮਜੀਤ ਸਿੰਘ)**- ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਾਕ ਆਦਮਪੁਰ ਦੀ ਟੀਮ ਵੱਲੋਂ ਬੀਤੇ ਦਿਨੀ ਹੜ ਪ੍ਰਭਾਵਿਤ ਖੇਤਰਾਂ ਦਾ ਜਾ ਕੇ ਜਾਇਜ਼ਾ ਲਿਆ ਗਿਆ ਸੀ ਜਿੱਥੇ ਕਿਸਾਨਾਂ ਦੇ ਘਰਾਂ ਅਤੇ ਉਨਾਂ ਦੀਆਂ ਫਸਲਾਂ ਭਾਰੀ ਮੀਂਹ ਅਤੇ ਆਏ ਹੜਾਂ ਕਾਰਨ ਪੰਜ-ਪੰਜ ਫੁੱਟ ਰੇਤ ਦੇ ਥੱਲੇ ਦੱਬਣ ਕਾਰਨ ਫਸਲਾਂ ਤਬਾਹ ਹੋ ਗਈਆਂ ਸਨ ਜਿਸ ਨਾਲ ਕਾਫੀ ਨੁਕਸਾਨ ਹੋਇਆ ਸੀ,ਉਸ ਸੰਬੰਧ ਵਿੱਚ ਆਦਮਪੁਰ ਅਧੀਨ ਆਉਂਦੇ ਪਿੰਡ ਢੰਡੋਰ ਮੰਡੀ ਤੋਂ ਹੜ ਪ੍ਰਭਾਵਿਤ ਵੱਖ ਵੱਖ ਇਲਾਕਿਆਂ ਵਿੱਚ ਮਦਦ ਕਰਨ ਲਈ ਬੀ.ਕੇ.ਯੂ. ਰਾਜੇਵਾਲ ਬਲਾਕ ਆਦਮਪੁਰ ਦੀ ਟੀਮ ਰਵਾਨਾ ਹੋਈ। ਸਭ ਤੋਂ ਪਹਿਲਾਂ ਇਹ ਟੀਮ ਜ਼ਿਲਾ ਫਿਰੋਜ਼ਪੁਰ ਦੇ ਅਧੀਨ ਪਿੰਡ ਮਖੂ, ਵਿਖੇ ਪਹੁੰਚੀ ਜਿੱਥੇ ਕਿ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਸੂਬਾ ਪ੍ਰਧਾਨ ਸਰਦਾਰ ਪ੍ਰਗਟ ਸਿੰਘ ਅਤੇ ਉਨਾਂ ਦੇ ਸਾਥੀਆਂ ਨਾਲ ਮੁਲਾਕਾਤ ਕੀਤੀ ਜਿਨਾਂ ਵੱਲੋਂ ਵੱਖ ਵੱਖ ਚਾਰ ਪਿੰਡਾਂ ਦੇ ਛੋਟੇ ਮੱਧਮ ਵਰਗ ਕਿਸਾਨਾਂ ਦੇ ਨਾਮ ਦੀਆਂ ਲਿਸਟਾਂ ਦਿੱਤੀਆਂ ਸਨ ਜਿਨਾਂ ਲਈ ਆਦਮਪੁਰ ਤੋਂ ਗਈ ਟੀਮ ਵਲੋਂ ਇੱਕ ਲੱਖ ਰੁਪਏ ਦਾ ਡੀਜ਼ਲ ਉਹਨਾਂ ਕਿਸਾਨਾਂ ਲਈ ਦਿੱਤਾ ਗਿਆ ਤਾਂ ਜੋ ਉਹ ਆਪਣੀ ਜਮੀਨ ਨੂੰ ਪੱਧਰੀ ਕਰ ਸਕਣ ਅਤੇ ਅਗਾਹ ਜਮੀਨ ਵਿੱਚ ਕੋਈ ਫਸਲ ਬੀਜ ਸਕਣ। ਇਸ ਤੋਂ ਬਾਅਦ ਇਹ ਟੀਮ ਪਿੰਡ ਘੋਨੇਵਾਲ, ਬਲਾਕ ਡੇਰਾ ਬਾਬਾ ਨਾਨਕ, ਜਿਲਾ ਗੁਰਦਾਸਪੁਰ ਰਾਵੀ ਬੰਨ ਤੇ ਪਹੁੰਚੀ ਜਿੱਥੇ ਬਾਬਾ ਕੁਲਵੀਰ ਸਿੰਘ ਗੁਰੂ ਕੇ ਬਾਗ ਕਾਰ ਸੇਵਾ ਵਾਲਿਆ ਵੱਲੋਂ ਸੰਗਤ ਦੇ ਸਹਿਯੋਗ ਨਾਲ ਟਰੈਕਟਰ ਟਰਾਲੀਆਂ ਦੇ ਵਿੱਚ ਮਿੱਟੀ ਲਿਆ ਕੇ ਰਾਵੀ ਦਰਿਆ ਦਾ ਬੰਨ ਬੰਨਣ ਦੀ ਸੇਵਾ ਕੀਤੀ ਜਾ ਰਹੀ ਸੀ, ਉੱਥੇ ਵੀ ਇਕ ਲੱਖ ਰੁਪਏ ਦੇ ਡੀਜ਼ਲ ਦੀ ਸੇਵਾ ਕੀਤੀ ਗਈ ਅਤੇ ਲੰਗਰ ਦੀ ਸੇਵਾ ਵਾਸਤੇ 15000 ਰੁਪਏ ਦਿੱਤੇ ਗਏ। ਇਸ ਤੋਂ ਬਾਅਦ ਟੀਮ ਪਿੰਡ ਠੇਠਰਕੇ ਅਤੇ ਪਿੰਡ ਖਾਸਾ ਵਾਲੀ, ਤਹਿਸੀਲ ਡੇਰਾ ਬਾਬਾ ਨਾਨਕ, ਜਿਲਾ ਗੁਰਦਾਸਪੁਰ ਵਿਖੇ ਪਹੁੰਚੀ। ਜਿੱਥੇ ਰਾਵੀ ਦਾ ਬੰਨ ਬਹੁਤ ਜਿਆਦਾ ਟੁੱਟ ਗਿਆ ਸੀ ਅਤੇ ਉਸ ਬੰਨ ਨੂੰ ਬੰਨਣ ਲਈ ਅਤੇ ਖੇਤ ਪਧਰੇ ਕਰਨ ਲਈ ਢਾਈ ਸੌ ਦੇ ਕਰੀਬ ਲਗਾਤਾਰ ਟਰੈਕਟਰ ਕੰਮ ਕਰ ਰਹੇ ਸਨ। ਜਿਸ ਦੀ ਸੇਵਾ ਬਿੱਲਾ ਘੁੰਮਣ ਜਿਲਾ ਬਠਿੰਡਾ ਵਲੋਂ ਸੰਗਤ ਦੇ ਸਹਿਯੋਗ ਨਾਲ ਚਲਾ ਰਹੇ ਸਨ। ਇੱਥੇ ਵੀ ਟੀਮ ਵੱਲੋਂ ਇਕ ਲੱਖ ਰੁਪਏ ਦੇ ਡੀਜ਼ਲ ਦੀ ਸੇਵਾ ਕੀਤੀ ਗਈ। ਇਸ ਤੋਂ ਬਾਅਦ ਟੀਮ ਕਰਤਾਰਪੁਰ ਕੋਰੀਡੋਰ ਦੇ ਨਜ਼ਦੀਕ ਪਿੰਡ ਪੱਖੋਕੇ, ਟਾਹਲੀ ਸਾਹਿਬ, ਬਲਾਕ ਡੇਰਾ ਬਾਬਾ ਨਾਨਕ, ਜਿਲਾ ਗੁਰਦਾਸਪੁਰ ਵਿਖੇ ਦਰਸ਼ਨ ਸਿੰਘ ਨੂੰ ਮਿਲੇ ਜੋ ਸੰਗਤ ਦੇ ਸਹਿਯੋਗ ਨਾਲ ਬੰਨ ਨੂੰ ਬੰਨਣ ਲਈ ਕਰੀਬ 20 ਟਰੈਕਟਰਾਂ ਅਤੇ ਜੇਸੀਬੀ ਮਸ਼ੀਨਾਂ ਦੇ ਨਾਲ ਸੇਵਾ ਕਰ ਰਹੇ ਸਨ ਉੱਥੇ ਵੀ ਟੀਮ ਵੱਲੋਂ 50 ਹਜਾਰ ਰੁਪਏ ਦੇ ਡੀਜ਼ਲ ਦੀ ਸੇਵਾ ਕੀਤੀ ਗਈ। ਇਸ ਬੀ.ਕੇ. ਯੂ. ਰਾਜੇਵਾਲ ਬਲਾਕ ਆਦਮਪੁਰ ਦੀ ਟੀਮ ਵਿੱਚ ਹਰਵਿੰਦਰ ਸਿੰਘ ਮਾਹਲ ਵਾਈਸ ਜਿਲਾ ਪ੍ਰਧਾਨ, ਸੁਖਵਿੰਦਰ ਸਿੰਘ ਬਲਾਕ ਅਦਮਪੁਰ ਪ੍ਰਧਾਨ, ਹਰਪਾਲ ਸਿੰਘ ਜਨਰਲ ਸਕੱਤਰ ਆਦਮਪੁਰ, ਰਣਜੀਤ ਸਿੰਘ ਢੰਡੋਰ ਖਜਾਨਚੀ, ਬਹਾਦਰ ਸਿੰਘ ਵਾਈਸ ਪ੍ਰਧਾਨ ਬਲਾਕ ਆਦਮਪੁਰ, ਅਮਰਜੀਤ ਸਿੰਘ ਲੰਬੜਦਾਰ ਵਾਈਸ ਪ੍ਰਧਾਨ, ਰਣਜੀਤ ਸਿੰਘ ਯੂਥ ਪ੍ਰਧਾਨ ਆਦਮਪੁਰ, ਰਣਜੀਤ ਸਿੰਘ ਬੈਂਸ ਯੂਥ ਵਾਈਸ ਪ੍ਰਧਾਨ ਆਦਮਪੁਰ ਆਦਿ ਹਾਜ਼ਰ ਸਨ।



# ਲੋਕ ਹਿਤੈਸ਼ੀ ਕਾਫ਼ਲਾ ਵੱਲੋਂ ਸ.ਭਗਤ ਸਿੰਘ ਦਾ ਜਨਮ ਦਿਹਾੜਾ ਮਨਾਉਣ ਦਾ ਫੈਸਲਾ

**ਫ਼ਗਵਾੜਾ (ਜਸਵਿੰਦਰ ਢੱਡਾ)**- ਲੋਕ ਹਿਤੈਸ਼ੀ ਕਾਫ਼ਲਾ ਫ਼ਗਵਾੜਾ ਦੇ ਆਗੂਆਂ ਦੀ ਮੀਟਿੰਗ ਰੈਸਟ ਹਾਊਸ ਫ਼ਗਵਾੜਾ ਵਿਖੇ ਹੋਈ। ਜਿਸ ਵਿੱਚ ਸ਼ਹੀਦ -ਏ-ਆਜ਼ਮ ਸ.ਭਗਤ ਸਿੰਘ ਦੇ ਇਨਕਲਾਬੀ ਵਿਚਾਰਾਂ ਨੂੰ ਲੋਕਾਂ ਵਿੱਚ ਲੈ ਕੇ ਜਾਣ ਸੰਬੰਧੀ ਵਿਚਾਰ ਵਟਾਂਦਰਾ ਕਰਦੇ ਹੋਏ ਉਨ੍ਹਾਂ ਦਾ ਜਨਮ ਦਿਹਾੜਾ 28 ਸਤੰਬਰ ਨੂੰ ਟਾਊਨ ਹਾਲ ਫ਼ਗਵਾੜਾ ਦੇ ਪਾਰਕ ਵਿੱਚ ਠੀਕ 3:30 ਵਜੇ ਇਕੱਠੇ ਹੋ ਕੇ ਮਨਾਉਣ ਦਾ ਫੈਸਲਾ ਕੀਤਾ ਗਿਆ।ਰੈਲੀ ਕਰਨ ਉਪਰੰਤ ਸ਼ਹਿਰ ਵਿੱਚ ਝੰਡਿਆਂ ਅਤੇ ਮਾਟੋਆਂ ਨਾਲ ਮਾਰਚ ਵੀ ਕੀਤਾ ਜਾਵੇਗਾ।ਇਸ ਮੀਟਿੰਗ ਵਿੱਚ ਮਾਸਟਰ ਸੁਖਦੇਵ ਸਿੰਘ, ਜਸਵਿੰਦਰ ਸਿੰਘ,ਹੰਸ ਰਾਜ ਬੰਗੜ, ਹਰਚਰਨ ਭਾਰਤੀ, ਗੁਰਮੁਖ ਸਿੰਘ ਲੋਕ ਪ੍ਰੇਮੀ ਅਤੇ ਕੁਲਦੀਪ ਸਿੰਘ ਕੌੜਾ ਆਦਿ ਸਾਥੀ ਹਾਜ਼ਰ ਹੋਏ। ਮੀਟਿੰਗ ਵਿੱਚ ਇਲਾਕੇ ਦੇ ਸੂਝਵਾਨ ਸੱਜਣਾਂ, ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੇ ਹਾਮੀ ਅਤੇ ਲੋਕ ਹਿੱਤਾਂ ਲਈ ਪ੍ਰਣਾਏ ਹੋਏ ਜਥੇਬੰਦੀਆਂ ਦੇ ਜੁਝਾਰੂ ਆਗੂਆਂ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਦੀ ਪੁਰਜ਼ੋਰ ਅਪੀਲ ਵੀ ਕੀਤੀ ਜਾਂਦੀ ਹੈ।



# ਭਗਵਾਨ ਵਾਲਮੀਕ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਦਾ ਆਗਾਜ਼

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਨੂਰਮਹਿਲ ਵਿੱਚ ਭਗਵਾਨ ਵਾਲਮੀਕਿ ਜੀ ਦੇ ਮਨਾਏ ਜਾ ਰਹੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਪ੍ਰਭਾਤ ਫੇਰੀਆਂ 22 ਸਿਤੰਬਰ ਦਿਨ ਸੋਮਵਾਰ ਤੋਂ ਸ਼ੁਰੂ ਹੋ ਗਈਆਂ ਹਨ। ਭਗਵਾਨ ਵਾਲਮੀਕਿ ਨੌਜਵਾਨ ਸਭਾ ਦੇ ਪ੍ਰਧਾਨ ਮੁਨੀਸ਼ ਗਿੱਲ ਉਰਫ਼ ਕਾਲੀ ਨੇ ਦੱਸਿਆ ਕਿ ਇਹ ਪ੍ਰਭਾਤ ਫੇਰੀ ਸਵੇਰੇ 5 ਵਜੇ ਤੋਂ 7 ਅਕਤੂਬਰ ਤੱਕ ਰੋਜ਼ਾਨਾ ਵਾਲਮੀਕ ਮੰਦਰ ਪੁਰਾਣਾ ਬੱਸ ਸਟੈਂਡ ਤੋਂ ਚੱਲਿਆ ਕਰੇਗੀ ਜਿਸ ਵਿੱਚ ਸੰਗਤ ਭਗਵਾਨ ਵਾਲਮੀਕਿ ਜੀ ਦੀ ਮਹਿਮਾ ਦਾ ਗੁਣਗਾਨ ਕਰਦੀ ਹੋਈ ਸ਼ਹਿਰ ਦੀ ਪਰਿਕਰਮਾ ਕਰ ਵਾਪਸ ਮੰਦਰ ਪਹੁੰਚੇਗੀ। ਆਰਤੀ ਤੋਂ ਬਾਅਦ ਸੰਗਤ ਨੂੰ ਪ੍ਰਸ਼ਾਦ ਦਿੱਤਾ ਜਾਵੇਗਾ। ਕਾਲੀ ਨੇ ਅੱਗੇ ਦੱਸਿਆ ਕਿ 6 ਅਕਤੂਬਰ ਨੂੰ ਇੱਕ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਜਾਵੇਗੀ। 7 ਅਕਤੂਬਰ ਨੂੰ ਸਵੇਰੇ ਰਾਮਾਇਣ ਪਾਠ ਦਾ ਭੋਗ ਪਾਇਆ ਜਾਵੇਗਾ ਅਤੇ ਰਾਤ ਨੂੰ ਸਤਸੰਗ ਹੋਵੇਗਾ। ਇਸ ਸ਼ੁਭ ਮੌਕੇ ਤੇ ਅਤੁੱਟ ਲੰਗਰ ਵਰਤਾਇਆ ਜਾਵੇਗਾ। 8 ਅਕਤੂਬਰ ਨੂੰ ਪੁਰਾਣਾ ਬੱਸ ਸਟੈਂਡ ਵਿਖੇ ਵਿਸ਼ਾਲ ਭੰਡਾਰਾ ਚੱਲੇਗਾ।



# ਸੀ ਟੀ ਗਰੁੱਪ ਨੇ ਇੰਟਰ ਕਾਲਜ ਚੈਂਪੀਅਨਸ਼ਿਪ 2025-2026 ਦੀ ਕੀਤੀ ਮੇਜ਼ਬਾਨੀ



**ਜਲੰਧਰ (ਸ਼ੈਲੀ ਐਲਬਰਟ)**- ਸੀ ਟੀ ਆਈ ਈ ਐਮ ਟੀ ਸ਼ਾਹਪੁਰ ਨੇ ਮਰਦਾਂ ਦੀ ਟੀਮ ਸ਼੍ਰੇਣੀ ਵਿੱਚ ਸ਼ਾਨਦਾਰ ਵਿਅਕਤੀਗਤ ਪ੍ਰਦਰਸ਼ਨ ਕੀਤੇ ਤੇ ਪੋਡੀਅਮ ਸਥਾਨ ਹਾਸਲ ਕੀਤਾ। ਸੀ.ਟੀ. ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਸਫਲਤਾਪੂਰਵਕ ਆਈ.ਕੇ.ਜੀ.ਪੀ.ਟੀ.ਯੂ. ਕ੍ਰਾਸ ਕੰਟਰੀ ਇੰਟਰ-ਕਾਲਜ ਚੈਂਪੀਅਨਸ਼ਿਪ 2025-26 ਦੀ ਮੇਜ਼ਬਾਨੀ ਕੀਤੀ। ਇਸ ਚੈਂਪੀਅਨਸ਼ਿਪ ਵਿੱਚ ਖੇਤਰ ਦੀਆਂ 11 ਮਰਦਾਂ ਦੀਆਂ ਟੀਮਾਂ ਅਤੇ 6 ਔਰਤਾਂ ਦੀਆਂ ਟੀਮਾਂ ਨੇ ਉਤਸ਼ਾਹ ਨਾਲ ਭਾਗ ਲਿਆ, ਜਿਨ੍ਹਾਂ ਨੇ ਬੇਮਿਸਾਲ ਸਹਿਣਸ਼ੀਲਤਾ, ਦ੍ਰਿੜ੍ਹਤਾ ਅਤੇ ਖੇਡ ਭਾਵਨਾ ਦਿਖਾਈ।ਮਰਦਾਂ ਦੀ ਟੀਮ ਸ਼੍ਰੇਣੀ ਵਿੱਚ ਜੀ ਜੀ ਆਈ ਖੰਨਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਸੀ ਜੀ ਸੀ ਝਾਂਝਰੀ ਦੂਜੇ ਅਤੇ ਸੀ ਟੀ ਆਈ ਈ ਐਮ ਟੀ ਸ਼ਾਹਪੁਰ ਤੀਜੇ ਸਥਾਨ 'ਤੇ ਰਹੇ। ਸ਼ਾਨਦਾਰ ਵਿਅਕਤੀਗਤ ਪ੍ਰਦਰਸ਼ਨਾਂ ਵਿੱਚ ਜੀਜੀਆਈ ਖੰਨਾ ਦੇ ਸੰਜਯ, ਕਰਣ ਅਤੇ ਮਿੱਠੂ ਪਹਿਲੇ ਤਿੰਨ ਸਥਾਨ ਦੇ ਜੇਤੂ ਰਹੇ। ਔਰਤਾਂ ਦੀ ਟੀਮ ਸ਼੍ਰੇਣੀ ਵਿੱਚ, ਐਮ ਆਈ ਐਮ ਆਈ ਟੀ ਮਲੋਟ ਨੇ ਪਹਿਲਾ ਸਥਾਨ ਜਿੱਤਿਆ, ਸੀ ਜੀ ਸੀ ਝਾਂਝਰੀ ਦੂਜੇ ਅਤੇ ਜੀ ਐਨ ਡੀ ਈ ਸੀ ਲੁਧਿਆਣਾ ਤੀਜੇ ਸਥਾਨ 'ਤੇ ਰਹੀ। ਵਿਅਕਤੀਗਤ ਵਿਜੇਤਿਆਂ ਵਿੱਚ ਗਗਨਦੀਪ ਕੌਰ (ਐਮ ਆਈ ਐਮ ਆਈ ਟੀ, ਮਲੋਟ), ਸੁਮਨ (ਸੀ ਟੀ ਆਈ ਈ ਐਮ ਟੀ ਸ਼ਾਹਪੁਰ) ਅਤੇ ਜਸ਼ਨਦੀਪ ਕੌਰ (ਜੀ ਐਨ ਡੀ ਈ ਸੀ ਲੁਧਿਆਣਾ) ਸ਼ਾਮਲ ਹਨ। ਇਸ ਸਮਾਰੋਹ ਵਿੱਚ ਡਾਇਰੈਕਟਰ ਕੈਂਪਸ ਡਾ. ਸ਼ਿਵ ਕੁਮਾਰ, ਡਾਇਰੈਕਟਰ ਅਕੈਡਮਿਕ ਓਪਰੇਸ਼ਨਸ ਡਾ. ਸੰਗਰਾਮ ਸਿੰਘ, ਡੀਨ ਸਟੂਡੈਂਟ ਵੈਲਫੇਅਰ ਡਾ. ਅਰਜੁਨ ਅਤੇ ਖੇਡ ਕੋਆਰਡੀਨੇਟਰ ਸਤਪਾਲ ਮੌਜੂਦ ਰਹੇ, ਜਿਨ੍ਹਾਂ ਨੇ ਸਾਰੇ ਭਾਗੀਦਾਰਾਂ ਦੀ ਮਿਹਨਤ ਅਤੇ ਸ਼ਾਨਦਾਰ ਖੇਡ ਭਾਵਨਾ ਦੀ ਪ੍ਰਸ਼ੰਸਾ ਕੀਤੀ।

# ਇਕੋਤਰੀ ਸਮਾਗਮ ਦੌਰਾਨ ਦੇਸ਼-ਵਿਦੇਸ਼ ਤੋ ਪਹੁੰਚੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਵਿਸ਼ਵ ਪ੍ਰਸਿੱਧ ਸਾਲਾਨਾ ਇਕੋਤਰੀ ਸਮਾਗਮ ਦੇ ਮਹਾਕੁੰਭ ਦੇ ਚਲਦਿਆਂ ਜਿੱਥੇ ਦੇਸ਼ ਵਿਦੇਸ਼ ਦੀ ਸੰਗਤ ਵੱਡੀ ਗਿਣਤੀ 'ਚ ਤਪ ਅਸਥਾਨ ਬਾਬਾ ਬਲਵੰਤ ਸਿੰਘ ਟਾਂਡਾ ਵਿਖੇ ਪੁੱਜੀ ਉੱਥੇ ਸੰਤ ਬਾਬਾ ਗੁਰਦਿਆਲ ਸਿੰਘ ਤੇ ਹੋਰ ਮਹਾਂਪੁਰਸ਼, ਸਿੰਘ ਸਾਹਿਬਾਨ, ਪੰਥਕ ਸ਼ਖ਼ਸ਼ੀਅਤਾਂ ਵੱਲੋਂ ਰੋਜ਼ਾਨਾ ਸ਼ਾਮ 7 ਵਜੇ ਤੋਂ 11 ਵਜੇ ਤੱਕ ਸਜਾਏ ਜਾਣ ਵਾਲੇ ਵਿਸ਼ਾਲ ਗੁਰਮਤ ਸਮਾਗਮ ਮੌਕੇ ਸੰਗਤਾਂ ਨੂੰ ਬਾਣੀ ਤੇ ਬਾਣੇ ਨਾਲ ਜੋੜ ਰਹੇ ਹਨ। 101 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਲੜੀ ਤਹਿਤ ਜਿੱਥੇ ਪੰਜਵੀਂ ਲੜੀ ਦੇ ਭੋਗ ਪਾਏ ਗਏ ਉੱਥੇ ਇਸ ਇਕੋਤਰੀ ਦੇ ਸੰਪੂਰਨਤਾ ਸਮਾਗਮ 7 ਅਕਤੂਬਰ ਨੂੰ ਇੱਕ ਵਿਸ਼ਾਲ ਗੁਰਮਤ ਸਮਾਗਮ ਤੇ ਅੰਮ੍ਰਿਤ ਸੰਚਾਰ ਨਾਲ ਹੋਣਗੇ। ਇਕੋਤਰੀ ਦੇ ਮੁੱਖ ਆਕਰਸ਼ਣ ਵਜੋਂ ਜਾਣੇ ਜਾਂਦੇ ਮਹਾਨ ਨਗਰ ਕੀਰਤਨ 6 ਅਕਤੂਬਰ ਨੂੰ ਸਵੇਰੇ 10 ਵਜੇ ਅਸਥਾਨ ਤੋਂ ਸਜਾਏ ਜਾਣਗੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਗੁਰਪੁਰਬ ਨੂੰ ਸਮਰਪਿਤ ਇਸ ਸਮਾਗਮ ਮੌਕੇ ਜਿੱਥੇ ਸੰਤ ਬਾਬਾ ਗੁਰਦਿਆਲ ਸਿੰਘ ਗੁਰੂ ਸਾਹਿਬ ਦੇ ਇਤਿਹਾਸ ਨਾਲ ਜੋੜ ਰਹੇ ਹਨ ਉੱਥੇ ਹੜਾਂ ਨਾਲ ਜੂਝ ਰਹੇ ਪੰਜਾਬੀਆਂ ਲਈ ਸੇਵਾ ਦੇ ਕਾਰਜ ਨੂੰ ਅੱਗੇ ਤੋਰਿਆ ਤਿੰਨ ਟਰੱਕ ਰਾਹਤ ਸਮਗਰੀਆਂ ਦੇ ਰਵਾਨਾ ਕਰਨ ਮਗਰੋਂ ਅੱਜ ਉਹਨਾਂ ਹੜਾਂ ਚ ਪੰਜਾਬੀਆਂ ਦੀ ਸੇਵਾ ਕਰਨ ਲਈ ਜਿੱਥੇ ਬਾਬਾ ਦੀਪ ਸਿੰਘ ਸੇਵਾ ਸੋਸਾਇਟੀ ਦੇ ਮੁੱਖ ਸੇਵਾਦਾਰ ਸ. ਮਨਜੋਤ ਸਿੰਘ ਤਲਵੰਡੀ ਨੂੰ ਸਨਮਾਨਿਤ ਕੀਤਾ, ਉੱਥੇ ਛੋਟੇ ਕਿਸਾਨਾਂ ਦੇ ਖੇਤਾਂ ਨੂੰ ਮੁੜ ਆਬਾਦ ਕਰਨ ਦੇ ਟੀਚੇ ਨਾਲ ਚਲਾਈ ਜਾ ਰਹੀ ਸੇਵਾ ਦੇ ਕਾਰਜ 'ਚ ਟਰੈਕਟਰਾਂ ਦੇ ਡੀਜ਼ਲ ਦੀ ਸੇਵਾ ਚ ਵੱਡਾ ਯੋਗਦਾਨ ਪਾਇਆ। ਇਸ ਮੌਕੇ ਬਾਬਾ ਗੁਰਦਿਆਲ ਸਿੰਘ ਹੋਰਾਂ ਨੇ ਇਕੋਤਰੀ ਮੌਕੇ ਪੁੱਜੇ ਮਹਾਂਪੁਰਸ਼ਾਂ ਤੇ ਹੋਰ ਸ਼ਖਸ਼ੀਅਤਾਂ ਜਿਨਾਂ ਵਿੱਚ ਸੰਤ ਬਾਬਾ ਗੁਰਦੀਪ ਸਿੰਘ ਜੀ ਖਜਾਲੇ ਵਾਲੇ, ਸੰਤ ਮਨਵੀਰ ਸਿੰਘ ਜੀ ਨਾਨਕਸਰ, ਸੰਤ ਜਸਪਾਲ ਸਿੰਘ ਜੀ ਬੁਰਜ ਟਿੱਲੇ ਵਾਲੇ, ਸੰਤ ਸੁਖਰਾਜ ਸਿੰਘ ਪ੍ਰੀਤਮਪੁਰ ਵਾਲੇ, ਸੰਤ ਭਰਭੂਰ ਸਿੰਘ ਸ਼ੇਖਾ ਜਲੂਰ, ਸੰਤ ਬਾਬਾ ਪ੍ਰੇਮ ਸਿੰਘ ਸੁਰ ਸਿੰਘ ਵਾਲਿਆਂ ਤੋਂ ਇਲਾਵਾ ਕਮਿਸ਼ਨਰ ਸਰਦਾਰ ਜੀਵਨਜੀਤ ਸਿੰਘ ਕਾਹਲੋਂ, ਮਨਜੋਤ ਸਿੰਘ ਤਲਵੰਡੀ ,ਸਰਦਾਰਨੀ ਜਤਿੰਦਰ ਕੌਰ ਰੰਧਾਵਾ, ਲਖਵਿੰਦਰ ਸਿੰਘ ਲੱਖੀ ਤੋਂ ਇਲਾਵਾ ਹੋਰ ਕਈ ਸ਼ਖਸੀਅਤਾਂ ਨੂੰ ਸਿਰੋਪਾਓ ਭੇਟ ਕੀਤੇ ਗਏ।

# ਹਰਿਆਣਾ ਨੂੰ ਵਿਕਾਸ ਦੇ ਸਿਖਰ 'ਤੇ ਲੈ ਕੇ ਜਾਣਾ ਸਾਡੀ ਪ੍ਰਤੀਬੱਧਤਾ : ਨਾਇਬ ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੂਬਾਵਾਸੀਆਂ ਨੂੰ ਵੱਡੀ ਸੌਗਾਤ ਦਿੰਦੇ ਹੋਏ 117 ਕਰੋੜ ਰੁਪਏ ਦੀ 557 ਪਰਿਯੋਜਨਾਵਾਂ ਦਾ ਉਦਘਾਟਨ ਕੀਤਾ। ਸੇਵਾ ਪਖਵਾੜਾ ਮੁਹਿੰਮ ਤਹਿਤ ਸੋਨੀਪਤ ਜਿਲ੍ਹਾ ਦੇ ਦੀਨ ਬੰਧੂ ਛੋਟੂਰਾਮ ਵਿਗਿਆਨ ਅਤੇ ਤਕਨਾਲੋਜੀ ਯੂਨੀਵਰਸਿਟੀ (ਡੀ ਸੀ ਆਰ ਯੂ ਐਸ ਟੀ) ਮੁਰਥਲ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਉਨ੍ਹਾਂ ਨੇ ਇੱਥੋਂ 72 ਮਹਿਲਾ ਸਭਿਆਚਾਰਕ ਕੇਂਦਰ, 90 ਇਨਡੋਰ ਜਿਮ, 69 ਯੋਗ ਅਤੇ ਵਿਯਾਮਸ਼ਾਲਾਵਾਂ, ਮੁੱਖ ਮੰਤਰੀ ਕਿਸਾਨ ਖੇਤ ਸੜਕ ਯੋਜਨਾ ਤਹਿਤ 101 ਸੜਕਾਂ ਅਤੇ 225 ਪਿੰਡਾਂ ਵਿੱਚ ਫਿਰਨੀ 'ਤੇ ਸਟ੍ਰੀਟ ਲਾਇਟਸ ਦਾ ਉਦਘਾਟਨ ਕੀਤਾ। ਇਸ ਦੇ ਨਾਲ-ਨਾਲ ਉਨ੍ਹਾਂ ਨੇ ਸਿਹਤ ਨਾਰੀ-ਸ਼ਸ਼ਕਤ ਪਰਿਵਾਰ ਮੁਹਿੰਮ ਅਤੇ 8ਵੇਂ ਪੋਸ਼ਣ ਮਹੀਨੇ ਤਹਿਤ ਮਹਿਲਾ ਸਿਹਤ ਕੈਂਪ ਦਾ ਉਦਘਾਟਨ ਅਤੇ ਨਿਰੀਖਣ ਕੀਤਾ। ਉਨ੍ਹਾਂ ਨੇ ਸੂਬਾਵਾਸੀਆਂ ਨੂੰ ਨਰਾਤੇ ਤੇ ਮਹਾਰਾਜਾ ਅਗਰਸੇਨ ਜੈਯੰਤੀ ਦੀ ਵਧਾਈ ਵੀ ਦਿੱਤੀ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ, ਜ਼ਿਲ੍ਹਾ ਅੰਮ੍ਰਿਤਸਰ ਨੇ ਕੀਤੀ 5ਵੀਂ ਕਨਵੈਨਸ਼ਨ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਮੈਡੀਕਲ ਪ੍ਰੈਕਟੀਸ਼ਨ ਐਸੋਸੀਏਸ਼ਨ ਪੰਜਾਬ ਵੱਲੋਂ ਐਸੋਸੀਏਸ਼ਨ ਦੀ ਪੰਜਵੀਂ ਜ਼ਿਲ੍ਹਾ ਪੱਧਰੀ ਕਨਵੈਨਸ਼ਨ ਗੁਰਦੁਆਰਾ ਡੇਰਾ ਬਾਬਾ ਮਿਹਰ ਦਾਸ, ਪਿੰਡ ਕੋਹਾਲੀ ਵਿਖੇ ਜ਼ਿਲ੍ਹਾ ਪ੍ਰਧਾਨ ਡਾ. ਅਰਜਿੰਦਰ ਸਿੰਘ ਕੋਹਾਲੀ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਪੰਜਾਬ ਦੇ ਪ੍ਰਧਾਨ ਡਾ. ਧੰਨਾ ਮੱਲ ਗੋਇਲ, ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਡਾ. ਪਿਆਰਾ ਸਿੰਘ, ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਡਾ. ਅਵਤਾਰ ਸਿੰਘ, ਸੂਬਾ ਆਗੂ ਡਾ. ਸੁਖਚੈਨ ਸਿੰਘ, ਤਹਿਸੀਲ ਪ੍ਰਧਾਨ ਡਾ. ਮੁਖਤਾਰ ਸਿੰਘ ਚੇਤਨਪੁਰਾ, ਡਾ. ਜਸਮਿੰਦਰਜੀਤ ਸਿੰਘ, ਡਾ. ਗੁਰਲਾਲ ਸਿੰਘ, ਡਾ. ਦੀਪ ਸਿੰਘ, ਡਾ. ਸਵਿੰਦਰ ਸਿੰਘ, ਡਾ. ਪਲਵਿੰਦਰ ਸਿੰਘ, ਡਾ. ਜਸਪਾਲ ਸਿੰਘ, ਡਾ. ਦਲਜੀਤ ਸਿੰਘ ਆਦਿ ਸ਼ਾਮਿਲ ਹੋਏ।ਇਸ ਮੌਕੇ ਪੰਜਾਬ ਪ੍ਰਧਾਨ ਡਾ. ਧੰਨਾ ਮੱਲ ਗੋਇਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਥੇਬੰਦੀ ਨੂੰ ਹੋਰ ਮਜਬੂਤ ਕਰਨ ਵਾਸਤੇ ਸਾਰੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਕਨਵੈਨਸ਼ਨਾਂ ਕੀਤੀਆਂ ਜਾ ਰਹੀਆਂ ਹਨ ਅਤੇ ਉਸੇ ਲੜੀ ਤਹਿਤ ਪੰਜਵੀਂ ਕਨਵੈਨਸ਼ਨ ਜ਼ਿਲ੍ਹਾ ਅੰਮ੍ਰਿਤਸਰ ਦੇ ਅਧੀਨ ਆਉਂਦੇ ਪਿੰਡ ਕੋਹਾਲੀ ਵਿਖੇ ਕੀਤੀ ਗਈ ਹੈ। ਇਸ ਸਮੇਂ ਪੰਜਾਬ ਪ੍ਰਧਾਨ ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਡਾ. ਅਰਜਿੰਦਰ ਸਿੰਘ ਕੋਹਾਲੀ ਦੀ ਅਗਵਾਈ ਹੇਠ ਸਮੂਹ ਕਮੇਟੀ ਮੈਂਬਰਾਂ ਵੱਲੋਂ ਸਨਮਾਨਿਤ ਕੀਤਾ ਗਿਆ।



# ਭਾਕਿਯੂ ਏਕਤਾ ਉਗਰਾਹਾਂ ਦੇ ਆਗੂ ਹੜ੍ਹ ਪੀੜਤਾਂ ਨੂੰ ਜ਼ਰੂਰੀ ਵਸਤਾਂ ਦੇਣ ਜਲਦ ਪਹੁੰਚਣਗੇ : ਜੋਗਿੰਦਰ ਸਿੰਘ



**ਮਾਹਿਲਪੁਰ (ਸਫ਼ਰੀ)**- ਭਾਕਿਯੂ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਜਲੰਧਰ ਤੇ ਹੁਸ਼ਿਆਰਪੁਰ ਦੇ ਆਗੂਆਂ ਦੀ ਇੱਕ ਸਾਂਝੀ ਮੀਟਿੰਗ ਦੇਸ਼ ਭਗਤ ਯਾਦਗਾਰ ਹਾਲ ਵਿਖੇ ਹੋਈ ਜਿਸ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਚਾਰ ਪਿੰਡਾਂ ਮਹਿਤਾਬਪੁਰ, ਕਲੇਰ ਜਨਾਰਦਨ, ਸੋਤਲਾ ਤੇ ਕੌਲੀਆਂ ਦੇ ਹੜ੍ਹ ਮਾਰੇ ਲੋਕਾਂ ਨੂੰ ਦਰਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ ਗੰਭੀਰ ਵਿਚਾਰਾਂ ਹੋਈਆਂ।ਯੂਨੀਅਨ ਦੇ ਸੂਬਾ ਪ੍ਰਧਾਨ ਸਰਦਾਰ ਜੋਗਿੰਦਰ ਸਿੰਘ ਉਗਰਾਹਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਨਾਂ ਚਾਰ ਪਿੰਡ ਵਿੱਚ ਲੋੜੀਂਦੀ ਰਾਹਤ ਸਮੱਗਰੀ ਪਹੁੰਚਾਉਣ ਲਈ ਇਸੇ ਹਫਤੇ ਦੇ ਅਖੀਰ ਦਾ ਪ੍ਰੋਗਰਾਮ ਤੈਅ ਕੀਤਾ ਗਿਆ। ਇਸੇ ਸ਼ਨੀਵਾਰ ਜਾਂ ਐਤਵਾਰ ਰਾਹਤ ਸਮੱਗਰੀ ਲੈ ਕੇ ਜਥਾ ਮੋਹਨ ਸਿੰਘ ਬੱਲ ਦੀ ਅਗਵਾਈ ਹੇਠ ਰਵਾਨਾ ਹੋਵੇਗਾ।ਇਸ ਮੌਕੇ ਮੋਹਨ ਸਿੰਘ ਬੱਲ, ਗੁਰਚਰਨ ਸਿੰਘ, ਮਦਨ ਲਾਲ,ਹਰਦੀਪ ਸਿੰਘ ਕਠਾਰ, ਮਾਸਟਰ ਸਿੰਗਾਰਾ ਸਿੰਘ, ਮਹਿੰਦਰਪਾਲ ਸਿੰਘ ਸ਼ਾਮ ਚੌਰਾਸੀ, ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ,ਬਲਕਾਰ ਸਿੰਘ, ਮੰਗਾ ਸਿੰਘ, ਮਲਕੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਆਗੂਆਂ ਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ ਤੇ ਆਪਣੀ ਜਿੰਮੇਵਾਰੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣ ਦਾ ਅਹਿਦ ਲਿਆ।ਹਰਵੀਰ ਦੇ ਕਾਤਲ ਨੂੰ ਜਲਦ ਤੋਂ ਜਲਦ ਫਾਹੇ ਲਾਉਣ ਦੀ ਮੰਗ ਕੀਤੀ ਗਈ।

# ਬੀ ਕੇ ਇੰਟਰਨੈਸ਼ਨਲ ਤੇ ਬਾਬੇ ਕੇ ਸਕੂਲ 'ਚ 'ਵਿਸ਼ਵ ਪੰਜਾਬੀ ਦਿਵਸ' ਮਨਾਇਆ

**ਲੋਹੀਆਂ ਖਾਸ (ਯੋਗੇਸ਼ਵਰ)** : ਬੀ.ਕੇ ਇੰਟਰਨੈਸ਼ਨਲ ਕਾਨਵੇਂਟ ਸਕੂਲ ਅਤੇ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ, ਵਾੜਾ ਜੋਧ ਸਿੰਘ ਜ਼ਿਲ੍ਹਾ ਜਲੰਧਰ ਵਿਖੇ ਧੰਨ ਧੰਨ ਸੰਤ ਬਾਬਾ ਨਾਹਰ ਸਿੰਘ ਅਤੇ ਬਾਬਾ ਕਪੂਰ ਸਿੰਘ ਦੇ ਆਸ਼ੀਰਵਾਦ ਨਾਲ ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਂਡ ਐਸੋਸੀਏਸ਼ਨ ਆਫ ਪੰਜਾਬ ਦੇ ਸਰਪ੍ਰਸਤ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਇਤਿਹਾਸ ਸਿਰਜਦੇ ਹੋਏ ਪੰਜਾਬੀ ਸਾਹਿਤ ਦੇ ਪਹਿਲੇ ਮਹਾਨ ਕਵੀ ਅਤੇ ਸੂਫੀ ਫਕੀਰ ਬਾਬਾ ਫਰੀਦ ਜੀ ਦੇ ਆਗਮਨ ਦਿਵਸ ਨੂੰ ਸਮਰਪਿਤ ਵਿਸ਼ਵ ਪੰਜਾਬੀ ਦਿਵਸ 23 ਸਤੰਬਰ ਨੂੰ ਮਨਾਇਆ ਗਿਆ। ਆਪਣੀ ਮਾਂ ਬੋਲੀ ਪੰਜਾਬੀ ਨੂੰ ਮਾਨ ਸਨਮਾਨ ਦੇਣ ਲਈ ਪੰਜਾਬੀ ਵਿੱਚ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ । ਅਧਿਆਪਿਕਾ ਸੁਖਦੀਪ ਕੌਰ, ਮਨਦੀਪ ਕੌਰ, ਮਾਸਟਰ ਸੰਦੀਪ ਵੱਲੋਂ ਬਾਬਾ ਫਰੀਦ ਜੀ ਦੇ ਜੀਵਨ ਬਾਰੇ ਅਤੇ ਪੰਜਾਬੀ ਭਾਸ਼ਾ ਦੇ ਜਨਮ ਅਤੇ ਵਿਕਾਸ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਵਿਦਿਆਰਥੀਆਂ ਨੇ ਵਿਸ਼ੇਸ਼ ਗਤੀਵਿਧੀਆਂ ਬਾਬਾ ਫਰੀਦ ਜੀ ਦੇ ਪੰਜਾਬੀ ਸਲੋਕ ਉਚਾਰਨ, ਗੁਰਮੁਖੀ ਲਿਪੀ ਉਚਾਰਨ, ਪੰਜਾਬੀ ਕਵਿਤਾ ਉਚਾਰਨ ਆਦਿ ਰਾਹੀਂ ਆਪਣੀ ਮਾਂ ਬੋਲੀ ਪੰਜਾਬੀ ਪ੍ਰਤੀ ਆਪਣੀ ਭਾਵਨਾਵਾਂ ਨੂੰ ਪ੍ਰਗਟ ਕੀਤਾ। ਇਸ ਮੌਕੇ ਤੇ ਸਕੂਲ ਡਾਇਰੈਕਟਰ ਸੱਦਾਮ ਖਾਨ, ਡਿਪਟੀ ਡਾਇਰੈਕਟਰ ਸਰਗਮ ਬਿੰਦ, ਪ੍ਰਿੰਸੀਪਲ ਨੀਤੀਮਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮਾਂ ਬੋਲੀ ਸਾਡੀ ਸ਼ਖ਼ਸੀਅਤ ਨੂੰ ਨਿਖਾਰਨ ਅਤੇ ਆਪਣੀ ਜੜਾਂ ਨਾਲ ਜੋੜਨ ਲਈ ਬਹੁਤ ਮਹੱਤਵਪੂਰਨ ਹੈ।



# ਵੱਖ-ਵੱਖ ਪਾਰਟੀਆਂ ਦੇ ਅਨੇਕਾਂ ਆਗੂ ਤੇ ਵਰਕਰ 'ਆਪ' 'ਚ ਸ਼ਾਮਲ



**ਫਿਲੌਰ (ਨਿਰਮਲ, ਹਰਜਿੰਦਰ ਕੌਰ ਚਾਹਲ)**- ਆਮ ਆਦਮੀ ਪਾਰਟੀ ਹਲਕਾ ਫਿਲੌਰ ਨੂੰ ਉਸ ਵੇਲੇ ਭਰਵਾਂ ਹੁੰਗਾਰਾ ਮਿਲਿਆ ਜਦੋ ਵੱਖ-ਵੱਖ ਪਾਰਟੀਆਂ ਛੱਡ ਕੇ ਇਲਾਕੇ ਦੇ ਅਨੇਕਾਂ ਆਗੂ ਅਤੇ ਵਰਕਰਜ਼ ਆਮ ਆਦਮੀ ਪਾਰਟੀ 'ਚ ਸ਼ਾਮਿਲ ਹੋ ਗਏ। ਇਨ੍ਹਾਂ ਵਿਚ ਸਰਪੰਚ ਮਹਿੰਦਰ ਕੌਰ, ਪੰਚ ਸੰਤੋਖ ਸਿੰਘ, ਪੰਚ ਜਸਵੀਰ ਪਾਲ, ਪੰਚ ਸੁਰਜੀਤ ਕੌਰ, ਪੰਚ ਅਮਰਜੀਤ, ਪੰਚ ਕਮਲਾ ਦੇਵੀ, ਸਾਬਕਾ ਸਰਪੰਚ ਸੁਰਿੰਦਰਪਾਲ ਲਾਡੀ, ਭੁਪਿੰਦਰ ਰਾਮ, ਪਿਆਰਾ ਰਾਮ, ਭਿੰਦਾ ਜੱਖੂ ਅਤੇ ਹੋਰ ਜ਼ਿਕਰਯੋਗ ਹਨ। ਆਮ ਆਦਮੀ ਪਾਰਟੀ ਹਲਕਾ ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ, ਜ਼ਿਲ੍ਹਾ ਜਲੰਧਰ ਦਿਹਾਤੀ ਦੇ ਪ੍ਰਧਾਨ ਪ੍ਰਦੀਪ ਦੁੱਗਲ, ਡਾ. ਵੈਭਵ ਸ਼ਰਮਾ ਯੂਥ ਕੋਆਡੀਨੇਟਰ ਨੇ ਪਾਰਟੀ ਦਾ ਸਿਰੋਪਾਓ ਪਾ ਕੇ ਉਕਤ ਆਗੂਆਂ ਅਤੇ ਵਰਕਰਜ਼ ਨੂੰ ਪਾਰਟੀ ਚ ਸ਼ਾਮਿਲ ਕਰਵਾਇਆ। ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਪਾਰਟੀ 'ਚ ਸ਼ਾਮਿਲ ਹੋਣ ਵਾਲਿਆਂ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਜਗਤ ਰਾਮ ਭੱਟੀ, ਬਲਰਾਜ ਸਿੰਘ, ਕੁਲਦੀਪ ਸਿੰਘ ਅਤੇ ਪਾਰਟੀ ਦੇ ਹੋਰ ਅਹੁਦੇਦਾਰ ਤੇ ਵਰਕਰਜ਼ ਹਾਜ਼ਰ ਸਨ।

# ਆਮ ਆਦਮੀ ਪਾਰਟੀ ਦੇ ਕੁਨਬੇ 'ਚ ਵਾਧਾ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਰਮਨ ਬਹਿਲ ਦੀ ਅਗਵਾਈ ਹੇਠ ਆਮ ਆਦਮੀ ਪਰਟੀ ਦਿਨੋਂ-ਦਿਨ ਮਜ਼ਬੂਤ ਹੁੰਦੀ ਜਾ ਰਹੀ ਹੈ।ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਸਾਬਕਾ ਪ੍ਰਿੰ. ਬਲਬੀਰ ਸਿੰਘ, ਸਾਬਕਾ ਲੈਕਚਰਾਰ ਕਰਨੈਲ ਸਿੰਘ ਬੱਲ ਅਤੇ ਰੁਲਦੂ ਰਾਮ ਚਾਹੀਆ ਆਪਣੇ ਸਾਥੀਆਂ ਸਮੇਤ ਬੀਤੀ ਸ਼ਾਮ ਰਮਨ ਬਹਿਲ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ।ਇਸ ਮੌਕੇ ਪ੍ਰਿੰ. ਬਲਬੀਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਇਮਾਨਦਾਰੀ ਨਾਲ ਲੋਕਾਂ ਦੀ ਸੇਵਾ ਕੀਤੀ ਜਾ ਰਹੀ ਹੈ, ਜਿਸ ਤੋਂ ਪ੍ਰਭਾਵਿਤ ਹੋ ਕੇ ਉਹ ਆਪਣੇ ਸਾਥੀਆਂ ਸਮੇਤ ਆਪ ਵਿੱਚ ਸ਼ਾਮਲ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਸੂਬੇ ਦੇ ਨੌਜਵਾਨਾਂ ਨੂੰ ਇਮਾਨਦਾਰੀ ਤੇ ਪਾਰਦਰਸ਼ਤਾ ਨਾਲ ਮੈਰਿਟ 'ਤੇ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਆਪਣੇ ਪੁੱਤਰ ਤੇ ਧੀ ਨੂੰ ਮੈਰਿਟ ਦੇ ਅਧਾਰ ਤੇ ਨੌਕਰੀ ਮਿਲੀ ਹੈ। ਸ਼ਾਮਲ ਹੋਏ ਸਾਥੀਆਂ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੇ ਸੱਚੇ ਸਿਪਾਹੀ ਬਣ ਕੇ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ-ਰਾਤ ਕੰਮ ਕਰਨਗੇ।



# ਮੁੱਖ ਮੰਤਰੀ ਨੇ ਨਵਰਾਤਰੇ 'ਤੇ ਕੀਤੇ ਮਾਤਾ ਮਨਸਾ ਦੇਵੀ ਦੇ ਦਰਸ਼ਨ



**ਚੰਡੀਗੜ੍ਹ (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਆਪਣੀ ਧਰਮਪਤਨੀ ਸ੍ਰੀਮਤੀ ਸੁਮਨ ਸੈਣੀ ਸਮੇਤ ਅਸ਼ਵਿਨ ਨਵਰਾਤਰੇ ਦੇ ਦਿਨ ਪੰਚਕੂਲਾ ਸਥਿਤ ਮਾਤਾ ਮਨਸਾ ਦੇਵੀ ਮੰਦਿਰ ਵਿੱਚ ਮੱਥਾ ਟੇਕ ਪੂਰਾ ਅਰਚਨਾ ਕਰ ਮਹਾਮਾਈ ਦਾ ਆਸ਼ੀਰਵਾਦ ਲਿਆ ਅਤੇ ਸੂਬਾਵਾਸੀਆਂ ਦੀ ਸੁੱਖ, ਸ਼ਾਂਤੀ ਤੇ ਖੁਸ਼ਹਾਲੀ ਦੀ ਕਾਮਨਾ ਕੀਤੀ। ਮੁੱਖ ਮੰਤਰੀ ਨੇ ਇਸ ਦੇ ਬਾਅਦ ਮੰਦਿਰ ਪਰਿਸਰ ਵਿੱਚ ਸਥਿਤ ਯੱਗਸ਼ਾਲਾ ਪਹੁੰਚ ਕੇ ਹਵਨ ਯੱਗ ਵਿੱਚ ਹਿੱਸਾ ਲਿਆ ਅਤੇ ਆਹੂਤੀ ਪਾਈ।ਇਸ ਮੌਕੇ 'ਤੇ ਵਧੀਕ ਡਿਪਟੀ ਕਮਿਸ਼ਨਰ ਅਤੇ ਮਾਤਾ ਮਨਸਾ ਦੇਵੀ ਸ਼ਰਾਇਨ ਬੋਰਡ ਦੀ ਮੁੱਖ ਕਾਰਜਕਾਰੀ ਅਧਿਕਾਰੀ ਸ੍ਰੀਮਤੀ ਨਿਸ਼ਾ ਯਾਦਵ ਨੇ ਮੁੱਖ ਮੰਤਰੀ ਨੂੰ ਮਾਤਾ ਮਨਸਾ ਦੇਵੀ ਦੀ ਫੋਟੋ ਸਨਮਾਨ ਸਵਰੂਪ ਭੇਟ ਕੀਤੀ।

# ਸ਼ਹਿਰ ਤੇ ਬੇਟ ਇਲਾਕੇ 'ਚ ਜੁਗਾੜੂ ਵਾਹਨਾਂ ਦੀ ਹੋਈ ਭਰਮਾਰ; ਨਿੱਤ ਵਾਪਰਦੇ ਨੇ ਸੜਕੀ ਹਾਦਸੇ

**ਗੁਰਦਾਸਪੁਰ (ਜਨਕ ਮਹਾਜਨ)**- ਗੁਰਦਾਸਪੁਰ ਸ਼ਹਿਰ ਅਤੇ ਆਲੇ-ਦੁਆਲੇ ਅੱਜ-ਕੱਲ ਜੁਗਾੜੂ ਮੋਟਰਸਾਈਕਲ ਰਿਕਸ਼ੇ ਵਾਲਿਆਂ ਦੀ ਭਰਮਾਰ ਹੋ ਗਈ ਹੈ। ਇਹ ਲੋਕ ਪੁਰਾਣਾ ਮੋਟਰਸਾਈਕਲ ਖਰੀਦ ਕੇ ਉਸ ਦੇ ਪਿੱਛੇ ਲੱਕੜੀ ਦੀ ਟਰਾਲੀ ਬਣਾ ਕੇ ਰੇਹੜਾ ਬਣਾ ਲੈਂਦੇ ਹਨ ਜਿਸ ਦੀ ਨਾ ਕੋਈ ਰਜਿਸਟਰੇਸ਼ਨ ਅਤੇ ਨਾ ਹੀ ਕੋਈ ਟੈਕਸ ਦਿੱਤਾ ਜਾਂਦਾ ਹੈ। ਇਨ੍ਹਾਂ ਨੂੰ ਕੋਈ ਟਰੈਫਿਕ ਕਰਮਚਾਰੀ ਅਤੇ ਆਰ.ਟੀ.ਓ. ਚੈੱਕ ਨਹੀਂ ਕਰਦਾ ਜਿਸ ਕਰਕੇ ਬੇਝਿਜਕ ਸੜਕਾਂ ਦੇ ਦੌੜਦੇ ਨਜ਼ਰ ਆਉਂਦੇ ਹਨ। ਇਨਾਂ ਜੁਗਾੜੂ ਵਾਹਨਾਂ ਦਾ ਤਾਂ ਚਲਾਨ ਕਰਨ ਦੀ ਬਜਾਏ ਇਨ੍ਹਾਂ ਨੂੰ ਬਾਊਂਡ ਕਰਨਾ ਚਾਹੀਦਾ ਹੈ। ਇਹ ਲੋਕ ਸ਼ਰੇਆਮ ਹਰ ਤਰ੍ਹਾਂ ਦਾ ਸਾਮਾਨ ਰੇਤ, ਬਜਰੀ, ਸਰੀਆ, ਸਬਜ਼ੀ, ਕਰਿਆਨਾ ਅਤੇ ਕਈ ਵਾਰ ਸਵਾਰੀਆਂ ਵੀ ਬਿਠਾਈ ਫਿਰਦੇ ਹਨ। ਇਨ੍ਹਾਂ ਦੇ ਚਲਣ ਨਾਲ ਚਾਰ ਪਹੀਆ ਅਤੇ ਤਿੰਨ ਪਹੀਆ ਚਲਾਉਣ ਵਾਲੇ ਵਾਹਨ ਚਾਲਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਦੂਜੇ ਚਾਰ ਪਹੀਆ ਵਾਹਨ ਚਾਲਕਾਂ ਨੂੰ ਸਰਕਾਰ ਪਾਸ ਭਾਰੀ ਟੈਕਸ ਦੇਣਾ ਪੈਂਦਾ ਹੈ ਜਦਕਿ ਇਹ ਜੁਗਾੜੂ ਵਾਹਨ ਸਰਕਾਰ ਨੂੰ ਕੋਈ ਟੈਕਸ ਨਾ ਦੇ ਕੇ ਲੱਖਾਂ ਰੁਪਏ ਦਾ ਚੂਨਾ ਲਗਾ ਰਹੇ ਹਨ। ਇਨ੍ਹਾਂ ਵਾਹਨਾਂ ਨੂੰ ਕੁਝ ਲੋਕ ਆਪਣੇ ਪਰਿਵਾਰ ਸਮੇਤ ਬੜੀ ਤੇਜ਼ ਰਫ਼ਤਾਰ ਨਾਲ ਸੜਕਾਂ 'ਤੇ ਚਲਾਉਂਦੇ ਹਨ ਅਤੇ ਕਈ ਵਾਰ ਪਲਟ ਕੇ ਹਾਦਸੇ ਦਾ ਸ਼ਿਕਾਰ ਵੀ ਹੋ ਜਾਂਦੇ ਹਨ। ਟੈਕਸ ਭਰਨ ਵਾਲੇ ਵਾਹਨ ਚਾਲਕਾਂ ਦਾ ਕਹਿਣਾ ਹੈ ਕਿ ਇਨ੍ਹਾਂ ਬਿਨਾਂ ਸਰਕਾਰ ਦੀ ਮਨਜ਼ੂਰੀ 'ਤੇ ਚਲਣ ਵਾਲੇ ਜੁਗਾੜੂ ਰਿਕਸ਼ਿਆਂ ਨੂੰ ਟਰੈਫਿਕ ਪੁਲਿਸ ਅਤੇ ਆਰ.ਟੀ.ਓ ਨੂੰ ਭਾਰੀ ਜੁਰਮਾਨੇ ਕਰਨ ਦੇ ਨਾਲ-ਨਾਲ ਇਨ੍ਹਾਂ ਨੂੰ ਬਾਊਂਡ ਕਰਨਾ ਚਾਹੀਦਾ।



# ਖਾਲਸਾ ਕਾਲਜ 'ਚ ਵਿਸ਼ਵ ਅਲਜ਼ਾਈਮਰ ਡੇਅ ਮਨਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਚੀਫ਼ ਖ਼ਾਲਸਾ ਦੀਵਾਨ ਇੰਟਰਨੈਸ਼ਨਲ ਨਰਸਿੰਗ ਕਾਲਜ ਵਿਖੇ ਵਿਸ਼ਵ ਅਲਜ਼ਾਈਮਰ ਡੇਅ ਮਨਾਇਆ ਗਿਆ, ਜਿਥੇ ਕਾਲਜ ਦੇ ਚੇਅਰਮੈਨ ਡਾ.ਆਤਮਜੀਤ ਸਿੰਘ ਬਸਰਾ ਵਿਸੇਸ਼ਸ਼ ਤੌਰ ਤੇ ਪੁੱਜੇ।ਇਸ ਮੌਕੇ ਕਾਲਜ ਦੀ ਪ੍ਰਿੰ. ਡਾ.ਯਸ਼ਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਲਜ਼ਾਈਮਰ ਦਿਮਾਗ ਨਾਲ ਸਬੰਧਤ ਇੱਕ ਗੰਭੀਰ ਬਿਮਾਰੀ ਹੈ, ਜਿਸ ਵਿੱਚ ਨਿਊਰੋਟਰਾਂਸਮੀਟਰ ਦੀ ਅਸਮਾਨਤਾ ਕਾਰਨ ਦਿਮਾਗ ਦੇ ਸੈੱਲ ਖ਼ਤਮ ਹੋਣ ਲੱਗਦੇ ਹਨ ਅਤੇ ਨਿਊਰਾਨਾਂ ਰਾਹੀਂ ਆਦਾਨ-ਪ੍ਰਦਾਨ ਪ੍ਰਭਾਵਿਤ ਹੋ ਜਾਂਦਾ ਹੈ।ਇਸ ਬਿਮਾਰੀ ਦੇ ਮੁੱਖ ਲੱਛਣ ਯਾਦਦਾਸ਼ਤ ਦੀ ਕਮੀ ਅਤੇ ਸੋਚਣ ਦੀ ਸ਼ਕਤੀ ਦਾ ਘਟਣਾ ਹਨ।ਇਸ ਮੌਕੇ ਕਾਲਜ ਦੇ ਚੇਅਰਮੈਨ ਡਾ.ਆਤਮਜੀਤ ਸਿੰਘ ਬਸਰਾ ਨੇ ਕਿਹਾ ਕਿ ਅਜਿਹੇ ਸਿਹਤ ਸਬੰਧੀ ਪ੍ਰੋਗਰਾਮਾਂ ਰਾਹੀਂ ਵਿਦਿਆਰਥੀਆਂ ਦੇ ਪ੍ਰੈਕਟੀਕਲ ਗਿਆਨ ਵਿਚ ਵਾਧਾ ਹੁੰਦਾ ਹੈ ਜਿਸ ਨਾਲ ਵਿਦਿਆਰਥੀਆਂ ਨੂੰ ਮਰੀਜਾਂ ਦੀ ਸੰਭਾਲ ਬਿਹਤਰ ਢੰਗ ਨਾਲ ਕਰਨ ਦੀ ਜਾਣਕਾਰੀ ਮਿਲਦੀ ਹੈ।ਪ੍ਰੋਗਰਾਮ ਦੌਰਾਨ ਹਾਲ ਹੀ ਵਿੱਚ ਖਾਲਸਾ ਕਾਲਜ ਵਿਖੇ ਹੋਈ ਪੰਜਾਬ ਸਟੇਟ ਸਟੂਡੈਂਟ ਨਰਸਿਜ਼ ਐਸੋਸੀਏਸ਼ਨ ਕਾਨਫਰੰਸ ਵਿੱਚ ਵੱਖ—ਵੱਖ ਗਤੀਵਿਧੀਆਂ ਵਿਚ ਇਨਾਮ ਜਿੱਤਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।ਇਸ ਸਮਾਗਮ ਵਿੱਚ ਵਾਈਸ ਪ੍ਰਿੰ. ਡਾ. ਹਰਲੀਨ ਕੌਰ, ਡਾ. ਭਾਵਨਾ, ਪ੍ਰੋ. ਜਤਿੰਦਰ ਕੌਰ ਕਾਲਜ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।



# ਹੜ੍ਹ ਪੀੜਤਾਂ ਨੂੰ ਪੌਣੇ ਦੋ ਲੱਖ ਰੁਪਏ ਡੀਜ਼ਲ ਲਈ ਭੇਟ

ਚੋਹਲਾ ਸਾਹਿਬ 23 ਸਤੰਬਰ (ਰਮਨ ਚੱਢਾ)-ਬੀਤੇ ਦਿਨੀਂ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਵਿੱਚ ਹੋਈ ਭਾਰੀ ਬਾਰਿਸ਼ ਕਾਰਨ ਦਰਿਆ ਬਿਆਸ ਅਤੇ ਦਰਿਆ ਸਤਲੁਜ ਵਿੱਚ ਭਾਰੀ ਮਾਤਰਾ ਵਿੱਚ ਪਾਣੀ ਆਉਣ ਕਾਰਨ ਹੜ੍ਹ ਆ ਗਏ ਸਨ ਜਿਸ ਵਿੱਚ ਸੈਂਕੜੇ ਪਸ਼ੂ ਰੁੜ੍ਹ ਗਏ ਸਨ ਅਤੇ ਪਸ਼ੂਆਂ ਦਾ ਚਾਰਾ ਅਤੇ ਫਸਲਾਂ ਤਬਾਹ ਹੋ ਗਈਆਂ ਸਨ। ਇਸ ਦੁੱਖ ਦੀ ਘੜੀ ਵਿੱਚ ਜਿੱਥੇ ਪ੍ਰਸ਼ਾਸਨ ਨੇ ਹੜ੍ਹ ਪੀੜਤਾਂ ਦੀ ਮਦਦ ਕੀਤੀ ਉੱਥੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਨੇ ਵੀ ਗਰੀਬਾਂ ਦੀ ਬਾਂਹ ਫੜੀ ਅਤੇ ਉਨ੍ਹਾਂ ਦੀ ਮਦਦ ਕੀਤੀ। ਇਸ ਸਮੇਂ ਜਾਣਕਾਰੀ ਦਿੰਦੇ ਹੋਏ ਰਵਿੰਦਰ ਸਿੰਘ ਸ਼ੈਟੀ ਪਹਿਲਵਾਨ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹੜ੍ਹ ਪੀੜਤਾਂ ਦੀ ਮਦਦ ਕਰਨ ਲਈ ਰਣਯੋਦ ਸਮਰਾ ਫਿਲਮ ਸਟੇਸ਼ਨ ਉਸਮਾ, ਫੈਸਲ ਅਲੀ ਖਾਨ, ਰਸ਼ੀਦ ਪੀਰ, ਬਾਬਰ ਖਾਨ, ਡੇਹਰਾਦੂਨ, ਜੁਬੇਰ ਖਾਨ, ਰੋਮੀਓ, ਮੁਹੰਮਦ ਸਾਦ, ਲੱਖਾ ਸਿੰਘ ਪਹਿਲਵਾਨ ਸਰਪੰਚ ਚੋਹਲਾ ਸਾਹਿਬ, ਅਜੇਬੀਰ ਸਿੰਘ ਚੋਹਲਾ ਸਾਹਿਬ ਨੇ ਸਮਾਜਸੇਵੀ ਹੋਣ ਦਾ ਸਬੂਤ ਦਿੰਦੇ ਹੋਏ ਆਪਣੀ ਨੇਕ ਕਮਾਈ ਵਿੱਚੋਂ ਇੱਕ ਲੱਖ ਪਜੰਤਰ ਹਜ਼ਾਰ ਰੁਪਏ ਹੜ੍ਹ ਪੀੜਤਾਂ ਦੇ ਡੀਜ਼ਲ ਦੀ ਖਪਤ ਲਈ ਦਾਨ ਕੀਤੇ।



# ਨਰਸਿੰਗ ਪੇਸ਼ੇ ਸਾਹਮਣੇ ਚੁਣੌਤੀਆਂ 'ਤੇ ਹੋਈ ਵਿਚਾਰ-ਚਰਚਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖਾਲਸਾ ਕਾਲਜ ਆਫ਼ ਨਰਸਿੰਗ ਵੱਲੋਂ ਟਰੇਨਡ ਨਰਸ ਐਸੋਸੀਏਸ਼ਨ ਆਫ਼ ਇੰਡੀਆ (ਟੀ. ਐੱਨ. ਏ. ਆਈ. ) ਦੇ ਪੰਜਾਬ ਚੈਪਟਰ ਦੇ ਸਹਿਯੋਗ ਨਾਲ ਨਰਸਿੰਗ ਦੇ ਪੇਸ਼ੇ ਸਾਹਮਣੇ ਵੱਖ-ਵੱਖ ਚੁਣੌਤੀਆਂ 'ਤੇ ਚਰਚਾ ਕਰਨ ਲਈ '21ਵੀਂ ਐੱਸ. ਐੱਨ. ਏ. ਆਈ. ਬਾਈਨੇਅਲ ਕਾਨਫਰੰਸ ਆਯੋਜਿਤ ਕੀਤੀ ਗਈ।ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਦੇ ਯਤਨਾਂ ਨਾਲ ਕਰਵਾਈ ਗਈ ਉਕਤ ਕਾਨਫਰੰਸ ਮੌਕੇ ਸਿਹਤ ਸੰਭਾਲ ਦੇ ਨਵੇਂ ਸੰਕਟਾਂ ਦੇ ਹੱਲ ਲੱਭਣ ਲਈ ਖੇਤਰ ਭਰ ਦੇ ਨਰਸਿੰਗ ਪੇਸ਼ੇਵਰਾਂ, ਸਿੱਖਿਅਕਾਂ ਅਤੇ ਵਿਦਿਆਰਥੀਆਂ ਨੂੰ ਇਕਜੁਟ ਕਰਨ ਸਬੰਧੀ ਮਾਹਿਰਾਂ ਵੱਲੋਂ ਵਿਚਾਰ-ਵਟਾਂਦਰਾ ਕੀਤਾ ਗਿਆ। ਕਾਨਫਰੰਸ ਦੌਰਾਨ ਕੁਇਜ਼, ਰੰਗੋਲੀ, ਡਾਂਸ, ਪੈਨਸਿਲ ਸਕੈਚ, ਐਕਸਟੈਂਪੋਰ ਭਾਸ਼ਣ, ਲੇਖ ਲਿਖਣਾ, ਖੇਡਾਂ ਆਦਿ ਵੱਖ-ਵੱਖ ਪ੍ਰਤੀਯੋਗਤਾਵਾਂ ਵੀ ਕਰਵਾਈਆਂ ਗਈਆਂ।ਇਸ ਮੌਕੇ ਟੀ. ਐੱਨ. ਏ. ਆਈ. ਦੀ ਰਾਸ਼ਟਰੀ ਪ੍ਰਧਾਨ ਐਨੀ ਕੁਮਾਰ ਨੇ ਮੁੱਖ ਮਹਿਮਾਨ ਅਤੇ ਡਾ. ਜੋਤੀ ਵਾਲੀਆ ਉਪ-ਪ੍ਰਧਾਨ ਟੀ. ਐੱਨ. ਏ. ਆਈ. (ਉੱਤਰੀ ਖੇਤਰ) ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ 'ਅੱਜ ਸਿੱਖਣਾ, ਕੱਲ੍ਹ ਦੀ ਅਗਵਾਈ ਕਰਨਾ-ਨਰਸਿੰਗ ਵਿਦਿਆਰਥੀਆਂ ਦੀ ਯਾਤਰਾ' ਵਿਸ਼ੇ 'ਤੇ ਅਧਾਰਿਤ ਕਾਨਫਰੰਸ ਦੌਰਾਨ ਨਰਸਿੰਗ ਸਿੱਖਿਆ 'ਚ ਉੱਭਰ ਰਹੇ ਰੁਝਾਨਾਂ ਬਾਰੇ ਵਿਸਥਾਰਵਪੂਰਕ ਗੱਲ ਕੀਤੀ। ਇਸ ਕਾਨਫਰੰਸ ਦੌਰਾਨ ਖ਼ਾਲਸਾ ਯੂਨੀਵਰਸਿਟੀ ਦੇ ਉੱਪ ਕੁਲਪਤੀ ਡਾ. ਮਹਿਲ ਸਿੰਘ ਅਤੇ ਡਾ. ਜਸਬੀਰ ਕੌਰ, ਸਾਬਕਾ ਪ੍ਰਧਾਨ, ਟੀ. ਐੱਨ. ਏ. ਆਈ. (ਪੰਜਾਬ ਰਾਜ ਸ਼ਾਖਾ) ਨੇ ਉਚੇਚੇ ਤੌਰ 'ਤੇ ਸ਼ਾਮਿਲ ਹੁੰਦਿਆਂ ਨਰਸਿੰਗ ਪੇਸ਼ੇ 'ਚ ਨਵੀਆਂ ਜ਼ਰੂਰਤਾਂ ਅਤੇ ਤਬਦੀਲੀਆਂ 'ਤੇ ਜ਼ੋਰ ਦਿੱਤਾ।ਜਦਕਿ ਡਾ. ਹਰਮੀਤ ਕੌਰ ਕੰਗ, ਪ੍ਰਧਾਨ-ਟੀ.ਐਨ.ਏ.ਆਈ. (ਪੰਜਾਬ ਰਾਜ), ਡਾ. ਪ੍ਰਭਜੋਤ ਕੌਰ ਸੈਣੀ, ਸਕੱਤਰ-ਟੀ.ਐਨ.ਏ.ਆਈ. ਪੰਜਾਬ ਰਾਜ ਅਤੇ ਹੋਰ ਕਾਰਜਕਾਰੀ ਮੈਂਬਰਾਂ ਨੇ ਵੀ ਉਕਤ ਵਿਸ਼ੇ 'ਤੇ ਗੱਲ ਕੀਤੀ।


# ਸਕੂਲ ਪੱਧਰ 'ਤੇ ਕਿਸ਼ੋਰ ਸਿੱਖਿਆ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਨੂੰ ਕੀਤਾ ਜਾਵੇਗਾ ਜਾਗਰੂਕ : ਡੀ ਈ ਓ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਐੱਸਸੀਈਆਰਟੀ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਜ਼ਿਲਾ ਸਿੱਖਿਆ ਅਫਸਰ (ਸ਼ੈ:ਸਿੱ) ਗੁਰਦਾਸਪੁਰ ਪਰਮਜੀਤ ਦੀ ਯੋਗ ਅਗਵਾਈ ਹੇਠ ਐੱਸ. ਐੱਸ. ਐੱਮ ਕਾਲਜ ਦੀਨਾਨਗਰ ਵਿਖੇ ਐਡਵੋਕੇਸੀ ਵਰਕਸ਼ਾਪਾਂ ਦੀ ਸਮਾਪਤੀ ਹੋਈ, ਜਿਸ ਵਿੱਚ ਜਿਲੇ ਦੇ ਸਮੂਹ ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਸਕੂਲ ਮੁਖੀਆਂ ਅਤੇ ਹਰੇਕ ਸਕੂਲ ਵਿੱਚੋਂ ਇੱਕ ਇੱਕ ਏਈਪੀ ਨੋਡਲ ਟੀਚਰ ਤੋਂ ਇਲਾਵਾ ਕੁੱਝ ਪ੍ਰਾਈਵੇਟ ਅਤੇ ਏਡਿਡ ਸਕੂਲਾਂ ਨੇ ਵੀ ਹਿੱਸਾ ਲਿਆ ।ਜ਼ਿਲ੍ਹਾ ਨੋਡਲ ਅਫਸਰ (ਏਈਪੀ) ਸ: ਅਮਰਜੀਤ ਸਿੰਘ ਪੁਰੇਵਾਲ ਨੇ ਜਾਣਕਾਰੀ ਸਾਂਝੀ ਕੀਤੀ ਕਿ ਇਸ ਵਰਕਸ਼ਾਪ ਦੌਰਾਨ ਸਮੂਹ ਨੂੰ ਵੱਖ ਵੱਖ ਕਿਸ਼ੋਰ ਸਿਹਤ ਪ੍ਰੋਗ੍ਰਾਮ , ਰਾਸ਼ਟਰੀ ਜਨਸੰਖਿਆ, ਸਕੂਲ ਹੈਲਥ ਪ੍ਰੋਗ੍ਰਾਮ, ਟੀ.ਬੀ ਰੋਗ, ਏਡਜ ਅਵੇਅਰਨੈਸ, ਸੈਨੇਟਰੀ ਪੈਡ ਦੀ ਵਰਤੋਂ ਤੇ ਸਾਭ ਸੰਭਾਲ, ਭਰੂਣ ਹੱਤਿਆ, ਖੂਨਦਾਨ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਆਦਿ ਮੁੱਖ ਸਨ । ਉਹਨਾਂ ਦੱਸਿਆ ਕਿ ਹੁਣ ਇਹ ਟ੍ਰੇਂਡ 447 ਏਈਪੀ ਨੋਡਲ ਟੀਚਰ ਵਿਸ਼ਿਆਂ ਤੇ ਵਿਸ਼ਾ ਮਾਹਿਰਾਂ ਵੱਲੋਂ ਭਰਪੂਰ ਜਾਣਕਾਰੀ ਦਿੱਤੀ ਜਿਸ ਵਿੱਚ ਰਾਸ਼ਟਰੀ ਸਕੂਲ ਮੁਖੀ ਦੀ ਰਹਿਨੁਮਾਈ ਹੇਠ ਸਕੂਲ ਪੱਧਰ 'ਤੇ ਵੱਖ ਵੱਖ ਤਰਾਂ ਦੇ ਪ੍ਰੋਗ੍ਰਾਮ ਆਯੋਜਿਤ ਕਰਕੇ ਵਿਦਿਆਰਥੀਆਂ ਨੂੰ ਜਾਗਰੂਕ ਕਰਨਗੇ ਤਾਂ ਜੋ ਉਹ ਇਨ੍ਹਾਂ ਮਾੜੀਆਂ ਅਲਾਮਤਾਂ ਤੋਂ ਬਚ ਸਕਣ । ਇਸ ਤਹਿਤ ਵਿਦਿਆਰਥੀਆਂ ਦੇ ਸਕੂਲ ਪੱਧਰ ਤੇ ਚਾਰਟ ਮੁਕਾਬਲੇ, ਭਾਸ਼ਣ ਮੁਕਾਬਲੇ, ਕੁਇਜ ਮੁਕਾਬਲੇ, ਨਸ਼ਾ ਵਿਰੋਧੀ ਰੈਲੀਆਂ, ਸਾਈਕਲ ਰੈਲੀਆਂ ਅਤੇ ਡਰਾਮੇ ਆਦਿ ਕੰਡਕਟ ਕਰਵਾਏ ਜਾਣਗੇ ਅਤੇ ਇਸ ਦੀ ਰਿਪੋਰਟ ਸਟੇਟ ਦੇ ਮਾਧਿਅਮ ਰਾਹੀਂ ਸਿਹਤ ਵਿਭਾਗ ਅਤੇ ਸਿੱਖਿਆ ਵਿਭਾਗ ਦਿੱਲੀ ਨੂੰ ਸ਼ੇਅਰ ਕੀਤੀ ਜਾਵੇਗੀ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਵਿਦਿਆਰਥੀਆਂ ਨੂੰ ਇਨ੍ਹਾਂ ਅਲਾਮਤਾਂ ਤੋਂ ਬਚਾਉਣ ਲਈ ਵੱਧ ਤੋਂ ਪ੍ਰੋਗਰਾਮ ਕੰਡਕਟ ਜਾ ਸਕਨਗੇ ।



# ਪਵਨਜੀਤ ਸਿੱਧੂ 'ਆਪ' ਹਲਕਾ ਬੰਗਾ ਦੇ ਸੰਗਠਨ ਇੰਚਾਰਜ ਨਿਯੁਕਤ

**ਬੰਗਾ (ਅਵਤਾਰ ਕਲੇਰ)**- ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਅਤੇ ਪ੍ਰਧਾਨ ਅਮਨ ਅਰੋੜਾ ਵੱਲੋਂ ਜਾਰੀ ਕੀਤੀ ਇੱਕ ਸੂਚੀ ਅਨੁਸਾਰ ਪੰਜਾਬ ਦੇ 15 ਹਲਕਿਆਂ ਦੇ ਹਲਕਾ ਸੰਗਠਨ ਇੰਚਾਰਜ ਨਵੇਂ ਲਗਾਏ ਗਏ ਹਨ। ਜਿਸ ਅਨੁਸਾਰ ਪਵਨਜੀਤ ਸਿੱਧੂ ਗੁਣਾਚੌਰ ਨੂੰ ਹਲਕਾ ਬੰਗਾ ਦਾ ਸੰਗਠਨ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ ਤੇ ਪਵਨਜੀਤ ਸਿੱਧੂ ਵੱਲੋਂ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਮਨੀਸ਼ ਸਿਸੋਦੀਆ ਪੰਜਾਬ ਪ੍ਰਭਾਰੀ,ਅਮਨ ਅਰੋੜਾ ਪੰਜਾਬ ਪ੍ਰਧਾਨ, ਮਲਵਿੰਦਰ ਸਿੰਘ ਕੰਗ ਮੈਂਬਰ ਪਾਰਲੀਮੈਂਟ ਸ੍ਰੀ ਅਨੰਦਪੁਰ ਸਾਹਿਬ, ਡਾ ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ ਵਿਧਾਨ ਸਭਾ ਬੰਗਾ ਅਤੇ ਹਲਕਾ ਇੰਚਾਰਜ ਸੋਹਣ ਲਾਲ ਢੰਡਾ ਜ਼ਿਲ੍ਹਾ ਪ੍ਰਧਾਨ ਐਸੀ ਵਿੰਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਦਾਰੀ ਮਿਹਨਤ ਅਤੇ ਲਗਨ ਨਾਲ ਨਿਭਾਉਣਗੇ। ਇਸ ਨਿਯੁਕਤੀ ਤੇ ਕੁਲਦੀਪ ਕੁਮਾਰ ਬਸਰਾ, ਪ੍ਰਦੀਪ ਕਲਸੀ, ਨੰਬਰਦਾਰ ਗੁਰਮੀਤ ਸਿੰਘ, ਗੁਰਜੀਤ ਸਿੰਘ ਪੁਰੇਵਾਲ, ਤੀਰਥ ਸਿੰਘ ਸਿੱਧੂ, ਅਮਨਦੀਪ ਸਿੰਘ ਸਿੱਧੂ, ਹਰਬੰਸ ਸਿੰਘ, ਰਾਕੇਸ਼ ਕੁਮਾਰ, ਕਿਸ਼ੋਰ ਕੁਮਾਰ ਖੁਰਾਣਾ, ਪੰਡਿਤ ਪ੍ਰੇਮ ਕੁਮਾਰ ਵੱਲੋਂ ਪਵਨਜੀਤ ਸਿੱਧੂ ਨੂੰ ਸਹਿਯੋਗ ਦੇਣ ਦਾ ਭਰੋਸਾ ਦਿੰਦੇ ਹੋਏ ਵਧਾਈ ਦਿੱਤੀ ਗਈ।



# ਸ਼ੋਕ ਸਮਾਚਾਰ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸੀਨੀਅਰ ਪੱਤਰਕਾਰ ਵਿਜੈ ਬਾਵਾ ਬਿਲਗਾ ਨੂੰ ਉਸ ਸਮੇਂ ਬਹੁਤ ਗਹਿਰਾ ਸਦਮਾ ਪੁੱਜਾ ਜਦੋ ਉਨ੍ਹਾਂ ਦੇ ਪੁੱਤਰ ਰਜਿੰਦਰ ਬਾਵਾ 32 ਸਾਲ ਦਾ ਬੀਤੇ ਦਿਨ ਦੇਹਾਂਤ ਹੋ ਗਿਆ। ਰਜਿੰਦਰ ਬਾਵਾ ਦਾ ਸੰਸਕਾਰ ਕੀਤਾ ਗਿਆ। ਲਾਇਨ ਵਿਜੈ ਬਾਵਾ ਦੀ ਧਰਮ ਪਤਨੀ ਦਾ ਦਿਹਾਂਤ ਵੀ ਪਿਛਲੇ ਸਾਲ ਹੋ ਗਿਆ ਸੀ ਸ੍ਰੀ ਗਰੁੜ ਪੁਰਾਣ ਪਾਠ ਦੇ ਭੋਗ ਮਿਤੀ 27 ਸਤੰਬਰ ਹਰੀ ਹਰ ਮੰਦਿਰ ਬੱਸ ਅੱਡਾ ਪੱਤੀ ਭਲਾਈ ਬਿਲਗਾ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਵਿਖੇ ਬਾਅਦ ਦੁਪਹਿਰ 1 ਵਜੇ ਤੋਂ 2 ਵਜੇ ਤੱਕ ਪਾਇਆ ਜਾਵੇਗਾ।

24 Sep Page 9.qxd 9/23/2025 9:57 PM Page 1





## ਸਿਹਤਮੰਦ ਨੌਜਵਾਨ ਹੀ ਮਜ਼ਬੂਤ ਭਾਰਤ ਦੀ ਪਛਾਣ : ਡਾ. ਸੂਫ਼ੀ ਰਾਜ ਜੈਨ

**ਹੁਸ਼ਿਆਰਪੁਰ (ਯੂ ਐਨ ਆਈ)**- ਨਸ਼ਾ ਮੁਕਤ ਯੁਵਾ-ਵਿਕਸਤ ਭਾਰਤ ਮੁਹਿੰਮ ਤਹਿਤ ਸੇਵਾ ਪੰਦਰਵਾੜੇ ਦੌਰਾਨ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ ਸਰਵ ਧਰਮ ਖਵਾਜਾ ਮੰਦਰ ਦੇ ਸੰਸਥਾਪਕ ਅਤੇ ਰਾਸ਼ਟਰੀ ਪ੍ਰਧਾਨ ਅਤੇ ਸੂਫ਼ੀ ਇਸਲਾਮਿਕ ਬੋਰਡ (ਉੱਤਰੀ) ਦੇ ਰਾਸ਼ਟਰੀ ਉਪ ਪ੍ਰਧਾਨ ਡਾ. ਸੂਫ਼ੀ ਰਾਜ ਜੈਨ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਵਦੇਸ਼ੀ ਅਪਣਾਉਣ ਦਾ ਪ੍ਰੇਰਨਾਦਾਇਕ ਸੰਦੇਸ਼ ਦਿੱਤਾ। ਡਾ. ਜੈਨ ਨੇ ਕਿਹਾ ਕਿ ਨਸ਼ਾ ਕੇਵਲ ਸਰੀਰ ਨੂੰ ਹੀ ਨਹੀਂ ਸਗੋਂ ਆਤਮਾ ਨੂੰ ਵੀ ਖੋਖਲਾ ਕਰ ਦਿੰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਜਦੋਂ ਤੱਕ ਸਰੀਰ ਤੰਦਰੁਸਤ ਨਹੀਂ ਹੁੰਦਾ, ਧਰਮ ਅਤੇ ਕਰਮ ਦੋਵੇਂ ਅਧੂਰੇ ਰਹਿੰਦੇ ਹਨ। ਇਹ ਪ੍ਰੋਗਰਾਮ ਯੁਵਾ ਮਾਮਲਿਆਂ ਅਤੇ ਖੇਡ ਮੰਤਰਾਲੇ ਦੀ ਇੱਕ ਸੰਸਥਾ 'ਮਾਇਆ ਭਾਰਤ' ਦੇ ਮਾਰਗਦਰਸ਼ਨ ਹੇਠ ਸੰਪਨ ਹੋਇਆ। ਇਸ ਮੌਕੇ ਏ ਆਈ ਜੀ ਕ੍ਰਾਈਮ ਬ੍ਰਾਂਚ ਜਲੰਧਰ ਮਨਜੀਤ ਕੌਰ, ਜ਼ਿਲ੍ਹਾ ਸਿੱਖਿਆ ਅਧਿਕਾਰੀ ਲਲਿਤਾ ਅਰੋੜਾ, ਸਿਵਲ ਹਸਪਤਾਲ ਦੇ ਉਪ ਪ੍ਰਧਾਨ ਅਭਿਨਵ ਸ਼੍ਰੀਵਾਸਤਵ ਅਤੇ ਜ਼ਿਲ੍ਹਾ ਨਸ਼ਾ ਛੁਡਾਊ ਤੇ ਮੁੜ ਵਸੇਬਾ ਕੇਂਦਰ ਦੇ ਸਲਾਹਕਾਰ ਪ੍ਰਸ਼ਾਂਤ ਆਦਿਆ ਤੇ ਸੰਦੀਪ ਕੁਮਾਰੀ ਨੇ ਪ੍ਰੋਗਰਾਮ ਵਿੱਚ ਮੁੱਖ ਭੂਮਿਕਾ ਨਿਭਾਈ। ਇਸ ਸਮਾਗਮ ਵਿੱਚ ਸਰਵ ਧਰਮ ਖਵਾਜਾ ਮੰਦਰ ਦੀ ਜਨਰਲ ਸਕੱਤਰ ਦਿਵਿਆ ਵੀ ਮੌਜੂਦ ਸੀ। ਉਨ੍ਹਾਂ ਸਾਰਿਆਂ ਦੀ ਚੰਗੀ ਸਿਹਤ ਅਤੇ ਸਫਲਤਾ ਦੀ ਕਾਮਨਾ ਕੀਤੀ।

## ਟਿਵਾਣਾ ਦੇ ਕਿਸਾਨਾਂ ਦੀ ਮਦਦ ਲਈ ਅੱਗੇ ਆਏ ਐਨ ਕੇ ਸ਼ਰਮਾ

### ਦਿੱਤਾ ਇੱਕ ਹਜ਼ਾਰ ਲੀਟਰ ਡੀਜ਼ਲ, ਲੋੜਵੰਦ ਪਰਵਾਰਾਂ ਨੂੰ ਦਿੱਤਾ ਰਾਸ਼ਨ

**ਲਾਲੜੂ (ਵਿਨੈ ਕੁਮਾਰ ਜੈਨ)**- ਲਾਲੜੂ ਦੇ ਪਿੰਡ ਟਿਵਾਣਾ ਵਿੱਚ ਹੜ੍ਹ ਕਾਰਨ ਤਬਾਹ ਹੋਏ ਪੁਲ ਦੇ ਨਿਰਮਾਣ ਵਿੱਚ ਲੱਗੇ ਕਿਸਾਨਾਂ ਅਤੇ ਪਿੰਡ ਵਾਸੀਆਂ ਦੀ ਮਦਦ ਲਈ ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨਚੀ ਅਤੇ ਸਾਬਕਾ ਵਿਧਾਇਕ ਐਨ.ਕੇ. ਸ਼ਰਮਾ ਅੱਗੇ ਆਏ ਹਨ।ਐਨ.ਕੇ. ਸ਼ਰਮਾ ਨੇ ਪਾਰਟੀ ਆਗੂ ਬੁੱਲ੍ਹ ਰਾਣਾ, ਬਹਾਦਰ ਸਿੰਘ ਝਰਮੜੀ ਸਮੇਤ ਕਈ ਹੋਰ ਆਗੂਆਂ ਨਾਲ ਟਿਵਾਣਾ ਦਾ ਦੌਰਾ ਕੀਤਾ। ਐਨ.ਕੇ. ਸ਼ਰਮਾ ਨੇ ਕਿਹਾ ਕਿ ਇਸ ਪੁਲ ਦੇ ਵਹਿ ਜਾਣ ਕਾਰਨ ਪਿੰਡ ਵਾਸੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨ ਅਤੇ ਪਿੰਡ ਵਾਸੀ ਆਪਣੇ ਪੱਧਰ 'ਤੇ ਇੱਥੇ ਪੁਲ ਬਣਾ ਰਹੇ ਹਨ। ਉਹਨਾਂ ਨੇ ਦੱਸਿਆ ਕਿ ਕਿਸਾਨਾਂ ਦੀ ਮਦਦ ਲਈ ਇੱਥੇ ਇੱਕ ਹਜ਼ਾਰ ਲੀਟਰ ਡੀਜ਼ਲ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਪਾਰਟੀ ਵਰਕਰਾਂ ਨੂੰ ਟ੍ਰੈਕਟਰਾਂ ਸਮੇਤ ਪਿੰਡ ਵਾਸੀਆਂ ਦੀ ਮਦਦ ਲਈ ਉਤਾਰਿਆ ਗਿਆ ਹੈ।ਇਸ ਦੌਰੇ ਦੌਰਾਨ ਸ਼ਰਮਾ ਨੇ ਡੰਗਡਹਰਾ ਪਿੰਡ ਵਿੱਚ ਹੜ੍ਹ ਪ੍ਰਭਾਵਿਤ ਪਰਵਾਰਾਂ ਨੂੰ ਰਾਸ਼ਨ ਵੀ ਵੰਡਿਆ। ਇਸ ਮੌਕੇ ਅਕਾਲੀ ਆਗੂ ਪਰਵਿੰਦਰ ਸਿੰਘ ਜੌਲਾ, ਗੁਰਦੀਪ ਔਜਲਾ, ਮਲਕੀਤ ਸਿੰਘ ਸਾਧਾਂਪੁਰ, ਗੁਰਜੀਤ ਸਿੰਘ ਕੁਰਲੀ, ਮਨਪ੍ਰੀਤ ਸਿੰਘ ਅਮਲਾਲਾ, ਬਿੱਲਾ ਸੰਗੋਥਾ, ਵਿਕਰਮ ਸਰਸੀਨੀ, ਗੁਰਵਿੰਦਰ ਹਸਨਪੁਰ, ਹਰਪਾਲ, ਗਗਨ ਸਮੇਤ ਕਈ ਆਗੂ ਮੌਜੂਦ ਸਨ।



## ਪੰਜਾਬ ਹਾਕੀ ਲੀਗ 2025 : ਰਾਊਂਡ ਗਲਾਸ ਅਕੈਡਮੀ, ਸੁਰਜੀਤ ਅਕੈਡਮੀ, ਸਾਈ ਸੋਨੀਪਤ ਤੇ ਐੱਸ ਜੀ ਪੀ ਸੀ ਅਕੈਡਮੀ ਵੱਲੋਂ ਜਿੱਤਾਂ ਦਰਜ

**ਜਲੰਧਰ (ਸ਼ੈਲੀ ਐਲਬਰਟ)**- ਰਾਊਂਡ ਗਲਾਸ ਅਕੈਡਮੀ, ਸੁਰਜੀਤ ਅਕੈਡਮੀ, ਸਾਈ ਸੋਨੀਪਤ ਅਤੇ ਐਸਜੀਪੀਸੀ ਅਕੈਡਮੀ ਵਲੋਂ ਆਪਣੇ ਆਪਣੇ ਲੀਗ ਮੈਚ ਜਿੱਤ ਕੇ ਤਿੰਨ ਤਿੰਨ ਅੰਕ ਹਾਸਲ ਕਰ ਲਏ। ਸਥਾਨਕ ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਖੇ ਹਾਕੀ ਪੰਜਾਬ ਅਤੇ ਰਾਊਂਡ ਗਲਾਸ ਸਪੋਰਟਸ ਵਲੋਂ ਸਾਂਝੇ ਤੌਰ 'ਤੇ ਕਰਵਾਈ ਜਾ ਰਹੀ ਪੰਜਾਬ ਹਾਕੀ ਲੀਗ 2025 ਦੇ ਦੂਜੇ ਦੌਰ ਦੇ 6ਵੇਂ ਦਿਨ ਕੁਲ ਚਾਰ ਲੀਗ ਮੈਚ ਖੇਡੇ ਗਏ। ਪਹਿਲੇ ਮੈਚ ਵਿੱਚ ਰਾਊਂਡ ਗਲਾਸ ਅਕੈਡਮੀ ਨੇ ਐਸਡੀਏਟੀ ਤਾਮਿਲਨਾਡੂ ਨੂੰ 5-2 ਨਾਲ ਹਰਾਇਆ। ਜੇਤੂ ਟੀਮ ਵਲੋਂ ਅਮਨ ਦੀਪ ਨੇ ਦੋ, ਜੋਬਨਪ੍ਰੀਤ, ਗੁਰਸੇਵਕ ਅਤੇ ਸੁਖਮਨਪ੍ਰੀਤ ਸਿੰਘ ਨੇ ਇਕ ਇਕ ਗੋਲ ਕੀਤਾ। ਜਦਕਿ ਤਾਮਿਲਨਾਡੂ ਵਲੋਂ ਐਸ ਕ੍ਰਿਸ਼ਨਨ ਅਤੇ ਐਸ ਵਿਸ਼ਾਲ ਨੇ ਗੋਲ ਕੀਤੇ। ਰਾਊਂਡ ਗਲਾਸ ਦੇ ਅਨੁਰਾਗ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ।ਦੂਜੇ ਮੈਚ ਵਿੱਚ ਐੱਸ ਜੀ ਪ ਸਿ ਅਕੈਡਮੀ ਨੇ ਨੇਵਲ ਟਾਟਾ ਅਕੈਡਮੀ ਜਮਸ਼ੇਦਪੁਰ ਨੂੰ 5-4 ਨਾਲ ਹਰਾਇਆ। ਜੇਤੂ ਟੀਮ ਵਲੋਂ ਸ਼ੇਰ ਭੁਜਤੁਰ ਸਿੰਘ ਨੇ ਦੋ, ਸੁਖਦੇਵ ਸਿੰਘ, ਹਰਵਿੰਦਰ ਅਤੇ ਕਮਲਜੀਤ ਸਿੰਘ ਨੇ ਇੱਕ ਇੱਕ ਗੋਲ ਕੀਤਾ। ਜਦਕਿ ਨੇਵਲ ਟਾਟਾ ਵਲੋਂ ਆਸ਼ੀਸ਼ ਤਨੀ ਪੂਰਤੀ ਨੇ ਦੋ, ਪਤਰਸ ਹਾਸਾ, ਮੋਹਿਤ ਨਾਇਕ,ਅਨੀਸ਼ ਡੁੰਗ ਡੁੰਗ ਨੇ ਇਕ ਇਕ ਗੋਲ ਕੀਤਾ। ਐੱਸ ਜੀ ਪੀ ਸੀ ਦੇ ਕਰਨਦੀਪ ਸਿੰਘ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ।ਤੀਜੇ ਮੈਚ ਵਿੱਚ ਸੁਰਜੀਤ ਹਾਕੀ ਅਕੈਡਮੀ ਨੇ ਗੁਮਹੇਰਾ ਅਕੈਡਮੀ ਨੂੰ 5-1 ਨਾਲ ਹਰਾਇਆ। ਜੇਤੂ ਟੀਮ ਵਲੋਂ ਜੋਗਰਾਜ ਭੂਸ਼ਨ ਨੇ ਦੋ, ਅਭਿਸ਼ੇਕ ਗੌਰਵੀ, ਮਨਮੀਤ ਸਿੰਘ ਰਾਏ ਅਤੇ ਜਸ਼ਨਪ੍ਰੀਤ ਨੇ ਇਕ ਇਕ ਗੋਲ ਕੀਤਾ। ਜਦਕਿ ਗੁਮਹੇਰਾ ਵਲੋਂ ਇਕ ਗੋਲ ਕੁਸ਼ਾਗਰ ਨੇ ਕੀਤਾ। ਸੁਰਜੀਤ ਅਕੈਡਮੀ ਦੇ ਮਨਜੋਤ ਸਿਮਘ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ।ਚੌਥੇ ਮੈਚ ਵਿੱਚ ਸਾਈ ਸੋਨੀਪਤ ਨੇ ਨਾਮਧਾਰੀ ਅਕੈਡਮੀ ਨੂੰ 6-2 ਨਾਲ ਹਰਾਇਆ। ਜੇਤੂ ਟੀਮ ਵਲੋਂ ਨਿਤਨ ਨੇ ਤਿੰਨ ਗੋਲ ਕਰਕੇ ਹੈਟ੍ਰਿਕ ਕੀਤੀ, ਜਦਕਿ ਅੰਕੁਸ਼, ਪ੍ਰਿੰਸ ਸ਼ਰਮਾ ਅਤੇ ਅੰਕੁਰ ਨੇ ਇਕ ਇਕ ਗੋਲ ਕੀਤਾ। ਜਦਕਿ ਨਾਮਧਾਰੀ ਵਲੋਂ ਗੁਰਪ੍ਰੀਤ ਅਤੇ ਮਿਸਬਾਹ ਖਾਨ ਨੇ ਇਕ ਇਕ ਗੋਲ ਕੀਤਾ। ਸੋਨੀਪਤ ਦੇ ਪੰਕਜ ਸ਼ਰਮਾ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ। ਮੈਚਾਂ ਦੇ ਮੁੱਖ ਮਹਿਮਾਨ ਉਲੰਪਅਿਨ ਬਲਵਿੰਦਰ ਸਿੰਘ ਸ਼ੰਮੀ, ਇਕਬਾਲ ਸਿਮਘ ਸ਼ੰਧੂ, ਉਲੰਪੀਅਨ ਦਵਿੰਦਰ ਸਿੰਘ ਗਰਚਾ, ਉਲੰਪੀਅਨ ਗੁਨਦੀਪ ਕੁਮਾਰ, ਉਲੰਪੀਅਨ ਜਰਮਨਪ੍ਰੀਤ ਸਿੰਘ ਨੇ ਟੀਮਾਂ ਨਾਲ ਜਾਣ ਪਛਾਣ ਕੀਤੀ।



## ਮੋਦੀ ਦੇ ਜਨਮ ਦਿਨ ਨੂੰ ਸਮਰਪਿਤ ਖੂਨਦਾਨ ਕੈਂਪ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਸਿਹਤ ਵਿਭਾਗ ਭਾਰਤ ਸਰਕਾਰ ਅਤੇ ਪੰਜਾਬ ਸਟੇਟ ਬਲੱਡ ਟਰਾਂਸਫਿਊਜ਼ਨ ਕੌਂਸਲ ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਲੋਂ ਮਨਾਏ ਜਾ ਰਹੇ ਸੇਵਾ ਪੰਦਰਵਾੜੇ ਦੀ ਆਰੰਭਤਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਦਿਨ ਨੂੰ ਸਮਰਪਿਤ ਖੂਨਦਾਨ ਕੈਂਪ ਨਾਲ ਕੀਤੀ ਗਈ। ਸਮਾਜ ਸੇਵਿਕਾ ਅਨੀਤਾ ਸੋਮ ਪ੍ਰਕਾਸ਼ ਦੇ ਉਪਰਾਲੇ ਸਦਕਾ 40 ਨੌਜਵਾਨਾਂ ਨੇ ਇਸ ਖੂਨ ਦਾਨ ਕੈਂਪ ਵਿੱਚ ਹਿੱਸਾ ਲੈਂਦਿਆਂ ਆਪਣਾ ਖੂਨਦਾਨ ਕੀਤਾ। ਬਲੱਡ ਬੈਂਕ ਦੇ ਸਰਪ੍ਰਸਤ ਕੇ ਕੇ ਸਰਦਾਨਾ ਦੀ ਰਹਿਨੁਮਾਈ ਅਤੇ ਪ੍ਰਧਾਨ ਮਲਕੀਅਤ ਸਿੰਘ ਰਗਬੋਤਰਾ ਦੀ ਦੇਖਰੇਖ ਹੇਠ ਆਯੋਜਿਤ ਕੈਂਪ ਦਾ ਉਦਘਾਟਨ ਬਤੌਰ ਮੁੱਖ ਮਹਿਮਾਨ ਪਹੁੰਚੇ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਕੈਂਥ ਵੱਲੋਂ ਕੀਤਾ ਗਿਆ। ਉਹਨਾਂ ਨੇ ਸਮੂਹ ਹਾਜ਼ਰੀਨ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਦਿਨ ਦੀ ਵਧਾਈ ਦਿੱਤੀ ਤੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੂਨਦਾਨ ਕਰਨ ਲਈ ਪ੍ਰੇਰਿਆ। ਉਹਨਾਂ ਖੂਨ ਦਾਨੀਆਂ ਨੂੰ ਸਰਟੀਫਿਕੇਟ ਵੀ ਵੰਡੇ। ਬਲੱਡ ਬੈਂਕ ਦੇ ਪ੍ਰਬੰਧਕਾਂ ਗੁਰਮੀਤ ਪਲਾਹੀ, ਹਰਬੰਸ ਲਾਲ ਅਤੇ ਹੋਰਨਾਂ ਨੇ ਸਮੂਹ ਖੂਨ ਦਾਨੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸਾਬਕਾ ਮੇਅਰ ਅਰੁਣ ਖੋਸਲਾ, ਸੋਨੂੰ ਰਾਵਲਪਿੰਡੀ, ਨਿਤਿਨ ਚੱਢਾ, ਜੀਤਾ ਪੰਡਵਾ, ਪੁਨੀਤ ਕੁਮਾਰ, ਰਿੰਕੂ, ਸਿਟੀ ਕੇਬਲ ਤੋਂ ਰਾਜਾ, ਰਾਣਾ, ਵਿਨੇ, ਵਿਸ਼ਵਾ ਮਿੱਤਰ ਸ਼ਰਮਾ, ਮੋਹਨ ਲਾਲ ਤਨੇਜਾ, ਕ੍ਰਿਸ਼ਨ ਕੁਮਾਰ, ਰਾਜੇਸ਼ ਪਰਾਸ਼ਰ, ਸੁਧੀਰ ਸ਼ਰਮਾ ਆਦਿ ਹਾਜਰ ਸਨ।

## 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਵਜੋਂ ਜਾਣਿਆ ਜਾਵੇਗਾ : ਨਿਰਮਲ ਸਿੰਘ ਥਿੰਦ

**ਮਹਿਤਪੁਰ (ਰਾਜਾ)**- ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ਼ ਪੰਜਾਬ ਦੇ ਸੱਦੇ ਤੇ ਏਕਮ ਪਬਲਿਕ ਸਕੂਲ ਮਹਿਤਪੁਰ ਵੱਲੋਂ 23 ਸਤੰਬਰ ਨੂੰ ਬਾਬਾ ਫਰੀਦ ਦੇ ਜਨਮ ਉਤਸਵ ਨੂੰ ਸਮਰਪਿਤ 'ਵਿਸ਼ਵ ਪੰਜਾਬ ਦਿਵਸ' ਵਜੋਂ ਮਨਾਇਆ ਜਾਵੇਗਾ। ਜਾਣਕਾਰੀ ਦਿੰਦੇ ਹੋਏ ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਥਿੰਦ ਅਤੇ ਪ੍ਰਿੰਸੀਪਲ ਅਮਨਦੀਪ ਕੌਰ ਨੇ ਦੱਸਿਆ ਕਿ ਇਸ ਦਿਨ ਸਕੂਲ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀ ਪੰਜਾਬੀ ਪਹਿਰਾਵੇ ਵਿੱਚ ਆਉਣਗੇ ਅਤੇ ਨਿਰੋਲ ਪੰਜਾਬੀ ਭਾਸ਼ਾ ਵਿੱਚ ਗੱਲਬਾਤ ਕਰਨਗੇ। ਹਰ ਇੱਕ ਵਿਦਿਆਰਥੀ ਇੱਕ ਪੰਨਾ ਗੁਰਮੁਖੀ ਲਿਪੀ ਦਾ ਸੁੰਦਰ ਲਿਖਾਈ ਵਿੱਚ ਲਿਖ ਕੇ ਸ਼ੋਸ਼ਲ ਮੀਡੀਆ ਉੱਪਰ ਅਪਲੋਡ ਕਰੇਗਾ। ਇਸ ਦਿਨ ਸੰਸਥਾ ਵਿੱਚ ਵਿਦਿਆਰਥੀ ਕਵਿਤਾ ਉਚਾਰਨ, ਕਾਵਿ ਲੇਖਣ, ਨਿਬੰਧ ਲੇਖਣ, ਕਹਾਣੀ ਰਚਨਾ, ਵਾਦ-ਵਿਵਾਦ, ਭਾਸ਼ਣ ਮੁਕਾਬਲਾ, ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਮੁਕਾਬਲਾ, ਸ਼ਬਦ ਜੋੜ ਮੁਕਾਬਲਾ, ਬੋਲ-ਲਿਖਤ, ਸਵਾਲ-ਜਵਾਬ ਮੁਕਾਬਲਾ, ਪੋਸਟਰ ਮੁਕਾਬਲਾ, ਪੰਜਾਬੀ ਭਾਸ਼ਾ ਵਿੱਚ ਨਾਅਰਾ ਲਿਖਣਾ, ਅੱਖਰਕਾਰੀ ਮੁਕਾਬਲੇ ਵਿੱਚ ਹਿੱਸਾ ਲੈਣਗੇ। ਉਹਨਾਂ ਦੱਸਿਆ ਕਿ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਇਹ ਇੱਕ ਨਵਾਂ ਆਰੰਭ ਹੋ ਰਿਹਾ ਹੈ। ਪੰਜਾਬੀ ਬੋਲੀ ਨੂੰ ਇਹ ਹੱਕ ਦੇਣ ਲਈ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਬਾਬਾ ਫ਼ਰੀਦ ਦੇ ਆਗਮਨ ਦਿਵਸ ਨੂੰ ਸਮਰਪਿਤ ਹਰ ਸਾਲ 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਉਣ ਦਾ ਫ਼ੈਸਲਾ ਲਿਆ ਗਿਆ ਹੈ। ਪੰਜਾਬ ਦੀਆਂ ਸਮੂਹ ਸਿੱਖਿਅਕ ਸੰਸਥਾਵਾਂ ਸਕੂਲ ਤੇ ਕਾਲਜ 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਉਣਗੀਆਂ।



## ਪੰਜ ਤੱਤਾਂ 'ਚ ਵਿਲੀਨ ਹੋਏ ਸੰਗੀਤਕਾਰ ਚਰਨਜੀਤ ਆਹੂਜਾ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)**- ਪ੍ਰਸਿੱਧ ਸੰਗੀਤਕਾਰ ਚਰਨਜੀਤ ਸਿੰਘ ਆਹੂਜਾ ਪੰਜ ਤੱਤਾਂ ਵਿੱਚ ਵਿਲੀਨ ਹੋ ਗਏ ਹਨ। ਉਹਨਾਂ ਦਾ ਅੰਤਮ ਸੰਸਕਾਰ ਬਲੌਂਗੀ ਸਥਿਤ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ। ਉਨ੍ਹਾਂ ਦੇ ਵੱਡੇ ਪੁੱਤਰ ਸਚਿਨ ਨੇ ਚਿਖਾ ਨੂੰ ਅਗਨੀ ਦਿੱਤੀ। ਤਿੰਨਾਂ ਪੁੱਤਰਾਂ ਨੇ ਮ੍ਰਿਤਕ ਦੇਹ ਤੇ ਫੁੱਲ ਵਰਸਾਏ। ਚਰਨਜੀਤ ਸਿੰਘ ਆਹੂਜਾ ਦੇ ਅੰਤਿਮ ਦਰਸ਼ਨਾਂ ਲਈ ਵੱਡੀ ਗਿਣਤੀ ਵਿੱਚ ਲੋਕ ਪਹੁੰਚੇ। ਇਸ ਮੌਕੇ ਪੰਜਾਬੀ ਗਾਇਕ ਗਿੱਪੀ ਗਰੇਵਾਲ, ਹੰਸਰਾਜ ਹੰਸ, ਸਤਿੰਦਰ ਬੁੱਗਾ, ਸੁੱਖੀ ਬਰਾੜ, ਅਲਾਪ ਸਿਕੰਦਰ ਅਤੇ ਮਦਨ ਸ਼ੌਂਕੀ ਵੀ ਮੌਜੂਦ ਸਨ। ਚਰਨਜੀਤ ਸਿੰਘ ਆਹੂਜਾ ਨੇ ਐਤਵਾਰ ਨੂੰ ਆਪਣੇ ਘਰ ਆਖਰੀ ਸਾਹ ਲਿਆ। ਉਹ ਲੰਬੇ ਸਮੇਂ ਤੋਂ ਕੈਂਸਰ ਤੋਂ ਪੀੜਤ ਸਨ। ਉਨ੍ਹਾਂ ਦੇ ਦਿਹਾਂਤ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਗਾਇਕ ਦਿਲਜੀਤ ਦੁਸਾਂਝ, ਅਭਿਨੇਤਰੀ ਨਿਰਮਲ ਰਿਸ਼ੀ, ਗਾਇਕ ਮਾਸਟਰ ਸਲੀਮ ਸਣੇ ਹੋਰ ਕਲਾਕਾਰਾਂ ਨੇ ਦੁੱਖ ਪ੍ਰਗਟ ਕੀਤਾ ਹੈ।ਚਰਨਜੀਤ ਸਿੰਘ ਆਹੂਜਾ ਤੇ ਉਨ੍ਹਾਂ ਦਾ ਪਰਿਵਾਰ ਪਹਿਲਾਂ ਦਿੱਲੀ ਵਿਚ ਰਹਿੰਦਾ ਸੀ ਪਰ ਕੋਰੋਨਾ ਤੋਂ ਪਹਿਲਾਂ ਉਹ ਮੁਹਾਲੀ ਸ਼ਿਫਟ ਹੋ ਗਏ।ਇਸ ਦੇ ਬਾਅਦ ਉਨ੍ਹਾਂ ਨੇ ਮੁਹਾਲੀ ਵਿਚ ਆਪਣਾ ਸਟੂਡੀਓ ਬਣਾਇਆ। ਉਨ੍ਹਾਂ ਦਾ ਘਰ ਟੀ ਡੀ ਆਈ ਸਿਟੀ ਵਿਚ ਹੈ। ਉਹ ਅਕਸਰ ਸਟੂਡੀਓ ਜਾਂਦੇ ਸਨ ਪਰ ਤਬੀਅਤ ਵਿਗੜਨ ਦੇ ਬਾਅਦ ਉਨ੍ਹਾਂ ਨੇ ਆਫਿਸ ਆਉਣਾ ਬੰਦ ਕਰ ਦਿੱਤਾ ਸੀ ਅਤੇ ਜ਼ਿਆਦਾਤਰ ਸਮਾਂ ਉਹ ਆਪਣੇ ਘਰ ਤੇ ਹੀ ਬਿਤਾਉਣ ਲੱਗੇ।

## ਬੇਗਮਪੁਰਾ ਟਾਈਗਰ ਫੋਰਸ ਦੇ ਐਗਜ਼ੈਕਟਿਵ ਮੈਂਬਰਾਂ ਦੀ ਚੋਣ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਬੇਗਮਪੁਰਾ ਟਾਈਗਰ ਫੋਰਸ ਦੀ ਇੱਕ ਮੀਟਿੰਗ ਕੌਮੀ ਚੇਅਰਮੈਨ ਤਰਸੇਮ ਦੀਵਾਨਾ ਦੀ ਪ੍ਰਧਾਨਗੀ ਹੇਠ ਫੋਰਸ ਦੇ ਮੁੱਖ ਦਫਤਰ ਭਗਤ ਨਗਰ ਨੇੜੇ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਹੋਈ। ਮੀਟਿੰਗ ਵਿੱਚ ਪਹਿਲਾਂ ਬੀਤੇ ਦਿਨੀ ਹੋਏ ਪੰਜ ਸਾਲਾਂ ਹਰਵੀਰ ਦੇ ਕਤਲ ਸਬੰਧੀ ਦੋ ਮਿੰਟ ਦਾ ਮੌਨ ਰੱਖਿਆ ਗਿਆ ਅਤੇ ਫੋਰਸ ਦੇ ਅਹੁਦੇਦਾਰਾਂ ਵੱਲੋਂ ਪੰਜਾਬ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਗਿਆ ਕਿ ਹਰਵੀਰ ਦੇ ਕਾਤਲ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ ਤਾਂ ਜੋ ਭਵਿੱਖ ਵਿੱਚ ਅਜਿਹੇ ਜੁਰਮਾਂ ਤੋਂ ਬਚਿਆ ਜਾ ਸਕੇ। ਮੀਟਿੰਗ ਵਿੱਚ ਬੇਗਮਪੁਰਾ ਟਾਈਗਰ ਫੋਰਸ ਦੇ ਐਗਜੈਕਟਿਵ ਮੈਂਬਰਾਂ ਦੀ ਚੋਣ ਕੀਤੀ ਗਈ ਜਿਸ ਦੇ ਵਿੱਚ ਕ੍ਰਮਵਾਰ ਤਰਸੇਮ ਦੀਵਾਨਾ, ਕ੍ਰਿਸ਼ਨ ਲਾਲ ਬਲੀਏਵਾਲ, ਧਰਮਪਾਲ ਸਾਹਨੇਵਾਲ, ਬੀਰਪਾਲ ਠਰੋਲੀ, ਡਾਕਟਰ ਸੁਰਿੰਦਰ ਜੱਖੂ, ਕਸ਼ਮੀਰ ਚੱਕੀ ਪਿੰਡ ਵਾਲਾ, ਹੈਪੀ ਫਤਿਹਗੜ੍ਹ, ਸਤੀਸ਼ ਕੁਮਾਰ ਸ਼ੇਰਗੜ੍ਹ, ਬੰਟੀ ਸਰੋਆ ਆਦਿ ਐਗਜ਼ੈਕਟਿਵ ਮੈਂਬਰ ਚੁਣੇ ਗਏ। ਇਸ ਮੌਕੇ ਉਹਨਾਂ ਕਿਹਾ ਕਿ ਹੜ੍ਹਾਂ ਨਾਲ ਜਿਹੜੇ ਲੋਕਾਂ ਦੇ ਘਰ ਰੁੜ ਗਏ ਹਨ, ਸਰਕਾਰ ਉਹਨਾਂ ਨੂੰ ਜਲਦੀ ਤੋਂ ਜਲਦੀ ਘਰ ਬਣਾ ਕੇ ਦੇਵੇ ਅਤੇ ਮਾਲ ਡੰਗਰ ਦੇ ਹੋਏ ਨੁਕਸਾਨ ਦੀ ਜਲਦੀ ਭਰਪਾਈ ਵੀ ਕਰੇ।

## ਰੱਤੂ ਜਠੇਰੇ ਝੰਡੇਰਾਂ ਵਿਖੇ ਸਰਾਧ ਮੇਲਾ ਮਨਾਇਆ

**ਬੰਗਾ (ਅਵਤਾਰ ਕਲੇਰ)**- ਦਰਬਾਰ ਰੱਤੂ ਜਠੇਰੇ ਅਸਥਾਨ ਬਾਬਾ ਡੋਗਰ ਪੀਰ, ਬਾਬਾ ਜਾਹਰ ਪੀਰ, ਬਾਬਾ ਸੇਲਬਰਾਹ ਝੰਡੇਰਾਂ ਵਿਖੇ ਸਲਾਨਾ ਸਰਾਧ ਮੇਲਾ ਪ੍ਰਬੰਧਕ ਕਮੇਟੀ ਅਤੇ ਸਮੂਹ ਰੱਤੂ ਪਰਵਾਰ ਵਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਦਰਬਾਰ ਦੀਆਂ ਧਾਰਮਿਕ ਰਸਮਾਂ ਤੋਂ ਬਾਅਦ ਸਟੇਜ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰਾਂ ਨੇ ਹਾਜ਼ਰੀਆਂ ਭਰੀਆਂ। ਕਮੇਟੀ ਦੇ ਪ੍ਰਧਾਨ ਮੇਜਰ ਰਾਮ, ਇਰਵਨ ਰੱਤੂ ਅਤੇ ਪ੍ਰਬੰਧਕਾਂ ਵੱਲੋਂ ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ। ਦਰਬਾਰ ਤੇ ਚਾਹ ਪਕੌੜੇ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਪ੍ਰਧਾਨ ਮੇਜਰ ਰਾਮ, ਇਰਵਨ ਰੱਤੂ, ਮਦਨ ਲਾਲ ਰੰਧਾਵਾ, ਹਰਮੇਸ਼ ਲਾਲ ਸਾਬਕਾ ਸਰਪੰਚ ਨਾਰੰਗਪੁਰ, ਪ੍ਰੋਮਿਲਾ ਦੇਵੀ ਸਾਬਕਾ ਸਰਪੰਚ, ਡਾ. ਸਤਨਾਮ ਰੂਪੋਵਾਲ, ਬਿਸ਼ਨਾ ਰਾਮ ਸਰਹਾਲ ਮੁੰਡੀ, ਜੀਤ ਰਾਮ ਕਲੋਏ, ਕੁਲਦੀਪ, ਮੰਗਤ ਰਾਮ, ਹੀਰਾ ਲਾਲ, ਦਿਲਾਵਰ ਸਿੰਘ, ਗੁਰਮੇਲ ਰਾਮ, ਗਿਆਨ ਚੰਦ, ਅਜਮੇਰ ਸਿੰਘ, ਵਿਜੇ, ਅਜੀਤ ਸਿੰਘ ਕਲੋਏ, ਮਹਿੰਦਰ ਰਾਮ, ਪ੍ਰਕਾਸ਼ ਆਦਿ ਹਾਜ਼ਰ ਸਨ।



## ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਖੂਨਦਾਨ ਕੈਂਪ ਲਗਾਇਆ

**ਗੁਰਾਇਆ (ਬਿੰਦਰ ਸੁੰਮਨ)**- ਸੰਧੂ ਕੰਪਲੈਕਸ ਗੁਰਾਇਆ ਵਿਖੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਗੁਰਾਇਆ ਬਲੱਡ ਸੇਵਾ ਵੱਲੋਂ ਸ੍ਰੀ ਰਾਧਾ ਕ੍ਰਿਸ਼ਨ ਚੈਰੀਟੇਬਲ ਸੁਸਾਇਟੀ ਦਾਨਾ ਮੰਡੀ ਗੁਰਾਇਆ, ਗੁਰਾਇਆ ਐਂਬੂਲੈਂਸ ਰੋਟਰੀ ਕਲੱਬ ਗੁਰਾਇਆ, ਲਾਈਨ ਕਲੱਬ ਗੁਰਾਇਆ ਅਤੇ ਬੁੱਢਾ ਦਲ ਫੁੱਟਬਾਲ ਕਲੱਬ ਗੁਰਾਇਆ ਦੇ ਸਹਿਯੋਗ ਨਾਲ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ 58 ਖੂਨਦਾਨੀਆਂ ਨੇ ਖੂਨ ਦਾਨ ਕੀਤਾ। ਗੁਰਾਇਆ ਬਲੱਡ ਸੇਵਾ ਦੇ ਪ੍ਰਧਾਨ ਹੈਪੀ ਮਾਹੀ ਨੇ ਦੱਸਿਆ ਕਿ ਗੁਰਾਇਆਂ ਦੇ ਸੰਧੂ ਕੰਪਲੈਕਸ 'ਚ ਖੂਨਦਾਨ ਕੈਂਪ ਵਿੱਚ ਕੁੱਲ 58 ਖੂਨਦਾਨੀਆਂ ਨੇ ਖੂਨ ਦਾਨ ਕੀਤਾ। ਉਹਨਾਂ ਦੱਸਿਆ ਕਿ ਇਸ ਖੂਨਦਾਨ ਕੈਂਪ ਨੂੰ ਗੁਰਾਇਆ ਸ਼ਹਿਰ ਦੀਆਂ ਵੱਖ ਵੱਖ ਰਾਜਨੀਤਿਕ ਅਤੇ ਸਿਆਸੀ ਪਾਰਟੀਆਂ ਦੇ ਨਾਲ ਨਾਲ ਸ਼ਹਿਰ ਨਿਵਾਸੀਆਂ, ਸਮਾਜ ਸੇਵੀ ਸੰਸਥਾਵਾਂ ਵੱਲੋਂ ਵੀ ਭਰਪੂਰ ਸਹਿਯੋਗ ਮਿਲਿਆ। ਇਸ ਮੌਕੇ ਹਰਪਾਲ ਕੌਰ (ਬਰੌਨ ਕੁੜੀ) ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਕਿਹਾ ਕਿ ਖੂਨਦਾਨ ਇਕ ਮਹਾ ਦਾਨ ਹੈ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ੇ ਛੱਡ ਕੇ ਖੂਨ ਦਾਨ ਕਰਨਾ ਚਾਹੀਦਾ ਹੈ ਤਾਂ ਜੋ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ। ਉਹਨਾ ਕਿਹਾ ਕਿ ਕੁਲਵਿੰਦਰ ਸਿੰਘ ਸੰਧੂ ਬਹੁਤ ਵਧਾਈ ਦੇ ਪਾਤਰ ਹਨ ਜਿਹਨਾਂ ਨੇ ਇਕ ਨੇਕ ਉਪਰਾਲਾ ਕੀਤਾ ਹੈ। ਇਸ ਮੌਕੇ ਕੁਲਵਿੰਦਰ ਸਿੰਘ ਸੰਧੂ ਨੇ ਖੂਨਦਾਨ ਕੈਂਪ ਵਿੱਚ ਪਹੁੰਚੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਰਾਜਾ ਅਟਵਾਲ ਫਿਲੌਰ, ਬਲਦੇਵ ਸਿੰਘ ਖਹਿਰਾ ਸਾਬਕਾ ਵਿਧਾਇਕ ਫਿਲੌਰ, ਹਰਜਿੰਦਰ ਸਿੰਘ ਲੱਲੀਆਂ ਐਸ ਜੀ ਪੀ ਸੀ ਮੈਂਬਰ, ਭਾਜਪਾ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਰਣਜੀਤ ਪਵਾਰ , ਨਗਰ ਕੌਂਸਲ ਗੁਰਾਇਆ ਦੇ ਪ੍ਰਧਾਨ ਹਰਮੇਸ਼ ਲਾਲ ਮਹੇਸ਼ੀ, ਪ੍ਰਧਾਨ ਬਲਵਿੰਦਰ ਸ਼ਰਮਾ ਭਾਜਪਾ ਮੰਡਲ ਪ੍ਰਧਾਨ ਵਿਪਨ ਆਨੰਦ, ਫੁਟਬਾਲ ਕਲੱਬ ਦੇ ਪ੍ਰਧਾਨ ਬਹਾਦਰ ਸਿੰਘ ਘਟੌੜਾ, ਪ੍ਰਭਸ਼ਰਨ ਸਿੰਘ ਘਟਾਉਣਾ, ਸੁਰਜੀਤ ਸਿੰਘ ਜੀਤੀ, ਸਮਾਜ ਸੇਵਕ ਰਾਜਨ ਮੱਕੜ, ਰਵਿੰਦਰ ਗੋਇਲ, ਚੰਦਰਮੋਹਨ ਗੋਇਲ, ਪ੍ਰਮੋਦ ਕੌਸ਼ਲ ਰੋਮੀ, ਕੌਂਸਲਰ ਰਾਹੁਲ ਪੁੰਜ, ਕੌਂਸਲਰ ਜਸਬੀਰ ਸਿੰਘ ਘਟਾਉੜਾ, ਕੌਂਸਲਰ ਕਸ਼ਿਸ਼ ਹੀਰ , ਆਪ ਆਗੂ ਸੰਜੀਵ ਹੀਰ ਮਾਰਕੀਟ ਕਮੇਟੀ ਗੁਰਾਇਆ ਦੇ ਸਾਬਕਾ ਚੇਅਰਮੈਨ ਦਾਰਾ ਸਿੰਘ ਰਾਏ, ਬਲਜਿੰਦਰ ਕਾਲਾ ਰਾਕੇਸ਼ ਦੁੱਗਲ ਮਨਿੰਦਰ ਲਾਡੀ, ਹਰਜਿੰਦਰ ਸਿੰਘ ਘਟੌੜਾ ਬਿੱਲਾ, ਅਸ਼ੋਕ ਕੁਮਾਰ ਗੁਨਾਨੀ, ਵਿਜੇ ਸ਼ਰਮਾ ਮੋਰੋਵਾਲੀਆ, ਮਨੋਹਰ ਲਾਲ ਕਾਲੜਾ ਪਵਨ ਸ਼ਰਮਾ, ਸੁਨੀਲ ਕੁਮਾਰ ਸਨੀ , ਹਰਜੀਵਨ ਜੈਨ ਗਿਆਨ ਚੰਦ ਚੌਂਕੜੀਆਂ ਕਾਕੂ ਕੋਰੀਅਰ ਵਾਲੇ, ਦਯਾ ਸ਼ੰਕਰ, ਅਮਰਜੀਤ ਸਿੰਘ ਢੇਸੀ, ਸੁਰਿੰਦਰ ਸਿੰਘ ਘਟਾਉੜਾ, ਹਰਮਿੰਦਰ ਪਾਲ ਸਿੰਘ ਸੋਨੂ , ਐਡਵੋਕੇਟ ਅਸ਼ਵਨੀ ਕੁਮਾਰ , ਰਜਨੀਸ਼ ਸ਼ਰਮਾ, ਰਮੇਸ਼ ਸ਼ਰਮਾ, ਕਮਲ ਵਾਲਮੀਕੀ , ਸ਼ਾਮਰਾਜ ਸਰਬਜੀਤ ਸਿੰਘ ਸੱਗੂ, ਹਰਦੀਪ ਤਿਵਾੜੀ, ਗਗਨ ਢਿੱਲੋਂ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।





## ਆਦਮਪੁਰ ਦੇ 7 ਪਿੰਡਾਂ ਦੀਆਂ ਪੰਚਾਇਤਾਂ ਕਰ ਰਹੀਆਂ ਪ੍ਰਵਾਸੀਆਂ 'ਤੇ ਸਖਤੀ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਗੁਰਦੁਆਰਾ ਸ਼ਹੀਦ ਬਾਬਾ ਮਤੀ ਜੀ ਵਿਖੇ ਇੱਕ ਹੰਗਾਮੀ ਮੀਟਿੰਗ ਜਥੇਦਾਰ ਮਨੋਹਰ ਸਿੰਘ ਦੀ ਰਹਿਨੁਮਾਈ ਹੇਠ ਹੋਈ ਜਿਸ ਵਿੱਚ ਡਰੋਲੀ ਕਲਾਂ ਕਾਲਰਾ ਡਰੋਲੀ ਖੁਰਦ ਡਮੁੰਡਾ ਖਿਆਲਾ ਪਧਿਆਣਾ ਅਤੇ ਘੜਿਆਲ ਆਦਿ ਪਿੰਡਾਂ ਦੀਆਂ ਪੰਚਾਇਤਾਂ ਨੇ ਹਿੱਸਾ ਲਿਆ ਜਿਸ ਵਿੱਚ ਸਰਬ ਸੰਮਤੀ ਨਾਲ ਮਤੇ ਪਾਸ ਕੀਤੇ ਗਏ ਜਿਵੇਂ ਆਧਾਰ ਕਾਰਡ ਅਤੇ ਪ੍ਰਵਾਸੀਆਂ ਦੀਆਂ ਵੋਟਾਂ ਨਹੀਂ ਅਤੇ ਆਧਾਰ ਕਾਰਡ ਨਹੀਂ ਬਣਾਏ ਜਾਣਗੇ। ਪ੍ਰਵਾਸੀਆਂ ਦੀਆਂ ਵੋਟਾਂ ਬਣੀਆਂ ਉਹ ਕੱਟ ਦਿੱਤੀਆਂ ਜਾਣਗੀਆਂ। ਰਾਤ ਦੋ ਵਜੇ ਤੋਂ ਬਾਅਦ ਕੋਈ ਵੀ ਪ੍ਰਵਾਸੀ ਕਿਸੇ ਚੌਂਕ ਜਾਂ ਪਿੰਡ ਵਿੱਚ ਨਹੀਂ ਘੁੰਮੇਗਾ ਪਰਵਾਸੀਆਂ ਦੇ ਕਿਸੇ ਵੀ ਤਿਉਹਾਰ ਲਈ ਪਿੰਡ ਵਿੱਚ ਉਗਰਾਹੀ ਨਹੀਂ ਕੀਤੀ ਜਾਵੇਗੀ। ਵਿਆਹ ਸ਼ਾਦੀ ਤੇ ਬਿਨਾਂ ਇਜਾਜ਼ਤ ਪ੍ਰਵਾਸੀ ਨਹੀਂ ਆਉਣਗੇ। ਪਿੰਡ ਦਾ ਕੋਈ ਵਿਅਕਤੀ ਕਿਸੇ ਤਰ੍ਹਾਂ ਦੀ ਪ੍ਰੋਪਰਟੀ ਜਾਂ ਮਕਾਨ ਪ੍ਰਵਾਸੀ ਨੂੰ ਨਹੀਂ ਵੇਚੇਗਾ ਜੇ ਵੇਚਦਾ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਇਸ ਮੌਕੇ ਜਥੇਦਾਰ ਮਨੋਹਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਲਦ ਉਹ 25 ਤੋਂ 30 ਪਿੰਡਾਂ ਦਾ ਇਕੱਠ ਕਰਨਗੇ ਅਤੇ ਇਹਨਾਂ ਪ੍ਰਵਾਸੀ ਮਜ਼ਦੂਰਾਂ ਤੇ ਜੋ ਵੀ ਪਾਬੰਦੀ ਲਾਉਣਾ ਸਭ ਪੰਚਾਇਤਾਂ ਮਿਲ ਕੇ ਲਗਾਉਣਗੀਆਂ ਤੇ ਇਹ ਪੰਚਾਇਤਾਂ ਪ੍ਰਵਾਸੀਆਂ ਨਾਲ ਸਖਤੀ ਨਾਲ ਪੇਸ਼ ਆਉਣਗੀਆਂ। ਇਸ ਮੌਕੇ ਹਰਮਿੰਦਰ ਸਿੰਘ ਸਰਪੰਚ ਕਾਲਰਾ, ਬਲਜੀਤ ਸਿੰਘ ਸਰਪੰਚ ਪਧਿਆਣਾ, ਸੁਖਵਿੰਦਰ ਸਿੰਘ ਨਿੱਕਾ ਸਰਪੰਚ ਡਰੋਲੀ ਖੁਰਦ, ਤਜਿੰਦਰ ਕੌਰ ਸਰਪੰਚ ਡਮੁੰਡਾ, ਹਰਜੀਤ ਸਿੰਘ ਸਰਪੰਚ ਘੜਿਆਲ, ਰਸ਼ਪਾਲ ਸਿੰਘ ਸਰਪੰਚ ਡਰੋਲੀ ਕਲਾਂ, ਗੁਰਦੇਵ ਕੌਰ ਸਰਪੰਚ ਖਿਆਲਾ। ਇਹਨਾਂ ਸਾਰੇ ਸਰਪੰਚਾਂ ਵੱਲੋਂ ਸਾਂਝੇ ਤੌਰ ਤੇ ਮਤਾ ਪਾਸ ਕੀਤਾ ਗਿਆ। ਇਹਨਾਂ ਤੋਂ ਇਲਾਵਾ ਗੁਰਪ੍ਰੀਤ ਸਿੰਘ, ਕੁਲਵੰਤ ਸਿੰਘ, ਜਰਨੈਲ ਸਿੰਘ, ਗੁਰਦੀਪ ਸਿੰਘ ਪੰਚ, ਮੰਗਲ ਸਿੰਘ, ਬਲਵੀਰ ਸਿੰਘ ਘੁੜਿਆਲ, ਜਸਵੀਰ ਸਿੰਘ, ਗੁਰਜੀਤ ਸਿੰਘ, ਸਵਰਨ ਸਿੰਘ, ਕਮਲਜੀਤ ਸਿੰਘ ਆਦਿ ਹਾਜ਼ਰ ਸਨ।

## ਧਰਮਸ਼ਾਲਾ ਦੀ ਮੁਰੰਮਤ ਲਈ 5 ਲੱਖ ਦੀ ਗ੍ਰਾਂਟ ਜਾਰੀ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਯੋਜਨਾ ਕਮੇਟੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਚੇਅਰਪਰਸਨ, ਇੰਜੀਨੀਅਰ ਪ੍ਰਭਜੋਤ ਕੌਰ ਨੇ ਪਿੰਡ ਪੱਤੋਂ ਦੇ ਨਿਵਾਸੀਆਂ ਨੂੰ ਇੱਕ ਵੱਡੀ ਸੌਗਾਤ ਦਿੰਦਿਆਂ ਪਿੰਡ ਦੀ ਐਸ.ਸੀ. ਧਰਮਸ਼ਾਲਾ ਦੀ ਮੁਰੰਮਤ ਅਤੇ ਸੁਧਾਰ ਕਾਰਜ ਲਈ 5 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਹੈ। ਉਨ੍ਹਾਂ ਨੇ ਇਸ ਸੰਬੰਧੀ ਮਨਜ਼ੂਰੀ ਪੱਤਰ ਜਾਰੀ ਕਰਦੇ ਹੋਏ ਕੰਮ ਨੂੰ ਜਲਦ ਸ਼ੁਰੂ ਕਰਨ ਲਈ ਹਦਾਇਤ ਦਿੱਤੀ।ਇਸ ਮੌਕੇ 'ਤੇ ਪਿੰਡ ਦੇ ਸਰਪੰਚ ਗੁਰਜੰਟ ਸਿੰਘ, ਜਸਬੀਰ ਸਿੰਘ, ਸੁਰਿੰਦਰ ਸਿੰਘ ਮਟੌਰ, ਐਡਵੋਕੇਟ ਅਮਰਜੀਤ ਸਿੰਘ ਸਮੇਤ ਪਿੰਡ ਦੇ ਹੋਰ ਪਤਵੰਤੇ ਮੌਜੂਦ ਸਨ, ਜਿਨ੍ਹਾਂ ਨੇ ਚੇਅਰਪਰਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਕਦਮ ਨਾਲ ਪਿੰਡ ਵਾਸੀਆਂ ਨੂੰ ਇੱਕ ਮਹੱਤਵਪੂਰਨ ਸੁਵਿਧਾ ਉਪਲਬਧ ਹੋਵੇਗੀ।

## ਦੁਸਹਿਰਾ ਸਮਾਗਮ ਕਰਵਾਉਣ ਸੰਬੰਧੀ ਮੀਟਿੰਗ ਅੱਜ

**ਜੇਜੋ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ ਮਾਹਿਲਪੁਰ ਵੱਲੋਂ 14ਵਾਂ ਦੁਸਹਿਰਾ ਸਮਾਗਮ 5 ਅਕਤੂਬਰ ਦਿਨ ਐਤਵਾਰ ਨੂੰ ਵਾਰਡ ਨੰਬਰ 11- 12 ਨੇੜੇ ਗੁ. ਸਤਿਗੁਰੂ ਰਵਿਦਾਸ ਮਹਾਰਾਜ ਬੀ.ਡੀ.ਓ ਕਲੋਨੀ ਮਾਹਿਲਪੁਰ ਵਿਖੇ ਦੁਪਹਿਰ 1ਤੋਂ 5 ਵਜੇ ਤੱਕ ਬਹੁਤ ਹੀ ਉਤਸ਼ਾਹ ਪੂਰਵਕ ਢੰਗ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਸਾਇਟੀ ਦੀ ਪ੍ਰਧਾਨ ਰੇਖਾ ਰਾਣੀ, ਮੀਤ ਪ੍ਰਧਾਨ ਸੁਮੀਤਾ ਅਤੇ ਜਨਰਲ ਸਕੱਤਰ ਸ਼ਸ਼ੀ ਬੰਗੜ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਸਮਾਗਮ ਦੇ ਮੁੱਖ ਮਹਿਮਾਨ ਸਰਦਾਰ ਜੈ ਕ੍ਰਿਸ਼ਨ ਸਿੰਘ ਰੌੜੀ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਵਿਧਾਇਕ ਹਲਕਾ ਗੜ੍ਹਸ਼ੰਕਰ ਹੋਣਗੇ। ਧਾਰਮਿਕ ਪ੍ਰਵਚਨ ਭਿਕਸ਼ੂ ਬੱਪਾ ਦਿੱਲੀ ਵਾਲੇ ਕਰਨਗੇ। ਦੀਆਂ ਰਾਣੀ,ਤਿਸ਼ਾ ਅਤੇ ਉਨਾਂ ਦੀਆਂ ਹੋਰ ਸਾਥਣਾਂ ਵੱਲੋਂ ਤਥਾਗਤ ਭਗਵਾਨ ਬੁੱਧ, ਸਮਰਾਟ ਅਸ਼ੋਕ ਅਤੇ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਦੇ ਜੀਵਨ ਨਾਲ ਸੰਬੰਧਿਤ ਗੀਤ ਸੰਗੀਤ, ਸਕਿਟਾਂ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਜਾਣਗੀਆਂ। ਸਮਾਗਮ ਵਿੱਚ ਪਹੁੰਚ ਰਹੇ ਵੱਖ-ਵੱਖ ਬੁਲਾਰੇ 'ਸਮਰਾਟ ਅਸ਼ੋਕ ਅਤੇ ਬਾਬਾ ਸਾਹਿਬ ਅੰਬੇਡਕਰ ਨੇ ਬੁੱਧ ਧੰਮ ਕਿਉਂ ਅਪਣਾਇਆ' ਵਿਸ਼ੇ ਤੇ ਵਿਚਾਰ ਚਰਚਾ ਕਰਨਗੇ। ਗੁ. ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਚਾਹ ਪਾਣੀ ਅਤੇ ਲੰਗਰ ਦੀ ਸੇਵਾ ਕੀਤੀ ਜਾਵੇਗੀ। ਸਿੱਧ ਯੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ ਡਾਕਟਰ ਪ੍ਰਭ ਹੀਰ ਦੀ ਸਮੁੱਚੀ ਟੀਮ ਵੱਲੋਂ ਮੁਫਤ ਮੈਡੀਕਲ ਕੈਂਪ ਲਗਾਇਆ ਜਾਵੇਗਾ, ਜਿਸ ਵਿੱਚ ਮਰੀਜ਼ਾਂ ਦਾ ਚੈਕ ਅਪ ਕਰਕੇ ਉਹਨਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਜਾਣਗੀਆਂ। 5 ਅਕਤੂਬਰ ਨੂੰ ਕੀਤੇ ਜਾ ਰਹੇ ਦੁਸਹਿਰਾ ਸਮਾਗਮ ਨੂੰ ਮੁੱਖ ਰੱਖਦੇ ਹੋਏ ਇਸ ਦੀਆ ਤਿਆਰੀਆਂ ਵਜੋਂ 24 ਸਤੰਬਰ ਨੂੰ ਸੁਰਿੰਦਰ ਕੌਰ ਐਮ ਸੀ ਅਤੇ ਧਰਮ ਸਿੰਘ ਫੌਜੀ ਦੇ ਗ੍ਰਹਿ ਵਾਰਡ ਨੰਬਰ 11 ਵਿਖੇ ਇੱਕ ਵਿਸ਼ੇਸ਼ ਮੀਟਿੰਗ ਹੋ ਰਹੀ ਹੈ।



## ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ 28 ਨੂੰ ਹੋਵੇਗਾ ਵਿਸ਼ਾਲ ਮਸ਼ਾਲ ਮਾਰਚ

**ਫਿਲੌਰ (ਨਿਰਮਲ)**- ਲੋਕ ਇਨਸਾਫ਼ ਮੰਚ ਵਲੋਂ ਸ਼ਹੀਦ ਭਗਤ ਦੇ ਜਨਮ ਦਿਹਾੜੇ ਨੂੰ ਸਮਰਪਿਤ ਪਿੰਡ ਪਿੰਡ ਨੁੱਕੜ ਨਾਟਕਾਂ ਦੀ ਲੜ੍ਹੀ ਸ਼ੁਰੂ ਕੀਤੀ ਗਈ ਹੈ, ਜਿਹੜੀ 28 ਸਤੰਬਰ ਤੱਕ ਜਾਰੀ ਰਹੇਗੀ। ਜਿਸ ਦੀ ਕੜੀ ਵਜੋਂ ਪਹਿਲਾਂ ਨੁੱਕੜ ਨਾਟਕ ਮੁੱਹਲਾ ਰਵਿਦਸਪੁਰਾ ਫ਼ਿਲੌਰ ਵਿੱਚ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਮਦਨ ਲਾਲ ਭਟੋਏ ਨੇ ਕੀਤੀ। ਇਸ ਮੌਕੇ ਅਜ਼ਾਦ ਰੰਗ ਮੰਚ ਫ਼ਗਵਾੜਾ ਦੀ ਟੀਮ ਵੱਲੋਂ ਡਾਇਰੈਕਟਰ ਗਾਮੰਨੁ ਬਾਂਸਲ ਦੀ ਨਿਰਦੇਸ਼ਨਾ ਹੇਠਾਂ ਕਰੀਓਗਰਾਫੀ ਸ਼ਹੀਦ ਭਗਤ ਸਿੰਘ ਦੀ ਘੋੜੀ ਅਤੇ ਨਸ਼ੇ ਵਿਰੁੱਧ ਨਾਟਕ ਪੇਸ਼ ਕੀਤੇ। ਇਸ ਮੌਕੇ ਲੋਕ ਇਨਸਾਫ਼ ਮੰਚ ਦੇ ਪ੍ਰਧਾਨ ਜਰਨੈਲ ਫ਼ਿਲੌਰ, ਸੱਕਤਰ ਪ੍ਰਸ਼ੋਤਮ ਫ਼ਿਲੌਰ ਨੇ ਸਾਂਝੇ ਤੌਰ ਤੇ ਕਿਹਾ ਕਿ ਅੱਜ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੋਂ ਸੇਧ ਲੈਕੇ ਸੰਘਰਸ਼ ਕਰਨ ਦੀ ਲੋੜ ਹੈ। ਕਿਉਂਕਿ ਹਾਲੇ ਤੱਕ ਸ਼ਹੀਦ ਭਗਤ ਦੇ ਵਿਚਾਰਾਂ ਦਾ ਸਮਾਜ ਨਹੀਂ ਬਣ ਸਕਿਆ। ਉਹਨਾਂ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਫ਼ਿਲੌਰ ਵਿੱਚ ਕੀਤੇ ਜਾ ਰਹੇ ਮਸ਼ਾਲ ਮਾਰਚ ਵਿੱਚ ਪੁੱਜਣ ਦੀ ਅਪੀਲ ਕੀਤੀ। ਇਸ ਮੌਕੇ ਹੋਏ ਇੱਕਠ ਨੂੰ ਲੋਕ ਇਨਸਾਫ਼ ਮੰਚ ਦੇ ਸੀਨੀਅਰ ਮੀਤ ਪ੍ਰਧਾਨ ਹੰਸ ਰਾਜ, ਆਗੂ ਹਨੀ ਫ਼ਿਲੌਰ, ਸਰਬਜੀਤ ਸਾਬਕਾ ਸਰਪੰਚ ਰਾਮਗੜ੍ਹ, ਅਕਸ਼ ਸੰਧੂ ਅਤੇ ਗੌਰਮਿੰਟ ਟੀਚਰਜ਼ ਯੂਨੀਅਨ ਦੇ ਆਗੂ ਕਰਨੈਲ ਫ਼ਿਲੌਰ ਨੇ ਸੰਬੋਧਨ ਕੀਤਾ। ਇਸ ਮੌਕੇ ਭਾਰੀ ਗਿਣਤੀ ਵਿੱਚ ਲੋਕ ਹਾਜ਼ਰ ਸਨ ਜਿਹਨਾਂ ਵਿੱਚ ਮੱਘਰ ਜਗਤਪੁਰ, ਗਰੀਬ ਦਾਸ, ਬਕਸ਼ੀ ਰਾਮ, ਕਾਮਰੇਡ ਹਰਬੰਸ ਲਾਲ, ਰਜਿੰਦਰ ਰਾਣਾ, ਬੱਗਾ ਰੇਵਿਦਸਪੁਰਾ, ਗੋਬਿੰਦ ਰਾਮ, ਜੋਗਿੰਦਰ ਪਾਲ ਕਾਲ਼ਾ, ਰੂਪ ਲਾਲ, ਕਸ਼ਮੀਰੀ ਲਾਲ ਖਹਿਰਾ, ਅਰਸ਼ ਗੁਰੂ, ਜਸਪਾਲ ਬੰਗੜ, ਬੀਬੀ ਹੰਸ ਕੌਰ, ਸੁਨੀਤਾ ਫ਼ਿਲੌਰ ਆਦਿ ਹਾਜ਼ਰ ਸਨ।



## ਕੇਂਦਰ ਤੇ ਸੂਬਾ ਸਰਕਾਰ ਮਹਾਰਾਜਾ ਅਗਰਸੇਨ ਦੇ ਦਿਖਾਏ ਮਾਰਗ 'ਤੇ ਚੱਲ ਰਹੀ : ਮੁੱਖ ਮੰਤਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਮਹਾਰਾਜਾ ਅਗਰਸੇਨ ਦੇ ਦਿਖਾਏ ਮਾਰਗ 'ਤੇ ਚੱਲ ਕੇ ਸੱਭਕਾ ਸਾਥ, ਸੱਭਕਾ ਵਿਕਾਸ ਦੀ ਨੀਤੀ 'ਤੇ ਚੱਲ ਰਹੀ ਹੈ। ਜਿਸ ਤਰ੍ਹਾ ਨਾਲ ਮਹਾਰਾਜਾ ਅਗਰਸੇਨ ਆਪਣੇ ਰਾਜ ਵਿੱਚ ਵੱਸਣ ਵਾਲੇ ਹਰ ਵਿਅਕਤੀ ਨੂੰ ਇੱਕ ਇੱਟ ਅਤੇ ਇੱਕ ਸੋਨੇ ਦੀ ਮੋਹਰ ਭੇਟ ਕਰ ਸਹਿਯੋਗ ਕਰਦੇ ਹਨ, ਉਨ੍ਹਾਂ ਦੀ ਇਸੀ ਸਮਾਵੇਸ਼ੀ ਅਤੇ ਦੂਰਗਾਮੀ ਸੋਚ ਨੂੰ ਆਧਾਰ ਬਣਾ ਕੇ ਸਰਕਾਰ ਆਪਣੀ ਯੋਜਨਾਵਾਂ ਨਾਲ ਹਰੇਕ ਵਿਅਕਤੀ ਨੂੰ ਆਤਮਨਿਰਭਰ ਬਨਾਉਣ ਦੀ ਦਿਸ਼ਾ ਵਿੱਚ ਕੰਮ ਕਰ ਰਹੀ ਹੈ। ਮੁੱਖ ਮੰਤਰੀ ਅੱਜ ਪੰਚਕੂਲਾ ਵਿੱਚ ਹਰਿਆਣਾ ਸਰਕਾਰ ਦੀ ਸੰਤ ਮਹਾਪੁਰਸ਼ ਸਨਮਾਨ ਅਤੇ ਵਿਚਾਰ ਪ੍ਰਸਾਰ ਯੋਜਨਾ ਤਹਿਤ ਆਯੋਜਿਤ ਮਹਾਰਾਜਾ ਅਗਰਸੇਨ ਜੈਯੰਤੀ ਵਿੱਚ ਬਤੌਰ ਮੁੱਖ ਮਹਿਮਾਨ ਸੰਬੋਧਿਤ ਕਰ ਰਹੇ ਸਨ।

## ਸੌਂਦ ਵੱਲੋਂ ਸੰਗੀਤਕਾਰ ਚਰਨਜੀਤ ਅਹੂਜਾ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਪ੍ਰਸਿੱਧ ਸੰਗੀਤਕਾਰ ਜਨਾਬ ਚਰਨਜੀਤ ਅਹੂਜਾ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਆਪਣੇ ਸ਼ੋਕ ਸੰਦੇਸ਼ ਵਿੱਚ ਸੌਂਦ ਨੇ ਕਿਹਾ ਕਿ ਅਹੂਜਾ ਦੇ ਜਾਣ ਨਾਲ ਇੱਕ ਦੌਰ ਦਾ ਅੰਤ ਹੋਇਆ ਹੈ। ਉਨ੍ਹਾਂ ਦੀਆਂ ਸੰਗੀਤਕ ਧੁਨਾਂ ਰਹਿੰਦੀ ਦੁਨੀਆਂ ਤੱਕ ਗੂੰਜਦੀਆਂ ਰਹਿਣਗੀਆਂ। ਸੌਂਦ ਨੇ ਅਹੂਜਾ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

## ਨਵਾਂ ਪਿੰਡ ਨਾਇਚਾ ਵਿਖੇ ਲਗਾਇਆ ਖੂਨਦਾਨ ਤੇ ਅੱਖਾਂ ਦਾ ਫ੍ਰੀ ਕੈਂਪ

**ਗੁਰਾਇਆ (ਬਿੰਦਰ ਸੁੰਮਨ)**- ਸੁਖਬੀਰ ਸਿੰਘ ਧਾਲੀਵਾਲ ਵਲੋਂ ਗਰਾਮ ਪੰਚਾਇਤ ਨਵਾਂ ਪਿੰਡ ਨਾਇਚਾ ਦੇ ਸਹਿਯੋਗ ਨਾਲ ਪਹਿਲਾ ਅੱਖਾਂ ਦਾ ਕੈਂਪ ਅਤੇ ਪੰਜਵਾਂ ਖੂਨਦਾਨ ਕੈਂਪ ਲਗਾਇਆ ਗਿਆ। ਅੱਖਾਂ ਦਾ ਚੈਕਅੱਪ ਕਰਕੇ ਫ੍ਰੀ ਦਵਾਈ ਅਤੇ ਐਨਕਾਂ ਦਿੱਤੀਆਂ ਗਈਆਂ। ਚੈਕਅੱਪ ਦੌਰਾਨ ਚੁਣੇ ਗਏ ਮਰੀਜ਼ਾਂ ਦੇ ਅਪ੍ਰੇਸ਼ਨ ਵੀ ਕਰਵਾਏ ਗਏ। ਖੂਨਦਾਨ ਕੈਂਪ ਦੌਰਾਨ ਸਵੇ ਇੱਛਾ ਨਾਲ ਖੂਨਦਾਨੀਆਂ ਨੇ ਖੂਨ ਦਾਨ ਕੀਤਾ। ਇਸ ਮੌਕੇ ਸੁਖਵੀਰ ਸਿੰਘ ਧਾਲੀਵਾਲ, ਰਣਜੀਤ ਸਿੰਘ ਖੇਲਾ, ਅਮਰਜੀਤ ਸਿੰਘ ਸਰਪੰਚ, ਸੁਖਵਿੰਦਰ ਸਿੰਘ ਬਿੱਟੂ, ਤਰਸੇਮ ਸਿੰਘ, ਲਖਵੀਰ ਸਿੰਘ ਪੰਚ, ਗੁਰਦੇਵ ਸਿੰਘ, ਸੁਰਜੀਤ ਸਿੰਘ ਪੰਚ, ਨਰੰਜਣ ਰਾਮ ਪੰਚ, ਉਸ਼ਾ ਰਾਣੀ ਪੰਚ, ਕਮਲੀਤ ਕੌਰ ਪੰਚ, ਬਲਵੰ ਰਾਮ, ਬਲਵਿੰਦਰ ਸਿੰਘ ਧਾਲੀਵਾਲ, ਅਮਰਜੀਤ ਖੇਲਾ, ਗੁਰਵਿੰਦਰ ਸਿੰਘ, ਤੀਰਥ ਸਿੰਘ, ਅਮਨਦੀਪ ਸਿੰਘ ਤੋਂ ਇਲਾਵਾ ਪਿੰਡ ਵਾਸੀ ਹਾਜ਼ਰ ਸਨ।



## ਸਲਾਨਾ ਛਿੰਝ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ



**ਬੰਗਾ (ਅਵਤਾਰ ਕਲੇਰ)**- ਗੁਰਦੁਆਰਾ ਪੰਜ ਤੀਰਥ ਸਾਹਿਬ ਲੜੋਆ ਵਿਖੇ ਸਾਲਾਨਾ ਛਿੰਝ ਮੇਲਾ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ, ਐਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਛਿੰਝ ਮੇਲੇ 'ਚ 150 ਦੇ ਕਰੀਬ ਪਹਿਲਵਾਨਾਂ ਨੇ ਹਿੱਸਾ ਲਿਆ। ਇੱਕ ਨੰਬਰ ਦੀ ਕੁਸ਼ਤੀ ਪ੍ਰਿੰਸ ਕੋਹਾਲੀ ਅਤੇ ਅਜੇ ਹਰਿਆਣਾ ਵਿਚਕਾਰ ਹੋਈ ਜਿਸ ਵਿੱਚ ਪ੍ਰਿੰਸ ਕੋਹਾਲੀ ਜੇਤੂ ਰਿਹਾ। ਦੂਸਰੇ ਨੰਬਰ ਦੀ ਕੁਸ਼ਤੀ ਮੰਨਾ ਕੰਗਣੀਵਾਲ ਤੇ ਅੰਗਰੇਜ ਡੂਮਛੇੜੀ ਵਿਚਕਾਰ ਹੋਈ ਜਿਸ ਵਿੱਚ ਅੰਗਰੇਜ ਡੂਮਛੇੜੀ ਜੇਤੂ ਰਿਹਾ। ਤੀਸਰੇ ਨੰਬਰ ਦੀ ਕੁਸ਼ਤੀ ਸਿਮਰਨ ਮੁਕੰਦਪੁਰ ਤੇ ਛੋਟਾ ਜੱਸਾ ਬਾਹੜੋਵਾਲ ਵਿਚਕਾਰ ਹੋਈ ਜਿਸ ਵਿੱਚ ਛੋਟਾ ਜੱਸਾ ਬਾਹੜੋਵਾਲ ਜੇਤੂ ਰਿਹਾ। ਕੋਚ ਦੀ ਭੂਮਿਕਾ ਬੀਰਾ ਰਾਏਪੁਰ ਡੱਬਾ ਨੇ ਬਾਖੂਬੀ ਨਿਭਾਈ। ਪ੍ਰਬੰਧਕਾਂ ਵਲੋਂ ਜੇਤੂ ਪਹਿਲਵਾਨਾਂ ਨੂੰ ਨਕਦ ਇਨਾਮ ਨਾਲ ਸਨਮਾਨਤ ਕੀਤਾ। ਇਸ ਮੌਕੇ ਸੰਤ ਬਾਬਾ ਸਰਬਜੀਤ ਸਿੰਘ ਮੁੱਖ ਸੇਵਾਦਾਰ ਸੰਤ ਬਾਬਾ ਅਤਰ ਦਾਸ, ਬਾਬਾ ਜਬਰਜੰਗ ਸਿੰਘ ਸੇਵਾਦਾਰ ਗੁਰਦੁਆਰਾ ਸਲਵਾਣਾ ਸਾਹਿਬ ਮਾਲੋਮਜਾਰਾ, ਛਿੰਝ ਕਮੇਟੀ ਦੇ ਪ੍ਰਧਾਨ ਰਣਜੀਤ ਸਿੰਘ ਰਾਣਾ ਲੜੋਆ,ਸੈਕਟਰੀ ਜਸਵਿੰਦਰ ਸਿੰਘ ਬੈਂਕ ਵਾਲੇ, ਸੁਰਜੀਤ ਸਿੰਘ ਨੰਬਰਦਾਰ, ਪਲਵਿੰਦਰ ਸਿੰਘ ਪਿੰਦਾ, ਅਮਰਨਾਥ ਸਿੰਘ ਸ਼ੇਰਗਿੱਲ ਤੋਂ ਇਲਾਵਾ ਦਰਸ਼ਕ ਹਾਜ਼ਰ ਸਨ।

## ਜਲੰਧਰ ਫੋਟੋਗ੍ਰਾਫਰਜ਼ ਕਲੱਬ ਦਾ ਸਾਲਾਨਾ ਸਮਾਗਮ ਧੂਮਧਾਮ ਨਾਲ ਸੰਪੰਨ

**ਕਪੂਰਥਲਾ/ਜਲੰਧਰ (ਹਨੀ)** ਜਲੰਧਰ ਫੋਟੋਗ੍ਰਾਫਰਜ਼ ਕਲੱਬ ਵੱਲੋਂ ਸਾਲਾਨਾ ਸਮਾਗਮ ਦਾ ਆਯੋਜਨ ਸਥਾਨਕ ਵਿਕਟੋਰੀਆ ਗਾਰਡਨ ਵਿਖੇ ਬੜੀ ਧੂਮਧਾਮ ਨਾਲ ਕੀਤਾ ਗਿਆ । ਪੰਜਾਬ ਸਰਕਾਰ ਦੇ ਮੰਤਰੀ ਮੋਹਿੰਦਰ ਭਗਤ, ਜਲੰਧਰ ਦੇ ਮੇਅਰ ਵਨੀਤ ਧੀਰ ਅਤੇ ਅਵਿਨਵ ਚੋਪੜਾ ਸਮਾਗਮ 'ਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਜਿਨ੍ਹਾਂ ਨੇ ਜਲੰਧਰ ਫੋਟੋਗ੍ਰਾਫਰਜ਼ ਕਲੱਬ ਵੱਲੋਂ ਸਮਾਜ ਭਲਾਈ ਦੇ ਕੀਤੇ ਜਾਂਦੇ ਕੰਮਾਂ ਤੇ ਫੋਟੋਗ੍ਰਫ਼ਰਾਂ ਦੀ ਏਕਤਾ ਦੀ ਪ੍ਰਸ਼ੰਸਾ ਕੀਤੀ । ਇਸ ਤੋਂ ਪਹਿਲਾਂ ਪੰਜਾਬ ਕੇਸਰੀ ਗਰੁੱਪ ਦੇ ਡਾਇਰੈਕਟਰ ਅਵਿਨਵ ਚੋਪੜਾ ਨੇ ਰੀਬਨ ਕੱਟ ਕੇ ਸਮਾਰੋਹ ਦਾ ਆਗਾਜ਼ ਕੀਤਾ । ਕਲੱਬ ਦੇ ਪ੍ਰਧਾਨ ਸੁਖਵਿੰਦਰ ਨੰਦਰਾ, ਜਨਰਲ ਸੈਕਟਰੀ ਅਸ਼ੋਕ ਨਾਗਪਾਲ, ਸੰਸਥਾਪਕ ਕਮਲਜੀਤ ਸਿੰਘ ਭਾਟੀਆ, ਬ੍ਰਿਜ ਅਰੋੜਾ, ਸੰਦੀਪ ਤਨੇਜਾ, ਕੈਸ਼ੀਅਰ ਪਵਨ, ਪੀ ਆਰ ਓ ਅਮਨ ਆਦਿ ਵੱਲੋਂ ਪਹੁੰਚੇ ਮਹਿਮਾਨਾਂ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ । ਇਸ ਦੌਰਾਨ ਫੋਟੋਗ੍ਰਾਫੀ ਨਾਲ ਸਬੰਧਤ ਪ੍ਰਦਰਸ਼ਨੀ ਵੀ ਲਗਾਈ ਗਈ, ਜਿਸ ਵਿਚ ਨਾਮੀ ਕੰਪਨੀਆਂ ਵੱਲੋਂ ਫੋਟੋਗ੍ਰਫ਼ਰਾਂ ਨੂੰ ਨਵੀਆਂ ਤਕਨੀਕਾਂ ਦੀ ਜਾਣਕਾਰੀ ਦਿੱਤੀ ਗਈ । ਸਮਾਰੋਹ ਨੂੰ ਸਫਲ ਬਣਾਉਣ ਵਿੱਚ ਗਿਆਨ ਵਰਮਾ, ਜਗਦੀਸ਼, ਸੁਰਜੀਤ ਸਿੰਘ, ਕੁਲਵਿੰਦਰ ਜੋਹਲ, ਗੁਰਸ਼ਰਨ ਜੀਤ ਰਾਜ, ਰਾਹੁਲ ਅਰੋੜਾ, ਅਨੂਪ ਤਨੇਜਾ, ਮਹਿੰਦਰ ਪਾਲ, ਪਰਵੀਨ ਮਹਾਜਨ, ਤਜਿੰਦਰ ਕੁਮਾਰ, ਸੰਜੀਵ ਕੁਮਾਰ, ਰਮਨ ਮਦਾਨ, ਹਰਿੰਦਰ ਸ਼ਰਮਾ, ਵਿਮਲ ਜੀਤ, ਗੁਲਸ਼ਨ ਬਹਿਲ, ਜਸਪਾਲ ਜੱਸਾ ਸਮੇਤ ਸਾਰੀ ਵਰਕਿੰਗ ਟੀਮ ਦਾ ਅਹਿਮ ਯੋਗਦਾਨ ਰਿਹਾ । ਮੇਅਰ ਵਨੀਤ ਧੀਰ ਅਤੇ ਅਵਿਨਵ ਚੋਪੜਾ ਨੇ ਫੋਟੋਗ੍ਰਾਫੀ ਸਬੰਧੀ ਨਵੀਆਂ ਤਕਨੀਕਾਂ ਦੀ ਜਾਣਕਾਰੀ ਲਈ ਅਤੇ ਕਲੱਬ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ । ਮੰਤਰੀ ਮੋਹਿੰਦਰ ਭਗਤ ਨੇ ਪੰਜਾਬ ਸਰਕਾਰ ਵੱਲੋਂ ਆਪਣੇ ਫੰਡ 'ਚੋਂ 2 ਲੱਖ ਰੁਪਏ ਕਲੱਬ ਨੂੰ ਦੇਣ ਦਾ ਐਲਾਨ ਕਰਦਿਆਂ ਕਿਹਾ ਕਿ ਕਲੱਬ ਵਲੋਂ ਸਮੇਂ ਸਮੇਂ 'ਤੇ ਕੀਤੇ ਜਾਂਦੇ ਵਰਕਸ਼ਾਪਾਂ ਦੇ ਆਯੋਜਨਾਂ ਰਾਹੀਂ, ਫੋਟੋਗ੍ਰਫ਼ਰਾਂ ਨੂੰ ਜੋ ਵੱਡਮੁੱਲੀ ਜਾਣਕਾਰੀ ਦਿੱਤੀ ਜਾਂਦੀ ਹੈ, ਉਸ ਲਈ ਕਲੱਬ ਮੈਂਬਰ ਵਧਾਈ ਦੇ ਪਾਤਰ ਹਨ। ਪਹੁੰਚੇ ਮਹਿਮਾਨਾਂ ਨੇ ਕਲੱਬ ਮੈਂਬਰਾਂ ਨਾਲ ਮਿਲ ਕੇ ਚੀਫ਼ ਐਡੀਟਰ ਬਲਵੀਰ ਸਿੰਘ ਢੱਡਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਤਿਆਰ ਕੀਤੀ ਗਈ ਡੈਰੀ ਕਮ ਡਾਇਰੈਕਟਰੀ ਰਿਲੀਜ਼ ਕੀਤੀ ਗਈ । ਪ੍ਰਧਾਨ ਸੁਖਵਿੰਦਰ ਨੰਦਰਾ ਨੇ ਪਹੁੰਚੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ, ਕਲੱਬ ਦੀਆਂ ਗਤੀਵਿਧੀਆਂ ਅਤੇ ਉਪਲਬੱਧੀਆਂ 'ਤੇ ਚਾਣਨਾ ਪਾਇਆ । ਇਸ ਦੌਰਾਨ ਹੋਸ਼ਿਆਰਪੁਰ, ਸੁਲਤਾਨਪੁਰ ਲੋਧੀ, ਨਕੋਦਰ, ਮਹਿਤਪੁਰ, ਸ਼ਾਹਕੋਟ, ਰਈਆ, ਲੁਧਿਆਣਾ, ਜਮਸ਼ੇਰ, ਅਬੋਹਰ ਆਦਿ ਦੇ ਫੋਟੋਗ੍ਰਾਫਰ ਕਲੱਬਾਂ ਤੋਂ ਇਲਾਵਾ ਗੁਰਦਾਸਪੁਰ, ਅੰਮ੍ਰਿਤਸਰ, ਮਾਝਾ ਫੋਟੋਗ੍ਰਾਫਰ ਵੈਲਫੇਅਰ ਐਸੋਸੀਏਸ਼ਨ, ਕਪੂਰਥਲਾ ਦੇ ਨੁਮਾਇੰਦੇ ਸ਼ਾਮਲ ਸਨ । ਕਲੱਬ ਵੱਲੋਂ ਪਹੁੰਚੇ ਮਹਿਮਾਨਾਂ, ਐਸੋਸੀਏਸ਼ਨਾਂ, ਕਲੱਬਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ ।



## .ਗਦਰੀ ਬਾਬੇ ਵਿਚਾਰਧਾਰਕ ਮੰਚ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਮਨਾਏਗਾ



**ਖਰੜ (ਹਰਨਾਮ ਸਿੰਘ ਡੱਲਾ)**- ਗ਼ਦਰੀ ਬਾਬੇ ਵਿਚਾਰਧਾਰਕ ਮੰਚ (ਪੰਜਾਬ) ਖਰੜ ਦੀ ਇੱਕ ਬੈਠਕ ਨਗਰ ਕੌਂਸਲ ਪਾਰਕ ਖਰੜ ਵਿਖੇ ਹੋਈ। ਜਿਸ ਵਿੱਚ ਇੱਕ ਅਪਰਾਧੀ ਪ੍ਰਵਿਰਤੀ ਵਾਲੇ ਪਰਵਾਸੀ ਮਜ਼ਦੂਰ ਵਲੋਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਸੂਮ ਬੱਚੇ ਹਰਬੀਰ ਸਿੰਘ ਨਾਲ ਬਦਫੈਲੀ ਕਰਕੇ ਉਸ ਨੂੰ ਕਤਲ ਕਰਨ ਵਾਲੀ ਘਟਨਾ ਦੀ ਸਖ਼ਤ ਨਿੰਦਾ ਕੀਤੀ ਗਈ ਅਤੇ ਦੋਸ਼ੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੇ ਜਾਣ ਦੀ ਮੰਗ ਕੀਤੀ ਗਈ। ਮੀਟਿੰਗ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਦੇਸ਼ ਦੇ ਕੌਮੀ ਨੌਜਵਾਨ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਏ ਜਾਣ ਦਾ ਫੈਸਲਾ ਲਿਆ ਗਿਆ ਅਤੇ ਜਿਸ ਅਨੁਸਾਰ 4 ਅਕਤੂਬਰ ਨੂੰ ਇੱਕ ਸੈਮੀਨਾਰ ਆਯੋਜਿਤ ਕਰਵਾਇਆ ਜਾਵੇਗਾ, ਜਿਸ ਵਿੱਚ ਵਿਦਿਆਰਥੀਆਂ, ਨੌਜਵਾਨਾਂ,ਧਰਮ ਨਿਰਪੱਖ ਸੰਸਥਾਵਾਂ, ਮਜ਼ਦੂਰਾਂ, ਕਿਸਾਨਾਂ, ਤਰਕਸ਼ੀਲਾਂ ਅਤੇ ਬੁੱਧੀਜੀਵੀਆਂ ਨੂੰ ਪਹੁੰਚਣ ਲਈ ਸੱਦਾ ਦਿੱਤਾ ਜਾਵੇਗਾ। ਇਸ ਸੈਮੀਨਾਰ ਵਿੱਚ ਦੇਸ਼ ਦੀ ਮੌਜੂਦਾ ਸਥਿਤੀ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਮੀਟਿੰਗ ਵਿੱਚ ਸ.ਸੁਖਵਿੰਦਰ ਸਿੰਘ ਦੁੱਮਣਾ,ਕਾਮਰੇਡ ਯੋਗ ਰਾਜ, ਮਾਸਟਰ ਮੋਹਨ ਲਾਲ ਰਾਹੀ,ਡਾਕਟਰ ਕਰਨੈਲ ਸਿੰਘ,ਡਾਕਟਰ ਜਰਨੈਲ ਸਿੰਘ, ਭੁਪਿੰਦਰ ਸਿੰਘ ਮਦਨਹੇੜੀ,ਕਾਮਰੇਡ ਦਿਨੇਸ਼ ਪ੍ਰਸਾਦ, ਬਲਜਿੰਦਰ ਸਿੰਘ,ਮਜ਼ਦੂਰ ਆਗੂ ਸੁਰਿੰਦਰ ਸਿੰਘ ਬਡਾਲਾ ਕੇ ਹਰਨਾਮ ਸਿੰਘ ਡੱਲਾ ਨੇ ਭਾਗ ਲਿਆ।

# ਬੀ ਕੇ ਯੂ ਕਾਦੀਆਂ ਨੇ ਡਿਪਟੀ ਕਮਿਸ਼ਨਰ ਨੂੰ ਸੌਂਪਿਆ ਮੰਗ ਪੱਤਰ



ਮੋਗਾ (ਇਕਬਾਲ ਸਿੰਘ ਖਹਿਰਾ)-ਪਿਛਲੇ ਦਿਨੀਂ ਸੁਪਰੀਮ ਕੋਰਟ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੇ ਕਿਸਾਨਾਂ ਨੂੰ ਜੇਲ੍ਹ ਭੇਜਣ ਦੀ ਟਿੱਪਣੀ ਕੀਤੀ ਗਈ ਹੈ। ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਇਸ ਸੰਬੰਧੀ ਸਰਕਾਰ ਦੇ ਧਿਆਨ ਵਿੱਚ ਲਿਆਉਣ ਲਈ ਕਿਹਾ ਹੈ ਕਿ ਸੁਪਰੀਮ ਕੋਰਟ ਵੱਲੋਂ ਪਰਾਲੀ ਨੂੰ ਅੱਗ ਨਾ ਲਾਉਣ ਸੰਬੰਧੀ 6 ਨਵੰਬਰ 2019 ਨੂੰ ਇੱਕ ਫੈਸਲਾ ਦਿੱਤਾ ਗਿਆ ਹੈ ਕਿ 100 ਰੁਪਏ ਪ੍ਰਤੀ ਕੁਇੰਟਲ (ਝੋਨੇ ਦੀ ਪਰਾਲੀ) ਭਾਰ ਤੇ 24 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ 2400 ਰੁਪਏ ਪ੍ਰਤੀ ਸਰਕਾਰ ਕਿਸਾਨਾਂ ਨੂੰ ਮੁਆਵਜ਼ਾ ਦੇਵੇਗੀ। ਮੁਆਵਜ਼ਾ ਲੈਣ ਉਪਰੰਤ ਕਿਸਾਨ ਆਪਣੇ ਖੇਤਾਂ ਵਿੱਚ ਪਰਾਲੀ ਨੂੰ ਅੱਗ ਨਹੀਂ ਲਗਾ ਸਕੇਗਾ। ਜੋ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ 6-11-2019 ਦੇ ਸੁਪਰੀਮ ਕੋਰਟ ਦੇ ਫੈਸਲੇ ਨੂੰ (ਜੋ ਕਿ ਅੱਜ ਵੀ ਸਟੈਂਡ ਕਰਦਾ ਹੈ) ਹੂਬਹੂ ਲਾਗੂ ਕੀਤਾ ਜਾਵੇ। 2019 ਤੋਂ ਲੈ ਕੇ ਮਹਿੰਗਾਈ ਮੁਤਾਬਿਕ 4500 ਰੁਪਏ ਪ੍ਰਤੀ ਏਕੜ ਕਿਸਾਨਾਂ ਨੂੰ ਮੁਹੱਈਆ ਕਰਵਾਇਆ ਜਾਵੇ ਤਾਂ ਜੋ ਪੰਜਾਬ ਸੂਬਾ ਪਰਾਲੀ ਹੁੰਦੇ ਤੋਂ ਨਿਜਾਤ ਪਾ ਸਕੇ। ਕਿਸਾਨਾਂ ਦੀ ਆਰਥਿਕ ਮਦਦ ਕੀਤੇ ਬਿਨਾਂ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣਾ ਗੈਰ ਤਰਕਸੰਗਤ ਹੈ ਅਤੇ ਸੁਪਰੀਮ ਕੋਰਟ ਦੇ ਫੈਸਲੇ ਉਲੰਘਣਾ ਹੈ। ਕਿਸਾਨਾਂ ਦੀ ਸ਼ਿਕਾਇਤ ਹੈ ਕਿ ਜ਼ਿਲ੍ਹੇ ਮੋਗੇ ਵਿੱਚ ਡੀ ਏ ਪੀ ਖਾਦ ਦੀ ਕਾਲਾ ਬਜ਼ਾਰੀ ਜ਼ੋਰਾਂ 'ਤੇ ਹੈ, 1700 ਤੋਂ 1800 ਰੁਪਏ ਤੱਕ ਡੀ ਏ ਪੀ ਦੀ ਬੋਰੀ ਬਲੈਕ 'ਚ ਦਿੱਤੀ ਜਾ ਰਹੀ ਹੈ। ਕਿਸਾਨਾਂ ਨੂੰ ਡੀ ਏ ਪੀ ਖਾਦ ਜੋ ਕਿ ਕਣਕ ਬੀਜਣ ਤੋਂ ਪਹਿਲਾਂ ਜ਼ਰੂਰੀ ਹੈ, ਜੋ ਕਿ ਸਹੀ ਤਰੀਕੇ ਨਾਲ ਨਹੀਂ ਮਿਲਦੀ। ਇਸਦੇ ਅਤੇ ਹੋਰ ਖਾਦ ਵੇਚਣ ਵਾਲੇ ਅਦਾਰਿਆਂ ਵੱਲੋਂ ਡੀ ਏ ਪੀ ਖਾਦ ਦੇ ਨਾਲ ਨੈਨੋ ਖਾਦ ਆਦਿ ਵਾਧੂ ਸਮੱਗਰੀ ਕਿਸਾਨਾਂ ਨੂੰ ਲੈਣ ਵਾਸਤੇ ਮਜਬੂਰ ਕੀਤਾ ਜਾ ਰਿਹਾ ਹੈ। ਜਦੋਂ ਕਿ ਪੀ ਏ ਯੂ ਲੁਧਿਆਣਾ ਨੇ ਸਪਸ਼ਟ ਕੀਤਾ ਜਾ ਚੁੱਕਾ ਹੈ ਕਿ ਨੈਨੋ ਖਾਦ ਦਾ ਕਣਕ ਅਤੇ ਝੋਨੇ ਦੀ ਫਸਲ ਨੂੰ ਕੋਈ ਫਾਇਦਾ ਨਹੀਂ। ਸਰਕਾਰ ਵੱਲੋਂ ਵੀ ਡੀ ਏ ਪੀ ਖਾਦ ਨਾਲ ਵਾਧੂ ਵਸਤਾਂ ਨਾ ਦੇਣ ਦੀ ਗੱਲ ਕੀਤੀ ਹੈ ਪ੍ਰੰਤੂ ਖਾਦ ਵੇਚਣ ਵਾਲੇ ਇਸ ਦੀ ਕੋਈ ਪਰਵਾਹ ਨਹੀਂ ਕਰਦੇ। ਜੇ ਡੀ ਏ ਪੀ ਖਾਦ ਦੇ ਨਾਲ ਨੈਨੋ ਖਾਦ ਅਤੇ ਤੁਰੰਤ ਰੋਕ ਲਾਈ ਜਾਵੇ ਅਤੇ ਬਜ਼ਾਰ ਵਿੱਚ ਚੱਲ ਰਹੀ ਕਾਲਾ ਬਜ਼ਾਰੀ ਨੂੰ ਨੱਥ ਪਾਈ ਜਾਵੇ। ਝੋਨੇ ਦੀ ਖਰੀਦ ਸੰਬੰਧੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ੈਲਰਾਂ ਵਾਲਿਆਂ, ਖਰੀਦ ਏਜੰਸੀਆਂ ਅਤੇ ਆੜ੍ਹਤੀਆਂ ਨਾਲ ਝੋਨੇ ਦੀ ਖਰੀਦ ਨੂੰ ਲੈ ਕੇ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਜਦੋਂ ਕਿ ਝੋਨਾ ਪੈਦਾ ਕਰਨ ਵਾਲੀ ਮੁੱਖ ਧਿਰ (ਕਿਸਾਨਾਂ ਨੂੰ) ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਮੰਡੀਆਂ ਵਿੱਚ ਝੋਨੇ ਦੀ ਢੇਰੀ ਨਾਲ ਪਾਸ ਖੜ੍ਹਾ ਕਰਕੇ ਜੇ ਫਾਰਮ ਫੋਟੋ ਲੈਣ ਦੀ ਵਿਵਸਥਾ ਬੰਦ ਕੀਤੀ ਜਾਵੇ। ਕਿਉਂਕਿ ਕਿਸਾਨ ਇਸ ਸਮੇਂ ਖੇਤਾਂ ਵਿੱਚ ਆਉਂਦੀ ਫਸਲ ਕਣਕ ਬੀਜਣ ਵਾਸਤੇ ਜ਼ਿਆਦਾ ਰੁੱਝੇ ਹੁੰਦੇ ਹਨ। ਕਿਸਾਨਾਂ ਨੇ ਮੰਗ ਕੀਤੀ ਹੈ ਕਿ ਮੰਡੀਆਂ 'ਚ ਝੋਨੇ ਦੀ ਖਰੀਦ ਸਮੇਂ ਮਿਕਚੋਮੀਟਰ ਨਮੀ ਮਾਪਣ ਵਾਲਾ ਯੰਤਰ ਸਿਰਫ ਤੇ ਸਿਰਫ ਮਾਰਕੀਟ ਕਮੇਟੀ ਦਾ ਹੋਣਾ ਚਾਹੀਦਾ ਹੈ ਨਾ ਕਿ ਕਿਸੇ ਸ਼ੈਲਰ ਮਾਲਕ ਦਾ। ਕਿਉਂਕਿ ਮਾਰਕੀਟ ਕਮੇਟੀ ਵਾਲੇ ਮਿਕਚੋਮੀਟਰ ਅਤੇ ਸ਼ੈਲਰ ਮਾਲਕ ਦੀ ਰੀਡਿੰਗ ਵੱਖਰੀ-ਵੱਖਰੀ ਹੁੰਦੀ ਹੈ ਜਿਸ ਨਾਲ ਫਸਲ ਦੀ ਨਮੀ ਨੂੰ ਲੈ ਕੇ ਕਿਸਾਨਾਂ ਨੂੰ ਖੁੰਜਾਰਾ ਝੱਲਣਾ ਜਾਂਦਾ ਹੈ। ਕਿਸਾਨਾਂ ਦੀ ਮੰਗ ਹੈ ਕਿ ਝੋਨਾ ਕੱਟਣ ਤੋਂ ਬਾਅਦ ਜੋ ਬਚਦੇ ਹਨ ਉਨ੍ਹਾਂ ਨੂੰ ਅੱਗ ਲਗਾਉਣ ਦੀ ਇਜਾਜ਼ਤ ਦਿੱਤੀ ਜਾਵੇ। ਮੰਗ ਪੱਤਰ ਦੇਣ ਸਮੇਂ ਜ਼ਿਲ੍ਹਾ ਜਨਰਲ ਸਕੱਤਰ ਹਰਪ੍ਰੀਤ ਸਿੰਘ ਦੀਦਾਰੇਵਾਲਾ, ਜ਼ਿਲ੍ਹਾ ਕਮੇਟੀ ਮੈਂਬਰ ਚਰਨਪ੍ਰੀਤ ਸਿੰਘ ਬਾਘਾ ਪੁਰਾਣਾ, ਬਲਵੀਰ ਸਿੰਘ ਭਾਗੀਕੇ ਅਤੇ ਬਲਜੀਤ ਸਿੰਘ ਸਰਪੰਚ ਚੁਗਾਵਾਂ, ਬਲਾਕ ਪ੍ਰਧਾਨ ਮੇਜਰ ਸਿੰਘ ਘੋਲੀਆ ਖੁਰਦ, ਅੰਗਰੇਜ਼ ਸਿੰਘ ਦੌਲਤ ਪਰਾ, ਰਮਨਦੀਪ ਸਿੰਘ ਕੋਟ ਈਸੇ ਖਾਂ, ਨਛੱਤਰ ਸਿੰਘ ਧਰਮਕੋਟ, ਗੁਰਵਿੰਦਰ ਸਿੰਘ ਸਰਪੰਚ ਰੌਲੀ, ਕੁਲਜਿੰਦਰ ਸਿੰਘ ਤਖ਼ਤੂਪੁਰਾ, ਰਾਜਾ ਸਿੰਘ ਦੌਲਤਪੁਰਾ, ਜਸਵੀਰ ਸਿੰਘ ਮੰਦਰ ਅਤੇ ਮਨਪ੍ਰੀਤ ਸਿੰਘ ਵਰ੍ਹੇ ਅਤੇ ਹੋਰ ਕਿਸਾਨ ਆਗੂ ਮੰਗ ਪੱਤਰ ਦੇਣ ਸਮੇਂ ਸ਼ਾਮਲ ਸਨ।

## ਕਿਸਾਨਾਂ ਤੇ ਕੋਈ ਸਖ਼ਤੀ ਨਾ ਵਰਤੀ ਜਾਵੇ : ਭੋਡੀਪੁਰ, ਮਨੇਵਾਲਾ



ਜਲਾਲਾਬਾਦ (ਜੀਤ ਕੁਮਾਰ)-ਭਾਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜੋਗਾ ਸਿੰਘ ਭੋਡੀਪੁਰ ਅਤੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਗੁਰਵਿੰਦਰ ਸਿੰਘ ਮਨੇਵਾਲਾ ਨੇ ਕਿਹਾ ਕਿ ਮਾਨਯੋਗ ਸੁਪਰੀਮ ਕੋਰਟ ਦਾ ਇਹ ਫੈਸਲਾ ਹੈ ਕਿ ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਜੇਲ੍ਹਾਂ ਦੀਆਂ ਸਲਾਖਾਂ ਪਿੱਛੇ ਭੇਜਿਆ ਜਾਵੇ, ਇਹ ਫੈਸਲਾ ਗ਼ੈਰ ਤਰਕ ਸੰਗਤ ਹੈ। ਜ਼ਿਲ੍ਹਾ ਪ੍ਰਧਾਨ ਜੋਗਾ ਸਿੰਘ ਭੋਡੀਪੁਰ ਅਤੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਗੁਰਵਿੰਦਰ ਸਿੰਘ ਮਨੇਵਾਲਾ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੇ ਹਮੇਸ਼ਾ ਭਾਰਤੀਆਂ ਦਾ ਢਿੱਡ ਭਰਿਆ ਹੈ। ਅੱਜ ਉਹ ਮਨੁੱਖੀ ਗ਼ਲਤੀਆਂ ਕਾਰਨ ਭਿਆਨਕ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ। ਇਹ ਪੰਜਾਬ ਦੇ ਕਿਸਾਨਾਂ ਲਈ ਬਹੁਤ ਵੱਡੀ ਮਾਰ ਹੈ, ਉੱਤੋਂ ਖੇਤਾਂ 'ਚ ਖੜੀ ਫ਼ਸਲ ਨੂੰ ਕਈ ਭਿਆਨਕ ਬਿਮਾਰੀਆਂ ਨੇ ਘੇਰ ਲਿਆ ਹੈ, ਜਿਸ ਨਾਲ ਝਾੜ ਘਟੇਗਾ। ਅਜਿਹੇ ਮੌਕੇ ਮਾਨਯੋਗ ਅਦਾਲਤ ਨੇ ਕਿਸਾਨਾਂ ਨੂੰ ਪਰਾਲੀ ਫੂਕਣ ਲਈ ਜੇਲ੍ਹ ਭੇਜਣ ਦਾ ਹੁਕਮ ਚਾੜ੍ਹ ਦਿੱਤਾ ਹੈ। ਗੁਰਵਿੰਦਰ ਸਿੰਘ ਮਨੇ ਵਾਲਾ ਨੇ ਅਦਾਲਤ ਦੇ ਇਸ ਹੁਕਮ 'ਤੇ ਅਫ਼ਸੋਸ ਜ਼ਾਹਿਰ ਕਰਦਿਆਂ ਕਿਹਾ ਕਿ ਦਿੱਲੀ 'ਚ ਪ੍ਰਦੂਸ਼ਣ ਕੇਵਲ ਪੰਜਾਬ ਦੇ ਕਿਸਾਨਾਂ ਵਲੋਂ ਪਰਾਲੀ ਨੂੰ ਅੱਗ ਲਾਉਣ ਕਾਰਨ ਹੀ ਨਹੀਂ ਹੁੰਦਾ ਹੈ, ਬਲਕਿ ਇਥੇ ਪ੍ਰਦੂਸ਼ਣ ਹੋਣ ਦੇ ਹੋਰ ਕਾਰਨ ਹਨ। ਜ਼ਿਲ੍ਹਾ ਪ੍ਰਧਾਨ ਜੋਗਾ ਸਿੰਘ ਭੋਡੀਪੁਰ ਨੇ ਕਿਹਾ ਕਿ ਇਸ ਮਸਲੇ ਵਿੱਚ ਮਾਨਯੋਗ ਸੁਪਰੀਮ ਕੋਰਟ ਨੇ ਕਿਸਾਨਾਂ ਦੇ ਪੱਖ ਵਿਚ ਬਿਲਕੁੱਲ ਹੀ ਨਹੀਂ ਸੋਚਿਆ।

## ਬਾਲੀਵੁੱਡ ਅਦਾਕਾਰ ਗੈਵੀ ਚਾਹਲ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਏ

### ਹੰਭਲਾ ਫ਼ਾਊਂਡੇਸ਼ਨ ਵੱਲੋਂ ਜ਼ਮੀਨਾਂ ਨੂੰ ਪੱਧਰਾ ਕਰਨ ਦਾ ਕੰਮ ਸ਼ੁਰੂ



ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਦੀ ਮੱਦਦ ਲਈ ਹੁਣ ਬਾਲੀਵੁੱਡ ਦੇ ਅਦਾਕਾਰ ਵੀ ਅੱਗੇ ਆ ਰਹੇ ਹਨ। ਅਦਾਕਾਰ ਗੈਵੀ ਚਾਹਲ ਵੀ ਹੜ੍ਹ ਪੀੜਤਾਂ ਦੀ ਸੇਵਾ ਕਰਨ ਲਈ ਫ਼ਿਰੋਜ਼ਪੁਰ ਪਹੁੰਚੇ। ਉਨ੍ਹਾਂ ਕਿਸ਼ਤੀ ਰਾਹੀਂ ਟਾਪੂ-ਨੁਮਾ ਪਿੰਡ ਕਾਲੂ ਵਾਲਾ ਦਾ ਦੌਰਾ ਕੀਤਾ, ਜਿੱਥੇ ਸਤਲੁਜ ਦਰਿਆ ਦੇ ਹੜ੍ਹਾਂ ਨੇ ਕਾਫ਼ੀ ਨੁਕਸਾਨ ਕੀਤਾ ਹੈ। ਗੈਵੀ ਚਾਹਲ ਨੇ ਦੱਸਿਆ ਕਿ ਉਨ੍ਹਾਂ ਦੀ 'ਗੈਵੀ ਚਾਹਲ ਫਾਊਂਡੇਸ਼ਨ' ਲਗਾਤਾਰ ਹੜ੍ਹ ਪੀੜਤਾਂ ਦੀ ਮੱਦਦ ਕਰ ਰਹੀ ਹੈ ਅਤੇ ਉਹ ਹੋਰਨਾਂ ਲੋਕਾਂ ਨੂੰ ਵੀ ਇਸ ਨੇਕ ਕੰਮ ਲਈ ਅੱਗੇ ਆਉਣ ਦੀ ਅਪੀਲ ਕਰਦੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਜ਼ਮੀਨਾਂ ਖਰਾਬ ਹੋ ਗਈਆਂ ਹਨ, ਜਿੱਥੇ 20 ਤੋਂ 25 ਫ਼ੁੱਟ ਡੂੰਘੇ ਟੋਏ ਪੈ ਗਏ ਹਨ। ਗੈਵੀ ਚਾਹਲ ਤੇ ਉਨ੍ਹਾਂ ਦੀ ਟੀਮ ਨੇ ਕਾਲੂ ਵਾਲਾ ਪਿੰਡ ਦੇ ਲੋਕਾਂ ਨੂੰ ਕੱਪੜੇ ਵੀ ਵੰਡੇ। ਇਸ ਦੌਰਾਨ ਉਨ੍ਹਾਂ ਮੁੜ-ਵਸੇਬੇ ਦਾ ਕੰਮ ਕਰ ਰਹੀ 'ਹੰਭਲਾ ਫ਼ਾਊਂਡੇਸ਼ਨ' ਦੀ ਵੀ ਸ਼ਲਾਘਾ ਕੀਤੀ। ਇਸੇ ਦੌਰਾਨ 'ਹੰਭਲਾ ਫ਼ਾਊਂਡੇਸ਼ਨ ਪੰਜਾਬ' ਨੇ ਵੀ ਹੜ੍ਹਾਂ ਨਾਲ ਖਰਾਬ ਹੋਈਆਂ ਜ਼ਮੀਨਾਂ ਨੂੰ ਪੱਧਰਾ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਪਿੰਡ ਹਜ਼ਾਰਾ ਸਿੰਘ ਵਾਲਾ ਵਿੱਚ ਹਿੰਦ-ਪਾਕਿ ਸਰਹੱਦ ਨਾਲ ਲੱਗਦੀਆਂ ਜ਼ਮੀਨਾਂ 'ਤੇ ਟਰੈਕਟਰ ਲਗਾ ਕੇ ਕੰਮ ਕੀਤਾ ਜਾ ਰਿਹਾ ਹੈ। ਫ਼ਾਊਂਡੇਸ਼ਨ ਦੇ ਡਾਕਟਰ ਸੁਰਜੀਤ ਸਿੰਘ ਸਿੱਧੂ ਨੇ ਦੱਸਿਆ ਕਿ ਹੜ੍ਹਾਂ ਤੋਂ ਬਾਅਦ ਲੋਕਾਂ ਨੂੰ ਅਸਲ ਮੱਦਦ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸੰਸਥਾ ਨੇ ਪਹਿਲਾਂ ਸਰਵੇਖਣ ਕੀਤਾ ਹੈ ਅਤੇ ਹੁਣ ਯੋਜਨਾਬੱਧ ਤਰੀਕੇ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਦੀ ਟੀਮ ਘਰ-ਘਰ ਜਾ ਕੇ ਲੋੜਵੰਦਾਂ ਨੂੰ ਪਸ਼ੂਆਂ ਲਈ ਫੀਡ ਤੇ ਚਾਰਾ ਵੀ ਦੇ ਰਹੀ ਹੈ। ਇਸ ਕਾਰਜ ਲਈ ਫ਼ਾਊਂਡੇਸ਼ਨ ਦੀ ਚਾਰੇ ਪਾਸਿਓਂ ਤਾਰੀਫ਼ ਹੋ ਰਹੀ ਹੈ।

## ਲੋਕਾਂ ਨੂੰ ਸਰਕਾਰੀ ਯੋਜਨਾਵਾਂ ਬਾਰੇ ਜਾਣੂ ਕਰਾਉਣ ਦਾ ਫ਼ੈਸਲਾ ਲਿਆ




ਜੈਤੋ (ਸਤੀਸ਼ ਕੁਮਾਰ ਭੀਰੀ)-ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਜੈਤੋ ਮਹਿਲਾ ਵਿੰਗ ਦੀ ਇੱਕ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਕੋਆਰਡੀਨੇਟਰ ਸਰਬਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸ਼ਹਿਰੀ ਬਲਾਕ ਪ੍ਰਧਾਨ ਪ੍ਰਵੀਨ ਗਰਗ ਦੇ ਘਰ ਹੋਈ।ਮੀਟਿੰਗ ਦੀ ਪ੍ਰਧਾਨਗੀ ਹਲਕਾ ਪ੍ਰਧਾਨ ਸੀਮਾ ਸ਼ਰਮਾ ਨੇ ਕੀਤੀ।ਹਲਕਾ ਵਿਧਾਇਕ ਅਮੋਲਕ ਸਿੰਘ ਦੀ ਪਤਨੀ ਮਨਪ੍ਰੀਤ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਮੀਟਿੰਗ 'ਚ ਫ਼ੈਸਲਾ ਕੀਤਾ ਗਿਆ ਕਿ ਪਾਰਟੀ ਵਰਕਰ ਘਰ-ਘਰ ਜਾ ਕੇ ਲੋਕਾਂ ਨੂੰ ਪੰਜਾਬ ਸਰਕਾਰ ਦੀਆਂ ਨੀਤੀਆਂ ਤੇ ਯੋਜਨਾਵਾਂ ਬਾਰੇ ਜਾਣੂ ਕਰਾਉਣਗੇ।ਸੀਮਾ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਪਰਿਵਾਰ ਨੂੰ ਪ੍ਰਤੀ ਮਹੀਨਾ 300 ਯੂਨਿਟ ਤੱਕ ਮੁਫ਼ਤ ਬਿਜਲੀ ਪ੍ਰਦਾਨ ਕਰ ਰਹੀ ਹੈ, ਜਿਸ ਨਾਲ 2,000 ਰੁਪਏ ਤੋਂ ਵੱਧ ਦੀ ਸਿੱਧੀ ਬੱਚਤ ਹੋ ਰਹੀ ਹੈ।ਉਨ੍ਹਾਂ ਕਿਹਾ ਕਿ ਇਹ ਯੋਜਨਾ ਆਮ ਲੋਕਾਂ ਦੇ ਜੀਵਨ ਪੱਧਰ ਨੂੰ ਸੁਧਾਰਨ ਵੱਲ ਇੱਕ ਇਤਿਹਾਸਕ ਕਦਮ ਹੈ। ਪ੍ਰਵੀਨ ਗਰਗ ਨੇ ਦੱਸਿਆ ਕਿ 2 ਅਕਤੂਬਰ ਤੋਂ ਪੰਜਾਬ ਸਰਕਾਰ ਹਰ ਪਰਿਵਾਰ ਲਈ 10 ਲੱਖ ਰੁਪਏ ਤੱਕ ਦੀ ਮੁਫ਼ਤ ਸਿਹਤ ਬੀਮਾ ਯੋਜਨਾ ਸ਼ੁਰੂ ਕਰੇਗੀ।ਇਹ ਯੋਜਨਾ ਲੋਕਾਂ ਨੂੰ ਕਿਸੇ ਵੀ ਵੱਡੀ ਬਿਮਾਰੀ ਦੌਰਾਨ ਭਾਰੀ ਡਾਕਟਰੀ ਖਰਚਿਆਂ ਦੇ ਬੋਝ ਤੋਂ ਰਾਹਤ ਪ੍ਰਦਾਨ ਕਰੇਗੀ।ਉਨ੍ਹਾਂ ਅੱਗੇ ਕਿਹਾ ਕਿ 'ਆਪ' ਸਰਕਾਰ ਪੰਜਾਬ ਵਿੱਚ ਸਿੱਖਿਆ ਖੇਤਰ ਨੂੰ ਮਜਬੂਤ ਕਰਨ ਲਈ ਸਰਕਾਰੀ ਸਕੂਲਾਂ ਦਾ ਨਵੀਨੀਕਰਨ ਕਰ ਰਹੀ ਹੈ।ਨਵੀਆਂ ਇਮਾਰਤਾਂ, ਸਮਾਰਟ ਕਲਾਸਰੂਮ ਬਣਾਉਣ ਤੇ ਉੱਚ-ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ।ਲੋਕਾਂ ਨੂੰ ਮੁਫ਼ਤ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਲਈ ਮੁਹੱਲਾ ਕਲੀਨਿਕ ਵੀ ਸਥਾਪਤ ਕੀਤੇ ਗਏ ਹਨ।ਨਸ਼ਾ ਮੁਕਤ ਪੰਜਾਬ ਦੇ ਟੀਚੇ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਡੇ ਪੱਧਰ 'ਤੇ ਜਾਗਰੂਕਤਾ ਤੇ ਪੁਨਰਵਾਸ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ।

## ਜੀ ਐੱਨ ਡੀ ਯੂ ਪੈਨਸ਼ਨਰਜ਼ ਐਸੋਸੀਏਸ਼ਨ ਰਿਲੀਫ ਫੰਡ 'ਚ ਕਰੇਗੀ ਸਹਾਇਤਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਕਾਰਜਕਾਰੀ ਕਮੇਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਪੈਨਸ਼ਨਰਜ਼ ਐਸੋਸੀਏਸ਼ਨ ਦੀ ਅੱਜ ਏਥੇ ਯੂਨੀਵਰਸਿਟੀ ਕੈਂਪਸ ਵਿਖੇ ਡਾਕਟਰ ਅਮਰਜੀਤ ਸਿੰਘ ਸਿੱਧੂ ਦੀ ਸਰਪਰਸਤੀ ਵਿੱਚ ਹੋਈ ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਯੂਨੀਵਰਸਿਟੀ ਪੈਨਸ਼ਨਰਜ਼ ਐਸੋਸੀਏਸ਼ਨ ਦੇ ਮੈਂਬਰ ਇੱਕ ਦਿੱਨ ਦੀ ਪੈਨਸ਼ਨ ਫਲੱਡ ਰੀਲੀਫ਼ ਫੰਡ ਐਸੋਸੀਏਸ਼ਨ ਦੇ ਸੇਵਿੰਗ ਖਾਤਾ,ਪੰਜਾਬ ਐਂਡ ਸਿੰਧ ਬੈਂਕ, ਯੂਨੀਵਰਸਿਟੀ ਕੈਂਪਸ ਬਰਾਂਚ, ਅੰਮ੍ਰਿਤਸਰ ਜਮ੍ਹਾਂ ਕਰਵਾਉਣਗੇ।ਇਹ ਵੀ ਫੈਸਲਾ ਲਿਆ ਗਿਆ ਕਿ ਜੇਕਰ ਕੋਈ ਪੈਂਨਸ਼ਨਰ ਆਪਣੀ ਇੱਛਾ ਅਨੁਸਾਰ ਵੱਧ ਮਾਲੀ ਸਹਾਇਤਾ ਫਲੱਡ ਰੀਲੀਫ ਫੰਡ ਵਾਸਤੇ ਦੇ ਸਕਦਾ ਹੈ ਸੁਆਗਤਯੋਗ ਹੋਵੇਗਾ।ਐਸੋਸੀਏਸ਼ਨ ਦੇ ਪ੍ਰਧਾਨ ਡਾ. ਅਮਰਜੀਤ ਸਿੰਘ ਸਿੱਧੂ ਤੇ ਜਨਰਲ ਸਕੱਤਰ ਅਮਰਜੀਤ ਸਿੰਘ ਬਾਈ ਨੇ ਪ੍ਰੈੱਸ ਨੂੰ ਸਾਂਝਾ ਬਿਆਨ ਰੀਲਜ਼ ਕਰਦਿਆਂ ਵਰਸਿਟੀ ਪੈਨਸ਼ਨ ਮੈਂਬਰਾਂ ਨੂੰ ਪੁਰਜੋਰ ਅਪੀਲ ਕੀਤੀ ਕਿ ਦਿੱਲ ਖੋਲਕੇ ਫਲੱਡ ਰੀਲੀਫ ਫੰਡ ਵਿੱਚ ਯੋਗਦਾਨ ਪਾਉਣ। ਮੀਟਿੰਗ ਵਿੱਚ ਰਮੇਸ਼ ਸ਼ਰਮਾ, ਸੀਨੀਅਰ ਮੀਤ ਪ੍ਰਧਾਨ, ਪ੍ਰੋ. ਸਰੂਪ ਸਿੰਘ, ਮੀਤ ਪ੍ਰਧਾਨ, ਡਾ. ਸੁਖਦੇਵ ਸਿੰਘ ਸੋਹਲ, ਸਕੱਤਰ, ਸੁਰਜੀਤ ਸਿੰਘ, ਵਿੱਤ ਸਕੱਤਰ, ਕੁਲਜੀਤ ਸਿੰਘ, ਸੰਯੁਕਤ ਸਕੱਤਰ, ਦਿਲਬਾਗ ਸਿੰਘ ਰੰਧਾਵਾ, ਪ੍ਰੋ. ਆਰ. ਸੀ ਸਿੰਘ,ਪ੍ਰੋ. ਵਿਕਰਮ ਚੱਢਾ, ਨਰਿੰਦਰ ਸਿੰਘ ਸਿੱਧੂ, ਜੋਗਿੰਦਰ ਸਿੰਘ ਸਾਬਰ ਅਤੇ ਐਸ ਪੀ ਸੇਠੀ ਹਾਜ਼ਰ ਸਨ ਤੇ ਸਾਰਥਿਕ ਵਿਚਾਰ ਚਰਚਾ ਵਿੱਚ ਬਣਦਾ ਯੋਗਦਾਨ ਪਾਇਆ।

## ਆਰਟ ਗੈਲਰੀ ਵਿਖੇ ਸਬਰੀਮਾਲਾ ਦੀ ਸੋਲੋ ਆਰਟ ਪ੍ਰਦਰਸ਼ਨੀ ਦਾ ਉਦਘਾਟਨ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਇੰਡੀਅਨ ਅਕੈਡਮੀ ਆਫ਼ ਫਾਈਨ ਆਰਟਸ (ਆਰਟ ਗੈਲਰੀ) ਵਿਖੇ ਮਸ਼ਹੂਰ ਕਲਾਕਾਰ ਸ੍ਰੀ ਮਨੀਲਾਲ ਸਬਰੀਮਾਲਾ ਦੁਆਰਾ ਵੱਕਾਰੀ ਸੋਲੋ ਆਰਟ ਪ੍ਰਦਰਸ਼ਨੀ ਦਾ ਉਦਘਾਟਨ ਅੱਜ ਗੈਲਰੀ ਦੇ ਪ੍ਰਧਾਨ ਸ: ਰਜਿੰਦਰ ਮੋਹਨ ਸਿੰਘ ਛੀਨਾ ਵੱਲੋਂ ਕੀਤਾ ਗਿਆ।ਇਹ ਪ੍ਰਦਰਸ਼ਨੀ ਕਲਾ ਦਾ ਕੰਮ ਮਨੁੱਖੀ ਮਾਨਸਿਕ ਪੀੜਾ, ਨਿਰਾਸ਼ਾ ਅਤੇ ਅਵਚੇਤਨ ਦੀਆਂ ਸਥਿਰ ਭਾਵਨਾਵਾਂ ਵਰਗੇ ਸੰਕਲਪਾਂ 'ਤੇ ਅਧਾਰਿਤ ਹੈ। ਜੋ ਕਿ 26 ਸਤੰਬਰ ਤੱਕ ਆਮ ਲੋਕਾਂ ਲਈ ਨਿਰਧਾਰਿਤ ਸਮੇਂ 'ਤੇ ਪ੍ਰਦਰਸ਼ਿਤ ਕੀਤੀ ਜਾਵੇਗੀ। ਇਸ ਸਬੰਧੀ ਸ: ਛੀਨਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਡਰਾਇੰਗ 'ਚ ਸ੍ਰੀ ਸਬਰੀਮਾਲਾ ਦੀ ਆਪਣੀ ਦਸਤਖਤ ਸ਼ੈਲੀ ਹੈ ਜੋ ਪੱਥਰ, ਸੰਗਮਰਮਰ ਅਤੇ ਗ੍ਰੇਨਾਈਟ ਨੱਕਾਸ਼ੀ ਨਾਲ ਇਕ ਆਮ ਮਿਸ਼ਰਣ ਬਣਾਉਂਦੀ ਹੈ। ਉਨ੍ਹਾਂ ਕਿਹਾ ਕਿ ਰਚਨਾਵਾਂ ਕੈਨਸਨ ਪੇਪਰ 'ਤੇ ਮਾਈਕ੍ਰੋਨ ਪੈੱਨ ਨਾਲ ਹੀ ਕੀਤੀਆਂ ਜਾਂਦੀਆਂ ਹਨ।ਇਸ ਮੌਕੇ ਗੈਲਰੀ ਦੇ ਚੇਅਰਮੈਨ ਸ਼ਿਵਦੇਵ ਸਿੰਘ, ਉਪ ਪ੍ਰਧਾਨ ਡਾ. ਅਰਵਿੰਦਰ ਸਿੰਘ ਚਮਕ ਅਤੇ ਜਨਰਲ ਸਕੱਤਰ ਡਾ. ਪੀ. ਐੱਸ. ਗਰੋਵਰ ਨੇ ਸਾਂਝੇ ਤੌਰ 'ਤੇ ਕਲਾ ਪ੍ਰੇਮੀਆਂ ਨੂੰ ਕੇਰਲਾ ਦੇ ਪ੍ਰਸਿੱਧ ਰਾਸ਼ਟਰੀ ਪੱਧਰ ਦੇ ਕਲਾਕਾਰ ਸ੍ਰੀ ਸਬਰੀਮਾਲਾ ਦੁਆਰਾ ਕਲਾ ਦੇ ਕੰਮ ਦੀਆਂ ਦੁਰਲੱਭ ਝਲਕਾਂ ਲਈ ਆਰਟ ਗੈਲਰੀ ਦਾ ਦੌਰਾ ਕਰਨ ਦੀ ਅਪੀਲ ਕੀਤੀ। ਇਸ ਮੌਕੇ ਡਾ. ਗਰੋਵਰ ਨੇ ਕਿਹਾ ਕਿ ਬਲੈਕ ਐਂਡ ਵਾਈਟ ਮੋਨੋਕ੍ਰੋਮੈਟਿਕ ਟਰੀਟਮੈਂਟ ਉਨ੍ਹਾਂ ਦੀਆਂ ਸਾਰੀਆਂ ਰਚਨਾਵਾਂ 'ਚ ਇਕ ਕਾਵਿਕ ਲੈਅ ਪੈਦਾ ਕਰਦਾ ਹੈ।

## 26 ਨੂੰ ਦਿੱਤੇ ਜਾ ਰਹੇ ਧਰਨੇ 'ਚ ਕਿਸਾਨ ਤੇ ਮਜ਼ਦੂਰ ਵੱਡੀ ਗਿਣਤੀ 'ਚ ਪਹੁੰਚਣਗੇ : ਜਾਮਾਰਾਏ, ਪੰਡੋਰੀ



ਤਰਨਤਾਰਨ (ਪ੍ਰਿਤਪਾਲ ਸਿੰਘ)

ਜਮਹੂਰੀ ਕਿਸਾਨ ਸਭਾ ਦੀ ਭਰਮੀ ਮੀਟਿੰਗ ਦਰਗਾਹਪੁਰ ਵਿਖੇ ਬਲਵੀਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਵੱਖ-ਵੱਖ ਪਿੰਡਾਂ ਤੋਂ ਜਮਹੂਰੀ ਕਿਸਾਨ ਸਭਾ ਦੇ ਨੁਮਾਇਦਿਆ ਨੂੰ ਸ਼ਮੂਲੀਅਤ ਕੀਤੀ। ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚੇ ਸਭਾ ਦੇ ਸੂਬਾ ਮੀਤ ਪ੍ਰਧਾਨ ਪ੍ਰਗਟ ਸਿੰਘ ਜਾਮਾ ਰਾਏ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਦੀ ਨਾਲਾਇਕੀ ਕਾਰਨ ਹੜਾ ਨਾਲ ਲੱਖਾਂ ਕਿਸਾਨਾਂ ਦੀ ਤਬਾਹੀ ਹੋਈ ਹੈ। ਜੇਕਰ ਇਹਨਾਂ ਸਰਕਾਰਾਂ ਨੇ ਪਹਿਲਾਂ ਹੀ ਪੁਖਤਾ ਪ੍ਰਬੰਧ ਕੀਤੇ ਹੁੰਦੇ ਤਾਂ ਕਿਸਾਨਾਂ ਦੀ ਬਰਬਾਦੀ ਨਾ ਹੁੰਦੀ ਉਹਨਾਂ ਕਿਹਾ ਕਿ ਪੰਜਾਬ ਦੀ ਧਰਤੀ ਤੇ ਹਾਰਟ ਪੀੜਤਾਂ ਦੀ ਮਦਦ ਲਈ ਹਜ਼ਾਰਾਂ ਲੋਕਾਂ ਨੇ ਹਰ ਤਰ੍ਹਾਂ ਦੀ ਮਦਦ ਕੀਤੀ ਅਤੇ ਉਨ੍ਹਾਂ ਨੂੰ ਪੈਰਾਂ ਸਿਰ ਤੇ ਹੋਣ ਦਾ ਨਿਸ਼ਚਾ ਕੀਤਾ ਪਰ ਕੇਂਦਰ ਅਤੇ ਪੰਜਾਬ ਦੀ ਸਰਕਾਰ ਨੇ ਹੜ ਪੀੜਤਾਂ ਦੀ ਸਹਾਇਤਾ ਲਈ ਉਨ੍ਹਾਂ ਦਾ ਜੀਵਨ ਪੱਧਰ ਉਚਾ ਚੁੱਕਣ ਲਈ ਕੋਈ ਉਪਰਾਲਾ ਨਹੀਂ ਕੀਤਾ ਸਗੋਂ ਕੇਂਦਰ ਨੇ ਨਗੂਣਾ ਜਿਹਾ ਐਲਾਨ ਕਰਕੇ ਹੜ ਪੀੜਤਾਂ ਦੇ ਜ਼ਖਮਾਂ ਤੇ ਲੂਣ ਹੀ ਛਿੜਕਿਆ ਹੈ। ਜਾਮਾਰਾਏ ਨੇ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਹੜ੍ਹ ਪੀੜਤਾਂ ਨੂੰ ਪੈਰਾਂ ਸਿਰ ਤੇ ਖੜਾ ਕਰਨ ਲਈ ਘੱਟੋ-ਘੱਟ 70 ਹਜ਼ਾਰ ਰੁਪਏ ਪ੍ਰਤੀ ਏਕੜ ਜ਼ਮੀਨ ਦਾ ਮੁਆਵਜ਼ਾ, ਡੰਗਰਾਂ ਦਾ ਘੱਟੋ-ਘੱਟ ਇੱਕ ਲੱਖ ਰੁਪਏ ਅਤੇ ਹੋਰ ਖਰਾਬ ਹੋਏ ਸਾਜ਼ੋ ਸਾਮਾਨ ਦਾ ਸਰਕਾਰ ਯੋਗ ਮੁਆਵਜ਼ਾ ਦੇਵੇ ਅਤੇ ਗਰੀਬ ਪਰਿਵਾਰਾਂ ਦੇ ਜਿਨਾਂ ਦੇ ਘਰ ਬਰਸਾਤਾਂ ਨਾਲ ਢਹਿ ਚੁੱਕੇ ਹਨ, ਛੱਤਾਂ ਦੀ ਹਾਲਤ ਖਸਤਾ ਹੋਣ ਕਾਰਨ ਕੰਧਾਂ ਪਾਟ ਚੁੱਕੀਆਂ ਹਨ, ਘਰ ਬਣਾਉਣ ਲਈ 10 ਲੱਖ ਰੁਪਏ ਅਤੇ ਮੁਰੰਮਤ ਲਈ ਪੰਜ ਲੱਖ ਰੁਪਏ ਦੀ ਰਾਸ਼ੀ ਦਾ ਐਲਾਨ ਕੀਤਾ ਜਾਵੇ।ਬਲਦੇਵ ਸਿੰਘ ਪੰਡੋਰੀ ਨੂੰ ਦੱਸਿਆ ਕਿ ਹੜ੍ਹ ਪੀੜਤਾਂ ਦੇ ਨੁਕਸਾਨ ਦੀ ਭਰਭਾਈ ਲਈ ਕੇਂਦਰ ਅਤੇ ਪੰਜਾਬ ਸਰਕਾਰ 'ਤੇ ਦਬਾਅ ਪਾਉਣ ਲਈ ਪਾਰਟੀ ਵਲੋਂ 26 ਸਤੰਬਰ ਨੂੰ ਜਿਲ੍ਹਾ ਕੇਂਦਰਾਂ 'ਤੇ ਧਰਨੇ ਦਿੱਤੇ ਜਾ ਰਹੇ ਹਨ। ਕਿਸਾਨਾਂ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਦਾ ਸੱਦਾ ਦਿੱਤਾ।ਇਸ ਮੌਕੇ ਨਰਿੰਦਰ ਸਿੰਘ ਰਟੌਲ, ਅੰਮ੍ਰਿਤਪਾਲ ਸਿੰਘ ਚੌਧਰੀਵਾਲ, ਪੰਜਾਬ ਸਿੰਘ ਠੇਡਾ, ਗੁਰਭੇਜ ਸਿੰਘ ਕਾਹਲਵਾਂ, ਗੁਰਵਿੰਦਰ ਸਿੰਘ ਠੱਠੀਆਂ, ਮਹੀਪਾਲ ਸਿੰਘ ਠੱਠੀਆਂ, ਰਣਧੀਰ ਸਿੰਘ ਦਰਗਾਪੁਰ, ਗੁਰਮੀਤ ਸਿੰਘ ਦਰਗਾਪੁਰ, ਹਰਦੇਵ ਸਿੰਘ ਦਰਗਾਪੁਰ, ਗੁਰਚੇਤ ਸਿੰਘ ਨੱਥੂਪੁਰ, ਕੁਲਦੀਪ ਸਿੰਘ ਝਬਾਲ, ਬਲਜੀਤ ਸਿੰਘ ਉਸਮਾ, ਦਿਲਬਾਗ ਸਿੰਘ ਵਰਿਆਂ, ਗੁਰਭੇਜ ਸਿੰਘ ਸਰਹਾਲੀ ਕਲਾ ਆਦਿ ਹਾਜ਼ਰ ਸਨ।

## ਅੱਜ ਸਰਕਾਰ ਵਿਰੁੱਧ ਮੋਹਾਲੀ ਤੇ ਚੰਡੀਗੜ੍ਹ ਵਿਖੇ ਹੋਵੇਗਾ ਰੋਸ ਪ੍ਰਦਰਸ਼ਨ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-3704 ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਹਰਜਿੰਦਰ ਸਿੰਘ ਫਾਜ਼ਿਲਕਾ ਨੇ ਦੱਸਿਆ ਕਿ ਪਿਛਲੇ ਪੰਜ ਸਾਲ ਤੋਂ 3704 ਅਧਿਆਪਕਾਂ ਵੱਲੋਂ ਪੰਜਾਬ ਦਾ ਪੇਅ ਸਕੇਲ ਲਾਗੂ ਕਰਵਾਉਣ ਲਈ ਕੋਰਟ ਦਾ ਦਰਵਾਜ਼ਾ ਖੜਕਾਇਆ ਗਿਆ ਸੀ, ਜਿਸ ਅਧੀਨ ਹਾਈਕੋਰਟ ਅਤੇ ਸੁਪਰੀਮ ਕੋਰਟ ਵੱਲੋਂ ਇਨ੍ਹਾਂ ਅਧਿਆਪਕਾਂ ਨੂੰ ਪੰਜਾਬ ਸਰਕਾਰ ਵੱਲੋਂ ਥੋਪੇ ਗਏ 17 ਜੁਲਾਈ 2020 ਦੇ ਨੋਟੀਫਿਕੇਸ਼ਨ ਤੋਂ ਨਿਰਯਾਤ ਮਿਲੀ ਅਤੇ ਕੋਰਟ ਨੇ ਰੂਲਾਂ ਅਨੁਸਾਰ ਵਿਭਾਗ ਨੂੰ ਤਨਖਾਹ ਜਾਰੀ ਕਰਨ ਦੀ ਹਦਾਇਤ ਜਾਰੀ ਕੀਤੀ। ਇਸ ਸਮੇਂ ਆਗੂ ਯਾਦਵਿੰਦਰ ਸਿੰਘ ਮੋਗਾ ਨੇ ਦੱਸਿਆ ਕਿ ਵਿਭਾਗ ਵੱਲੋਂ ਸਪੀਕਿੰਗ ਆਰਡਰ ਜਾਰੀ ਕਰ ਲਗਭਗ 20 ਜ਼ਿਲ੍ਹਿਆਂ ਦੇ ਅਧਿਆਪਕਾਂ ਦੀ ਸਹੀ ਤਨਖ਼ਾਹ ਜਾਰੀ ਕਰ ਦਿੱਤੀ ਗਈ ਅਤੇ ਵਿਭਾਗ ਵੱਲੋਂ ਛੇਵੇਂ ਪੇਅ ਸਕੇਲ ਅਨੁਸਾਰ 3704 ਕੇਡਰ ਅਧਿਆਪਕਾਂ ਦੀ ਪੇਅ ਫਿਕਸੇਸ਼ਨ ਦੀਆਂ ਕਾਪੀਆਂ ਹਾਈਕੋਰਟ ਨੂੰ ਵੀ ਜਮ੍ਹਾ ਕਰਵਾਈਆਂ ਜਾ ਚੁੱਕੀਆਂ ਹਨ ਅਤੇ ਲਗਭਗ 75 ਪ੍ਰਤੀਸ਼ਤ ਮੁਲਾਜ਼ਮਾਂ ਦੀਆਂ ਤਨਖਾਹਾਂ 6ਵੇਂ ਤਨਖਾਹ ਕਮਿਸ਼ਨ ਅਨੁਸਾਰ ਉਨ੍ਹਾਂ ਦੇ ਖਾਤਿਆਂ ਵਿਚ ਆ ਚੁੱਕੀਆਂ ਹਨ। ਪਰ ਹੁਣ ਵਿਭਾਗ ਇਨ੍ਹਾਂ ਅਧਿਆਪਕਾਂ 'ਤੇ ਪੰਜਵਾਂ ਪੇਅ ਸਕੇਲ ਥੋਪਣ ਦੀ ਕੋਸ਼ਿਸ਼ ਕਰ ਰਿਹਾ ਹੈ। ਵਿਭਾਗ ਦੇ ਇਸ ਨਾਦਰਸ਼ਾਹੀ ਫੁਰਮਾਨ ਦੀ ਜਥੇਬੰਦੀਆਂ ਨੇ ਵੀ ਸਖ਼ਤ ਸ਼ਬਦਾਂ ਵਿਚ ਨਿੰਦਿਆ ਕੀਤੀ ਹੈ। ਯੂਨੀਅਨ ਆਗੂਆਂ ਨੇ ਦੱਸਿਆ ਕਿ ਲਗਭਗ ਤਿੰਨ ਜ਼ਿਲ੍ਹੇ ਮਾਨਸਾ, ਸੰਗਰੂਰ ਅਤੇ ਬਰਨਾਲਾ ਵੱਲੋਂ ਬਣਦਾ ਲਾਭ ਜਾਰੀ ਕਰਨ ਦੀ ਜਗ੍ਹਾ ਅਧਿਆਪਕਾਂ ਨੂੰ ਤਨਖ਼ਾਹ ਉਪਰ ਉਲਝਾਉਣ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਅਧਿਆਪਕਾਂ ਵੱਲੋਂ 1 ਸਤੰਬਰ ਨੂੰ ਮੁੱਖ ਸਿੱਖਿਆ ਦਫ਼ਤਰ ਮੋਹਾਲੀ ਦਾ ਘਿਰਾਓ ਕੀਤਾ ਗਿਆ ਅਤੇ ਪੱਕਾ ਧਰਨਾ ਲਗਾ ਦਿੱਤਾ ਗਿਆ ਜੋ ਹੁਣ ਤੱਕ ਲਗਾਤਾਰ ਚੱਲ ਰਿਹਾ ਹੈ, ਪਰ ਫਿਰ ਵੀ ਵਿਭਾਗ ਵੱਲੋਂ ਅਧਿਆਪਕਾਂ ਦੀ ਕੋਈ ਸਾਰ ਨਹੀਂ ਲਈ ਗਈ। 3704 ਅਧਿਆਪਕ ਯੂਨੀਅਨ ਪੰਜਾਬ ਵੱਲੋਂ ਆਪਣੇ ਨਾਲ ਹੋ ਰਹੇ ਇਸ ਧੱਕੇ ਤੋਂ ਜਾਣੂ ਕਰਵਾਉਣ ਲਈ ਪੰਜਾਬ ਸਰਕਾਰ ਦੇ ਨਾਮ ਹਲਕਾ ਵਿਧਾਇਕਾਂ ਅਤੇ ਮੰਤਰੀਆਂ ਨੂੰ ਮੰਗ ਪੱਤਰ ਸੌਂਪਣ ਦੀ ਪ੍ਰਕਿਰਿਆ ਵੀ ਚਲਾਈ ਜਾ ਰਹੀ ਹੈ। 3704 ਅਧਿਆਪਕਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦਾ ਮਸਲਾ ਹੱਲ ਨਹੀਂ ਕੀਤਾ ਗਿਆ ਤਾਂ 24 ਸਤੰਬਰ ਨੂੰ ਉਨ੍ਹਾਂ ਵੱਲੋਂ ਸਰਕਾਰ ਵਿਰੁੱਧ ਮੋਹਾਲੀ ਅਤੇ ਚੰਡੀਗੜ੍ਹ ਭਰਵਾਂ ਇਕੱਠ ਕਰਕੇ ਵਿਰੋਧ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਸਮੇਂ ਆਗੂ ਜਗਜੀਵਨਜੋਤ ਮਾਨਸਾ, ਜਸਵੀਰ ਪਟਿਆਲਾ, ਜਸਵੀਰ ਅਲੀਸ਼ੇਰ, ਜਸਵਿੰਦਰ ਸ਼ਾਹਪੁਰ ਕਲਾਂ, ਦਵਿੰਦਰ ਅਲੀਸ਼ੇਰ, ਮੁਹੰਮਦ ਦਿਲਸ਼ਾਦ, ਮਨਪ੍ਰੀਤ ਰਾਏਧਰਾਣਾ, ਮਨਦੀਪ ਸਿੰਘ ਬਿਜਲਪੁਰ ਹਾਜ਼ਰ ਸਨ।

## ...ਸ਼ਫਾ 3 ਦੇ ਬਾਕੀ

### ਚੀਮਾ ਵੱਲੋਂ ਜ਼ਿਲ੍ਹਾ ਪ੍ਰੀਸ਼ਦ...

ਚੀਮਾ ਨੇ ਵਿੱਤ ਵਿਭਾਗ ਵੱਲੋਂ ਪ੍ਰਵਾਨਤ ਨੀਤੀ ਅਨੁਸਾਰ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸਮਿਤੀ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਲੰਬਿਤ ਬਕਾਏ ਵੀ ਜਲਦ ਹੀ ਚਾਰ ਕਿਸ਼ਤਾਂ ਵਿੱਚ ਜਾਰੀ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਨ੍ਹਾਂ ਬਕਾਇਆਂ ਦਾ ਭੁਗਤਾਨ ਪੰਜਾਬ ਸਰਕਾਰ ਦੇ ਕਰਮਚਾਰੀਆਂ ਲਈ ਪਹਿਲਾਂ ਹੀ ਸਥਾਪਿਤ ਨੀਤੀ ਢਾਂਚੇ ਅਨੁਸਾਰ ਕੀਤਾ ਜਾਵੇਗਾ, ਤਾਂ ਜੋ ਵਿਭਾਗਾਂ ਵਿੱਚ ਵਿੱਤੀ ਮਾਮਲਿਆਂ ਵਿੱਚ ਬਰਾਬਰੀ ਤੇ ਨਿਰਪੱਖਤਾ ਯਕੀਨੀ ਬਣਾਈ ਜਾ ਸਕੇ।ਇਹ ਫੈਸਲਾ ਫਰਵਰੀ 2025 ਵਿੱਚ ਪੰਜਾਬ ਕੈਬਨਿਟ ਵੱਲੋਂ ਸਰਕਾਰੀ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ 14,000 ਕਰੋੜ ਰੁਪਏ ਦੇ ਬਕਾਏ ਜਾਰੀ ਕਰਨ ਦੀ ਪ੍ਰਵਾਨਗੀ ਦੇ ਅਨੁਸਾਰ ਹੈ। ਇਸ ਰਾਸ਼ੀ ਵਿੱਚ 1 ਜਨਵਰੀ 2016 ਤੋਂ 30 ਜੂਨ 2022 ਤੱਕ ਦੀ ਸੋਧੀ ਹੋਈ ਤਨਖਾਹ, ਪੈਨਸ਼ਨਾਂ ਅਤੇ ਲੀਵ ਇਨਕੈਸ਼ਮੈਂਟ ਅਤੇ 1 ਜੁਲਾਈ 2021 ਤੋਂ 31 ਮਾਰਚ 2024 ਤੱਕ ਦਾ ਮਹਿੰਗਾਈ ਭੱਤਾ ਸ਼ਾਮਲ ਹੈ। ਇਹ ਵੱਡੀ ਰਕਮ ਵੱਖ-ਵੱਖ ਪੜਾਵਾਂ ਵਿੱਚ ਵੰਡੀ ਜਾ ਰਹੀ ਹੈ, ਜਿਸ ਨਾਲ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਲੋੜੀਂਦੀ ਰਾਹਤ ਮਿਲੇਗੀ।

ਵਿੱਤ ਮੰਤਰੀ ਨੇ ਇਹ ਫੈਸਲੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਸਕੱਤਰ ਅਜੀਤ ਬਾਲਾਜੀ ਜੋਸ਼ੀ ਅਤੇ ਹੋਰ ਵਿਭਾਗੀ ਅਧਿਕਾਰੀਆਂ ਨਾਲ ਉੱਚ ਪੱਧਰੀ ਮੀਟਿੰਗ ਦੌਰਾਨ ਕੀਤੇ।

### ਅਰੋੜਾ ਵੱਲੋਂ ਪੇਡਾ ਨੂੰ ...

ਅਰੋੜਾ ਨੇ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਨੂੰ ਤੁਰੰਤ ਇੱਕ ਸਮਰਪਿਤ ਨੋਡਲ ਅਫਸਰ ਨਿਯੁਕਤ ਕਰਨ ਦੇ ਨਿਰਦੇਸ਼ ਦਿੱਤੇ, ਤਾਂ ਜੋ ਅੰਤਰ-ਵਿਭਾਗੀ ਤਾਲਮੇਲ ਸਬੰਧੀ ਮੁੱਦਿਆਂ ਨੂੰ ਤੇਜ਼ੀ ਨਾਲ ਹੱਲ ਕੀਤਾ ਜਾ ਸਕੇ। ਉਨ੍ਹਾ ਕਿਹਾ ਕਿ ਇਕ ਸਮਰਪਿਤ ਅਧਿਕਾਰੀ ਦੀ ਤੈਨਾਤੀ ਨਾਲ ਨਵਿਆਉਣਯੋਗ ਊਰਜਾ ਪ੍ਰਾਜੈਕਟ ਲਾਉਣ ਵਿੱਚ ਹੁੰਦੀ ਦੇਰੀ ਤੋਂ ਬਚਿਆ ਜਾ ਸਕੇਗਾ।

ਅਰੋੜਾ ਨੇ ਪੇਡਾ ਨੂੰ ਹਫ਼ਤੇ ਦੇ ਅੰਦਰ-ਅੰਦਰ ਇੱਕ ਸਮਰਪਿਤ ਵਟਸਐਪ ਹੈਲਪਲਾਈਨ ਸ਼ੁਰੂ ਕਰਨ ਦੇ ਆਦੇਸ਼ ਵੀ ਦਿੱਤੇ। ਇਹ ਪਲੇਟਫਾਰਮ ਡਿਵੈੱਲਪਰਾਂ ਨੂੰ ਆਪਣੇ ਮੁੱਦਿਆਂ ਦੀ ਤੁਰੰਤ ਰਿਪੋਰਟ ਕਰਨ ਅਤੇ ਸਿੱਧੇ ਤੌਰ 'ਤੇ ਫੌਰੀ ਸਹਾਇਤਾ ਲੈਣ ਦਾ ਮੌਕਾ ਪ੍ਰਦਾਨ ਕਰੇਗਾ, ਜਿਸ ਨਾਲ ਉਨ੍ਹਾਂ ਨੂੰ ਜਿੱਥੇ ਤੁਰੰਤ ਸਹਾਇਤਾ ਦੇਣੀ ਯਕੀਨੀ ਬਣਾਈ ਜਾਵੇਗੀ, ਉਥੇ ਫ਼ੌਰੀ ਸ਼ਿਕਾਇਤ ਨਿਵਾਰਣ ਵੀ ਯਕੀਨੀ ਬਣੇਗਾ।ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਨੇ ਡਿਵੈੱਲਪਰਾਂ ਨੂੰ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਨਿਵੇਸ਼ਕਾਂ ਨੂੰ ਸਿਰਫ਼ ਕਾਰੋਬਾਰ ਸਥਾਪਤ ਕਰਨ ਲਈ ਸੱਦੇ ਦੇਣ ਲਈ ਹੀ ਨਹੀਂ ਹੈ, ਸਗੋਂ ਨਵਿਆਉਣਯੋਗ ਊਰਜਾ ਪ੍ਰਾਜੈਕਟਾਂ ਨੂੰ ਸਫਲਤਾਪੂਰਵਕ ਚਲਵਾਉਣ ਵਿੱਚ ਮਦਦ ਕਰਨ ਲਈ ਵੀ ਸਰਗਰਮ ਭਾਈਵਾਲ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨਿਵੇਸ਼ਕਾਂ ਨੂੰ ਅਨੁਕੂਲ ਮਾਹੌਲ ਅਤੇ ਇਸ ਖੇਤਰ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ।ਅਮਨ ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੀਆਂ ਨਵਿਆਉਣਯੋਗ ਊਰਜਾ ਖੇਤਰ ਵਿੱਚ ਭਵਿੱਖੀ ਸੰਭਾਵਨਾਵਾਂ ਇਸ ਗੱਲ ਤੇ ਨਿਰਭਰ ਕਰਦੀਆਂ ਹਨ ਕਿ ਪ੍ਰਕਿਰਿਆਵਾਂ ਨੂੰ ਹੋਰ ਸਰਲ ਬਣਾਇਆ ਜਾਵੇ ਅਤੇ ਬੇਲੋੜੀ ਕਾਗਜ਼ੀ ਕਾਰਵਾਈ ਨੂੰ ਘਟਾਇਆ ਜਾਵੇ। ਇਸ ਤਰ੍ਹਾਂ ਕਰਕੇ ਹੋਰ ਨਿਵੇਸ਼ਾਂ ਨੂੰ ਆਕਰਸ਼ਿਤ ਕੀਤਾ ਜਾ ਸਕੇਗਾ ਅਤੇ ਨਵਿਆਉਣਯੋਗ ਊਰਜਾ ਟੀਚਿਆਂ ਨੂੰ ਪ੍ਰਾਪਤ ਕੀਤਾ ਜਾ ਸਕੇਗਾ।

### ਉਦਯੋਗਪਤੀਆਂ ਨੇ...

ਅਤੇ ਮੁੜ ਵਸੇਬੇ ਲਈ 50 ਲੱਖ ਰੁਪਏ ਦਿੱਤੇ ਹਨ।

ਅਰੋੜਾ ਨੇ ਦੱਸਿਆ ਕਿ ਉਦਯੋਗਪਤੀਆਂ ਨੇ ਮੰਗਲਵਾਰ ਹੜ੍ਹ ਪ੍ਰਭਾਵਤ ਲੋਕਾਂ ਦੀ ਰਾਹਤ ਅਤੇ ਮੁੜ ਵਸੇਬੇ ਲਈ ਮੁੱਖ ਮੰਤਰੀ ਪੰਜਾਬ ਨੂੰ ਆਪਣਾ ਯੋਗਦਾਨ ਦਿੱਤਾ ਹੈ। ਇਸ ਸੰਬੰਧੀ ਉਦਯੋਗਪਤੀਆਂ ਮੌਂਟੀ ਕਾਰਲੋ ਗਰੁੱਪ ਦੇ ਕਮਲ ਓਸਵਾਲ ਨੇ 1 ਕਰੋੜ ਰੁਪਏ, ਹੈਪੀ ਫੋਰਜਿੰਗ ਦੀ ਸ੍ਰੀਮਤੀ ਮੇਗਾ ਗਰਗ ਨੇ 1 ਕਰੋੜ ਰੁਪਏ, ਸੀਗਲ ਇੰਡੀਆ ਪ੍ਰਾਈਵੇਟ ਲਿਮਟਿਡ ਦੇ ਐੱਮ ਪੀ ਸਹਿਗਲ ਨੇ 50 ਲੱਖ ਰੁਪਏ, ਓਕਟੇਵ ਐਪੇਰਲਸ ਦੇ ਅਭਿਸ਼ੇਕ ਅਰੋੜਾ ਨੇ 50 ਲੱਖ ਰੁਪਏ, ਵਰਧਮਾਨ ਸਪਿਨਿੰਗ ਮਿੱਲਜ਼ ਦੇ ਨੀਰਜ ਜੈਨ ਨੇ 50 ਲੱਖ ਰੁਪਏ, ਟ੍ਰਾਈਡੈਂਟ ਗਰੁੱਪ ਦੇ ਦੀਪਕ ਨੰਦਾ ਨੇ 50 ਲੱਖ ਰੁਪਏ, ਜੀ ਬੀ ਰਿਐਲਿਟੀ ਦੇ ਗੁਰਵਿੰਦਰ ਭੱਟੀ ਨੇ 25 ਲੱਖ ਰੁਪਏ, ਬੈਕਟਰ ਫੂਡਜ਼, ਕਰੀਮਿਕਾ ਦੇ ਪਰਵੀਨ ਗੋਇਲ ਨੇ 20 ਲੱਖ ਰੁਪਏ, ਏਰੀ ਸੁਡਾਨਾ ਸਪਿਨਿੰਗ ਮਿੱਲਜ਼ ਦੇ ਸਿਧਾਰਥ ਖੰਨਾ ਨੇ 20 ਲੱਖ ਰੁਪਏ, ਰੌਕਮੈਨ ਫਾਊਂਡੇਸ਼ਨ ਦੇ ਸੁਮਨ ਮੁੰਝਲ ਨੇ 10 ਲੱਖ ਰੁਪਏ, ਸੀ ਆਈ ਸੀ ਯੂ ਪ੍ਰੈਜ਼ੀਡੈਂਟ ਉਪਕਾਰ ਸਿੰਘ ਆਹੂਜਾ ਨੇ 5 ਲੱਖ ਰੁਪਏ ਅਤੇ ਰਾਲਸਨ ਦੇ ਸੰਜੀਵ ਪਾਹਵਾ ਨੇ ਹੜ੍ਹ ਪ੍ਰਭਾਵਤ ਲੋਕਾਂ ਅਤੇ ਉਨ੍ਹਾਂ ਦੇ ਰਾਹਤ ਕਾਰਜਾਂ ਲਈ 2.5 ਲੱਖ ਰੁਪਏ ਦਾ ਯੋਗਦਾਨ ਪਾਇਆ।

ਕੈਬਨਿਟ ਮੰਤਰੀ ਨੇ ਕਿਹਾ ਕਿ ਉਦਯੋਗਪਤੀ ਪੰਜਾਬ ਦੀ ਭਲਾਈ ਲਈ ਵਚਨਬੱਧ ਹਨ। ਉਨ੍ਹਾ ਉਦਯੋਗਪਤੀਆਂ ਵੱਲੋਂ 'ਮੁੱਖ ਮੰਤਰੀ ਰੰਗਲਾ ਪੰਜਾਬ' ਫੰਡ ਲਈ ਦਿੱਤੇ ਗਏ ਯੋਗਦਾਨ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਬਾਕੀ ਉਦਮੀਆਂ ਨੂੰ ਵੀ ਇਸ ਨੇਕ ਕਾਰਜ ਦੇ ਸਮਰਥਨ ਲਈ ਅੱਗੇ ਆਉਣ ਦੀ ਅਪੀਲ ਕੀਤੀ।

## ਜਿਪਸੀ-ਟਰੈਕਟਰ ਦੀ ਟੱਕਰ 'ਚ ਆਰਮੀ ਦਾ ਜਵਾਨ ਜ਼ਖ਼ਮੀ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਵਿਖੇ ਬਾਜ ਵਾਲੇ ਚੌਕ ਕੋਲ ਲੱਕੜਾਂ ਨਾਲ ਭਰੀ ਟਰੈਕਟਰ ਟਰਾਲੀ ਅਤੇ ਆਰਮੀ ਦੀ ਜਿਪਸੀ ਵੱਜਣ ਨਾਲ ਆਰਮੀ ਦੇ ਜਵਾਨ ਦੇ ਜ਼ਖ਼ਮੀ ਹੋਣ ਦੀ ਖਬਰ ਮਿਲੀ ਹੈ। ਇਸ ਸੰਬੰਧ ਵਿਚ ਥਾਣਾ ਕੈਂਟ ਫ਼ਿਰੋਜ਼ਪੁਰ ਪੁਲਸ ਨੇ ਟਰੈਕਟਰ ਟਰਾਲੀ ਚਾਲਕ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਨਾਇਕ ਸੁਧੀਰ ਕੁਮਾਰ ਵਾਸੀ ਨਾਥ ਕੀ ਨੰਗਲ ਜ਼ਿਲ੍ਹਾ ਸੀਕਰ ਰਾਜਸਥਾਨ, ਹਾਲ ਵਾਸੀ ਆਰਮੀ ਯੂਨਿਟ 63 ਨੇ ਦੱਸਿਆ ਕਿ 21 ਸਤੰਬਰ ਨੂੰ ਕਰੀਬ 7.40 ਪੀ ਐੱਮ 'ਤੇ ਉਹ ਆਪਣੀ ਸਰਕਾਰੀ ਗੱਡੀ ਆਰਮੀ ਦੀ ਜਿਪਸੀ ਆਪਣੀ ਯੂਨਿਟ ਤੋਂ ਲੈ ਕੇ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵੱਲੋਂ ਸਮਾਨ ਦੇ ਕੇ ਜਾ ਰਿਹਾ ਸੀ ਤਾਂ ਜਦ ਉਹ ਬਾਜ ਵਾਲਾ ਚੌਕ ਫ਼ਿਰੋਜ਼ਪੁਰ ਤੋਂ ਥੋੜ੍ਹਾ ਪਿੱਛੇ ਸੀ ਤਾਂ ਉਸ ਦੇ ਅੱਗੇ ਇਕ ਲੱਕੜ ਦਾ ਭਰਿਆ ਟਰੈਕਟਰ ਟਰਾਲੀ ਜਾ ਰਿਹਾ ਸੀ। ਜਿਸ ਨੂੰ ਉਸ ਦਾ ਡਰਾਈਵਰ ਜਗਤਾਰ ਸਿੰਘ ਪੁੱਤਰ ਹਰਨੇਕ ਸਿੰਘ ਵਾਸੀ ਗੱਜਣ ਸਿੰਘ ਕਾਲੋਨੀ, ਨੇੜੇ ਬੀ ਐੱਸ ਐੱਫ ਹੈੱਡਕੁਆਟਰ, ਮੋਗਾ ਰੋਡ ਫ਼ਿਰੋਜ਼ਪੁਰ ਬੜੀ ਤੇਜ਼ ਰਫਤਾਰ ਅਤੇ ਲਾਪ੍ਰਵਾਹੀ ਨਾਲ ਚਲਾ ਰਿਹਾ ਸੀ। ਨਾਇਕ ਸੁਧੀਰ ਕੁਮਾਰ ਨੇ ਦੱਸਿਆ ਕਿ ਉਸ ਦੀ ਜਿਪਸੀ ਉਸ ਦੇ ਪਿੱਛੇ ਸੀ ਤਾਂ ਟਰੈਕਟਰ ਡਰਾਈਵਰ ਤੇਜ਼ ਰਫਤਾਰ ਜਾਂਦੇ ਹੋਏ ਦੀ ਟਰਾਲੀ ਦਾ ਗੁੱਲਾ ਨਿਕਲ ਗਿਆ। ਇਸ ਤੋਂ ਪਹਿਲਾਂ ਕਿ ਉਹ ਆਪਣੀ ਜਿਪਸੀ ਨੂੰ ਰੋਕਦਾ ਉਸ ਦੀ ਜਿਪਸੀ ਸਿੱਧੀ ਟਰਾਲੀ ਦੇ ਪਿੱਛੇ ਜਾ ਵੱਜੀ। ਜਿਸ ਨਾਲ ਜਿਪਸੀ ਦਾ ਨੁਕਸਾਨ ਹੋ ਗਿਆ ਅਤੇ ਉਸ ਨੂੰ ਵੀ ਸੱਟਾਂ ਲੱਗ ਗਈਆਂ। ਇਹ ਹਾਦਸਾ ਟਰੈਕਟਰ ਡਰਾਈਵਰ ਦੀ ਤੇਜ਼ ਰਫਤਾਰ ਹੋਣ ਕਰਕੇ ਟਰਾਲੀ ਦੇ ਪਿੱਛੇ ਕੋਈ ਵੀ ਰਿਫਲੈਕਟਰ ਨਾ ਹੋਣ ਕਰਕੇ ਵਾਪਰਿਆ ਹੈ। ਨਾਇਕ ਸੁਧੀ ਕੁਮਾਰ ਦਾ ਇਲਾਜ ਹਸਪਤਾਲ ਫ਼ਿਰੋਜ਼ਪੁਰ ਕੈਂਟ 'ਚ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਸਬੀਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਟਰੈਕਟਰ ਟਰਾਲੀ ਚਾਲਕ ਨੂੰ ਗ੍ਰਿਫਤਾਰ ਕਰਕੇ ਉਸ ਦੀ ਟਰੈਕਟਰ ਮਹਿੰਦਰਾ 235 ਸਮੇਤ ਟਰਾਲੀ ਲੱਕੜ ਦੀ ਭਰੀ ਕਬਜ਼ੇ ਵਿਚ ਕਰ ਲਈ ਹੈ।

## ਟਰੱਕ-ਬੱਸ ਟੱਕਰ 'ਚ 4 ਦੀ ਮੌਤ

ਬਠਿੰਡਾ (ਮੌੜ ਮੰਡੀ)-ਮੌੜ ਮੰਡੀ ਤੋਂ ਚਾਮੁੰਡਾ ਦੇਵੀ ਵਿਚ ਲੰਗਰ ਲਗਾਉਣ ਲਈ ਜਾ ਰਿਹਾ ਸ਼ਰਧਾਲੂਆਂ ਨਾਲ ਭਰਿਆ ਟਰੱਕ ਕਾਂਗੜਾ ਨੇੜੇ ਬੱਸ ਦੀ ਟੱਕਰ ਨਾਲ ਪਲਟ ਗਿਆ, ਜਿਸ ਕਾਰਨ 4 ਵਿਅਕਤੀਆਂ ਦੀ ਮੌਤ ਹੋ ਗਈ, ਜਦੋਂ ਕਿ ਲਗਭਗ 20 ਸ਼ਰਧਾਲੂ ਜ਼ਖ਼ਮੀ ਹੋ ਗਏ। ਉਹਨਾਂ ਨੂੰ ਟਾਂਡਾ ਮੈਡੀਕਲ ਕਾਲਜ ਵਿਚ ਰੈਫਰ ਕੀਤਾ ਗਿਆ ਹੈ। ਚਾਮੁੰਡਾ ਜੀ ਲੰਗਰ ਸੇਵਾ ਦਲ ਮੌੜ ਵੱਲੋਂ 32ਵੇਂ ਭੰਡਾਰੇ ਦਾ ਆਯੋਜਨ ਕੀਤਾ ਗਿਆ ਸੀ, ਜੋ ਕਿ ਸ੍ਰੀ ਨੈਨਾ ਦੇਵੀ ਧਰਮਸ਼ਾਲਾ ਵਿਚ 23 ਸਤੰਬਰ ਤੋਂ 28 ਸਤੰਬਰ ਤੱਕ ਮਾਤਾ ਚਾਮੁੰਡਾ ਦੇਵੀ ਦੇ ਦਰਬਾਰ ਵਿਚ ਲਗਾਇਆ ਜਾਣਾ ਸੀ। ਇਹ ਟਰੱਕ ਭੰਡਾਰੇ ਲਈ ਭੋਜਨ ਅਤੇ ਸਿਲੰਡਰ ਨਾਲ ਭਰਿਆ ਹੋਇਆ ਸੀ। ਮ੍ਰਿਤਕਾਂ ਦੀ ਪਛਾਣ ਜੋਧਪੁਰ ਪਾਖਰ ਵਾਸੀ ਕੁਲਦੀਪ ਸਿੰਘ, ਜਗਸੀਰ ਸਿੰਘ, ਪਿੰਡ ਢਿੰਗੜ ਵਾਸੀ ਜਸਮੇਲ ਸਿੰਘ ਅਤੇ ਮੌੜ ਕਲਾਂ ਵਾਸੀ ਗੋਲਡੀ ਵਜੋਂ ਹੋਈ। ਟਰੱਕ ਦੇ ਅੰਦਰ ਮੌਜੂਦ ਕੁਝ ਸ਼ਰਧਾਲੂਆਂ ਨੇ ਛਾਲ ਮਾਰ ਕੇ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਵੀ ਜ਼ਖ਼ਮੀ ਹੋ ਗਏ।

### ਅਦਾਲਤਾਂ ਨੂੰ ਰਿਕਵਰੀ...

ਵਿੱਚ ਕੇਸ ਦਰਜ ਨਹੀਂ ਕਰਦੀ, ਤਾਂ ਉਸ ਨੂੰ ਅਦਾਲਤ ਵੱਲੋਂ ਝਿੜਕ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਜੇ ਕੋਈ ਕੇਸ ਦਰਜ ਕੀਤਾ ਜਾਂਦਾ ਹੈ ਤਾਂ ਇਸ ਨੂੰ ਅਕਸਰ ਪੱਖਪਾਤੀ ਅਤੇ ਕਾਨੂੰਨ ਦੇ ਵਿਰੁੱਧ ਮੰਨਿਆ ਜਾਂਦਾ ਹੈ। ਜਸਟਿਸ ਕਾਂਤ ਨੇ ਕਿਹਾ ਕਿ ਪੁਲਸ ਨੂੰ ਕੇਸ ਦਰਜ ਕਰਦੇ ਸਮੇਂ ਆਪਣੇ ਵਿਵੇਕ ਦੀ ਵਰਤੋਂ ਕਰਨੀ ਚਾਹੀਦੀ ਹੈ, ਤਾਂ ਜੋ ਅਪਰਾਧਕ ਕਾਨੂੰਨ ਦੀ ਉਲੰਘਣਾ ਨਾ ਹੋਵੇ ਅਤੇ ਨਿਆਂਇਕ ਪ੍ਰਣਾਲੀ ਵਿੱਚ ਮੁਸ਼ਕਲਾਂ ਨੂੰ ਰੋਕਿਆ ਜਾ ਸਕੇ। ਅਦਾਲਤ ਦੇ ਅਨੁਸਾਰ, ਅਦਾਲਤਾਂ ਸ਼ਾਮਲ ਧਿਰਾਂ ਲਈ ਰਿਕਵਰੀ ਏਜੰਟ ਨਹੀਂ ਹਨ। ਇਹ ਨਿਆਂਇਕ ਪ੍ਰਣਾਲੀ ਵਿੱਚ ਸਵੀਕਾਰਯੋਗ ਨਹੀਂ ਹੋਵੇਗਾ। ਸੁਪਰੀਮ ਕੋਰਟ ਨੇ ਸੁਝਾਅ ਦਿੱਤਾ ਕਿ ਯੂ ਪੀ ਸਰਕਾਰ ਹਰ ਜ਼ਿਲ੍ਹੇ ਵਿੱਚ ਇੱਕ ਨੋਡਲ ਅਫਸਰ ਨਿਯੁਕਤ ਕਰੇ। ਜਦੋਂ ਵੀ ਪੁਲਸ ਸਿਵਲ ਅਤੇ ਅਪਰਾਧਿਕ ਮਾਮਲਿਆਂ ਬਾਰੇ ਉਲਝਣ ਵਿੱਚ ਹੁੰਦੀ ਹੈ, ਤਾਂ ਕੇਸ ਦਰਜ ਕਰਨ ਤੋਂ ਪਹਿਲਾਂ ਨੋਡਲ ਅਫਸਰ ਨਾਲ ਸਲਾਹ ਕੀਤੀ ਜਾ ਸਕਦੀ ਹੈ।

## ਬੀ ਕੇ ਯੂ ਏਕਤਾ (ਸੰਘਰਸ਼) ਵੱਲੋਂ ਹੰਗਾਮੀ ਮੀਟਿੰਗ 'ਚ ਅਹਿਮ ਵਿਚਾਰ-ਵਟਾਂਦਰਾ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਭਾਰਤੀ ਕਿਸਾਨ ਯੂਨੀਅਨ ਏਕਤਾ (ਸੰਘਰਸ਼) ਦੀ ਇੱਕ ਹੰਗਾਮੀ ਮੀਟਿੰਗ ਰਾਮ ਤੀਰਥ ਨੇੜੇ ਪਿੰਡ ਕਲੇਰ ਵਿਖੇ ਸੂਬਾ ਪ੍ਰਧਾਨ ਪਲਵਿੰਦਰ ਸਿੰਘ ਮਾਹਲ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਜਥੇਬੰਦੀ ਨੂੰ ਸੰਗਠਿਤ ਕਰਨ ਵਾਸਤੇ ਵਿਚਾਰ ਵਿਟਾਂਦਰਾ ਕੀਤਾ ਗਿਆ ਅਤੇ ਹੜ੍ਹ ਪੀੜਤ ਲੋਕਾਂ ਦੀ ਮਦਦ ਵਾਸਤੇ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ।ਇਸ ਮੌਕੇ ਸੰਬੋਧਨ ਕਰਦਿਆਂ ਪਲਵਿੰਦਰ ਸਿੰਘ ਮਾਹਲ ਨੇ ਕਿਹਾ ਕਿ ਹੜ੍ਹ ਸਰਕਾਰ ਦੀ ਨਲਾਇਕੀ ਕਾਰਨ ਆਏ ਹਨ ਅਤੇ ਸਰਕਾਰ ਵੱਲੋਂ ਜੋ ਮਦਦ ਹੜ੍ਹ ਪੀੜਤਾਂ ਨੂੰ ਮਿਲਣੀ ਚਾਹੀਦੀ ਸੀ, ਉਹ ਨਹੀਂ ਮਿਲ ਰਹੀ, ਸਗੋਂ ਆਮ ਲੋਕਾਂ ਵੱਲੋਂ ਹੜ੍ਹ ਪੀੜਤਾਂ ਦੀ ਹਰ ਤਰ੍ਹਾਂ ਦੀ ਸਹਾਇਤਾ ਲਈ ਦਿਨ ਰਾਤ ਇਕ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਜਥੇਬੰਦੀ ਵੱਲੋਂ ਵਰਕਰਾਂ ਦੀਆਂ ਡਿਊਟੀਆਂ ਲਗਾ ਕੇ ਪੀੜਤ ਲੋਕਾਂ ਨੂੰ ਆਉਣ ਵਾਲੇ ਸਮੇਂ ਵਿੱਚ ਵੀ ਹਰ ਕਿਸਮ ਦੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।ਇਸ ਮੌਕੇ ਸੂਬਾ ਆਗੂ ਮਲਕੀਤ ਸਿੰਘ ਵਡਾਲਾ, ਜ਼ਿਲ੍ਹਾ ਆਗੂ ਗੁਰਮੀਤ ਸਿੰਘ, ਜ਼ਿਲ੍ਹਾ ਪ੍ਰਧਾਨ ਸੁਵਿੰਦਰ ਸਿੰਘ ਕਲੇਰ, ਪ੍ਰਗਟ ਸਿੰਘ ਪ੍ਰਧਾਨ ਬੋਪਾਰਾਏ, ਜਗਤਾਰ ਸਿੰਘ ਝੰਜੋਟੀ, ਸੁਰਜੀਤ ਸਿੰਘ ਬੋਪਾਰਾਏ, ਬਲਾਕ ਆਗੂ ਸਾਹਿਬ ਸਿੰਘ ਚੈਨਪੁਰ, ਰੇਸ਼ਮ ਸਿੰਘ ਕੋਹਾਲੀ ਜ਼ਿਲ੍ਹਾ ਆਗੂ, ਜਸਵਿੰਦਰ ਸਿੰਘ ਚਾਹੜਪੁਰ ਜ਼ਿਲ੍ਹਾ ਆਗੂ, ਬਿੱਟਾ ਸਿੰਘ ਮਾਹਲ, ਸੂਬਾ ਸਿੰਘ ਪ੍ਰਧਾਨ ਬਲਾਕ ਮਜੀਠਾ, ਸੂਬੇਦਾਰ ਮੇਜਰ ਦਿਲਬਾਗ ਸਿੰਘ ਸੂਬਾਈ ਆਗੂ, ਮਨਜੀਤ ਸਿੰਘ ਪੰਨੂੰ ਆਦਿ ਹਾਜ਼ਰ ਸਨ।

## ਚਾਵਾ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੜ੍ਹ ਪੀੜਤਾਂ ਲਈ 50 ਕੁਇੰਟਲ ਕਣਕ ਤੇ ਹੋਰ ਸਮੱਗਰੀ ਭੇਜੀ



ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ 'ਤੇ ਪੈਂਦੇ ਪਿੰਡ ਚਾਵਾ ਦੇ ਗੁਰਦੁਆਰਾ ਸਤਿਕਰਤਾਰ ਤੋਂ ਗੁਰਦੁਆਰਾ ਕਮੇਟੀ ਦੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਰਾਵੀ ਦਰਿਆ ਕੰਢੇ ਵੱਸਦੇ ਪਿੰਡ ਮਕੌੜਾ ਤੇ ਹੋਰ ਪਿੰਡਾਂ ਵਾਸਤੇ 50 ਕੁਇੰਟਲ ਕਣਕ ਤੇ ਹੋਰ ਖਾਣ ਪੀਣ ਦੀਆਂ ਚੀਜ਼ਾਂ ਭੇਜੀਆਂ ਗਈਆਂ ਹਨ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸੂਰਤ ਸਿੰਘ, ਹੈੱਡ ਗ੍ਰੰਥੀ ਬਲਦੇਵ ਸਿੰਘ, ਉੱਘੇ ਕਿਸਾਨ ਲਖਵਿੰਦਰ ਸਿੰਘ, ਕੈਸ਼ੀਅਰ ਕਰਨੈਲ ਸਿੰਘ, ਮੁੱਖਾ ਸਿੰਘ, ਚੰਨਣ ਸਿੰਘ, ਸਤਪਾਲ ਸਿੰਘ ਨੇ ਦੱਸਿਆ ਕਿ ਹੜ੍ਹਾਂ ਦੀ ਕਰੋਪੀ ਨੇ ਰਾਵੀ ਦਰਿਆ ਵਸੇ ਪਿੰਡਾਂ ਦਾ ਜਨ ਜੀਵਨ ਬੁਰੀ ਤਰ੍ਹਾਂ ਨਾਲ ਤਬਾਹ ਹੋ ਗਿਆ ਹੈ। ਪੀੜਤ ਲੋਕਾਂ ਦੀ ਸੇਵਾ ਵਿੱਚ ਸਮਾਜ ਸੇਵੀ ਜਥੇਬੰਦੀਆਂ, ਕਲਾਕਾਰਾਂ, ਸਿਆਸੀ ਪਾਰਟੀਆਂ ਤੇ ਹੋਰ ਬੁੱਧੀਜੀਵੀਆਂ ਨੇ ਵੱਡਾ ਸਹਿਯੋਗ ਦਿੱਤਾ ਹੈ ਉੱਥੇ ਹੀ ਸਾਡਾ ਵੀ ਫਰਜ਼ ਬਣਦਾ ਹੈ ਕਿ ਉਨ੍ਹਾਂ ਲੋਕਾਂ ਦੀ ਤਨਦੇਹੀ ਨਾਲ ਸੇਵਾ ਕੀਤੀ ਜਾਵੇ ਜਿਸ ਨਾਲ ਇਹ ਆਰਥਿਕ ਤੌਰ 'ਤੇ ਠੀਕ ਹੋ ਸਕਣ ਜਦੋਂ ਕਿ ਗੁਰਦੁਆਰਾ ਕਮੇਟੀ ਨੇ ਉਨ੍ਹਾਂ ਦੀ ਸੁੱਖ ਸ਼ਾਂਤੀ ਵਾਸਤੇ ਅਰਦਾਸ ਵੀ ਕੀਤੀ। ਉਨ੍ਹਾਂ ਕਿਹਾ ਕਿ ਉਹ ਹੜ੍ਹ ਪੀੜਤ ਲੋਕਾਂ ਦੀ ਸੇਵਾ ਲਈ ਹਮੇਸ਼ਾ ਤਤਪਰ ਰਹਿਣਗੇ ਅਤੇ ਇਸ ਤੋਂ ਪਹਿਲਾਂ ਉਹ ਪਿੰਡ ਦੇ ਸਹਿਯੋਗ ਨਾਲ ਲੰਗਰ ਦੀ ਸੇਵਾ ਕਰ ਚੁੱਕੇ ਹਨ। ਇਸ ਮੌਕੇ ਉਨ੍ਹਾਂ ਨਾਲ ਗੁਰਵਿੰਦਰ ਸਿੰਘ, ਜਤਿਨ ਸਿੰਘ, ਪ੍ਰਿੰਸ, ਮੋਹਿਤ, ਸਰਵਣ ਸਿੰਘ ਬਿਆਨਪੁਰ ਤੋਂ ਇਲਾਵਾ ਹੋਰ ਨੌਜਵਾਨ ਹਾਜ਼ਰ ਸਨ।

## ਹਿਊਮੈਨਿਟੀ ਫਸਟ ਵੱਲੋਂ ਵਿਸ਼ਵ ਸ਼ਾਂਤੀ ਲਈ ਵੱਖ-ਵੱਖ ਥਾਈਂ ਸੁਹਿਰਦ ਉਪਰਾਲੇ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ) ਹਿਊਮੈਨਿਟੀ ਫਸਟ ਇੰਡੀਆ ਦੇ ਤਹਿਤ 17 ਸਤੰਬਰ ਤੋਂ 21 ਸਤੰਬਰ ਤੱਕ ਇੰਡੀਆ ਦੇ ਵੱਖ-ਵੱਖ 13 ਸੂਬਿਆਂ ਵਿੱਚ ਵਾਕ, ਰਨ, ਬਾਈਕ, ਅਕਰੋਸ ਦਾ ਗਲੋਬ ਫਾਰ ਹਿਊਮਿਨਿਟੀ ਦੇ ਸਿਰਲੇਖ ਤਹਿਤ ਪ੍ਰੋਗਰਾਮ ਆਯੋਜਿਤ ਕੀਤੇ ਗਏ, ਜਿਸ ਵਿੱਚ ਕਸ਼ਮੀਰ, ਕੇਰਲਾ, ਤਾਮਿਲਨਾਡੂ, ਕਰਨਾਟਕ ਅਤੇ ਪੰਜਾਬ ਕਾਦੀਆਂ ਦੀਆਂ ਟੀਮਾਂ ਨੇ ਵਿਸ਼ੇਸ਼ ਤੌਰ 'ਤੇ ਭਾਗ ਲਿਆ। ਉਪਰੋਕਤ ਮੁਹਿੰਮ ਤਹਿਤ ਕਾਦੀਆਂ, ਅੰਮ੍ਰਿਤਸਰ, ਹੁਸ਼ਿਆਰਪੁਰ , ਫਗਵਾੜਾ, ਲੁਧਿਆਣਾ, ਚੰਡੀਗੜ੍ਹ 'ਚ ਵੱਖ-ਵੱਖ ਸਾਈਕਲਿਸਟਾਂ ਨੇ ਭਾਗ ਲਿਆ। ਇਸ ਤਰ੍ਹਾਂ ਕੁੱਲ 397 ਕਿਲੋਮੀਟਰ ਦੀ ਸਾਈਕਲਿੰਗ ਕਾਦੀਆਂ ਦੇ ਸਾਈਕਲਿਸਟ ਦੁਆਰਾ ਕੀਤੀ ਗਈ। ਇਸ ਪ੍ਰੋਗਰਾਮ ਨੂੰ ਕਾਮਯਾਬ ਕਰਨ ਵਿੱਚ ਡੀ ਕੈਥਲੋਨ ਨੇ ਭਰਪੂਰ ਸਹਿਯੋਗ ਕੀਤਾ। ਇਸ ਤੋਂ ਇਲਾਵਾ ਕਾਦੀਆਂ ਵਿੱਚ 20 ਸਤੰਬਰ ਨੂੰ ਚੈਰਿਟੀ ਵਾਕ ਕੀਤੀ ਗਈ ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕ ਸ਼ਾਮਿਲ ਹੋਏ। ਇਸ ਤੋਂ ਇਲਾਵਾ ਕੇਰਲਾ, ਕਨੋਰ, ਕਾਸਰਗੋਡ, ਕੋਸੀ ਕੋਡ, ਤਮਿਲਨਾਡੂ ਕੁਇੰਬਟੂਰ ਅਤੇ ਕਰਨਾਟਕ ਵਿੱਚ ਮਰਕਰਾ ਵਿੱਚ ਵਾਕ ਮੈਰਾਥਨ ਅਤੇ ਸਾਈਕਲ ਰਾਈਡ ਕੀਤੀ ਗਈ।ਇਨ੍ਹਾਂ ਪ੍ਰੋਗਰਾਮਾਂ ਰਾਹੀਂ ਲੋਕਾਂ ਨੂੰ ਜਿੱਥੇ ਆਪਣੀ ਸਿਹਤ ਦਾ ਧਿਆਨ ਰੱਖਣ ਲਈ ਪ੍ਰੇਰਿਤ ਕੀਤਾ ਗਿਆ ਉਥੇ ਹਿਊਮੈਨਟੀ ਫਸਟ ਦੇ ਸੰਦੇਸ਼ ਖਿਦਮਤੇ ਇਨਸਾਨੀਅਤ ਨੂੰ ਫੈਲਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਪ੍ਰੋਗਰਾਮ ਦੇ ਤਹਿਤ ਕਾਦੀਆਂ ਵਿੱਚ ਕ੍ਰਿਕਟ, ਫੁੱਟਬਾਲ ਅਤੇ ਵਾਲੀਬਾਲ ਦੇ ਫਰੈਂਡਲੀ ਮੈਚ ਵੀ ਖੇਡੇ ਗਏ।

## ਆਦਰਸ਼ ਸੋਸ਼ਲ ਵੈੱਲਫੇਅਰ ਐਜੂਕੇਸ਼ਨ ਸੁਸਾਇਟੀ ਹੜ੍ਹ ਪੀੜਤਾਂ ਦਾ ਬਣੀ ਸਹਾਰਾ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਆਦਰਸ਼ ਸੋਸ਼ਲ ਵੈੱਲਫੇਅਰ ਐਂਡ ਐਜੂਕੇਸ਼ਨ ਸੋਸਾਇਟੀ ਗੁਰਦਾਸਪੁਰ ਦੇ ਪ੍ਰਧਾਨ ਸਤਨਾਮ ਸਿੰਘ ਅਤੇ ਜ਼ਿਲਾ ਭਲਾਈ ਸੁਰੱਖਿਆ ਅਫਸਰ ਸੀਸਇੰਦਰ ਦੀ ਨਿਗਰਾਨੀ ਹੇਠ ਮਿਲ ਕੇ ਵਿਲੀਅਨ ਹਾਰਟ ਬੀਟਿੰਗ ਫਾਊਂਡੇਸ਼ਨ ਅਪੋਲੋ ਹਸਪਤਾਲ ਅੰਮ੍ਰਿਤਸਰ ਵੱਲੋਂ ਹੜ੍ਹ ਪੀੜਤਾਂ ਲਈ ਮੈਡੀਕਲ ਕੈਂਪ ਲਾਇਆ ਗਿਆ ਅਤੇ ਦਵਾਈਆਂ ਵੰਡੀਆਂ ਗਈਆਂ ।ਸੁਸਾਇਟੀ ਨੇ ਥਾਂ-ਥਾਂ ਲੋੜਵੰਦਾਂ ਨੂੰ ਢੇਰ ਸਾਰੀ ਰਾਹਤ ਸਮੱਗਰੀ ਵੀ ਭੇਜੀ। ਸਮਾਜਿਕ ਸੁਰੱਖਿਆ ਅਫਸਰ ਸੀਸਇੰਦਰ ਸਿੰਘ ਨੇ ਕਿ ਸਾਨੂੰ ਅਜਿਹੇ ਹਾਲਾਤ ਵਿੱਚ ਇੱਕ ਦੂਸਰੇ ਦਾ ਸਾਥ ਦੇਣਾ ਚਾਹੀਦਾ ਹੈ ਕਿਉਂਕਿ ਪਰਮਾਤਮਾ ਬਹੁਤ ਬੇਅੰਤ ਹੈ।ਸਾਨੂੰ ਉਸਦੀ ਰਜ਼ਾ ਦੇ ਵਿੱਚ ਹੀ ਰਹਿਣਾ ਚਾਹੀਦਾ ਹੈ। ਸਾਨੂੰ ਸਾਰਿਆਂ ਨੂੰ ਇੱਕ ਦੂਜੇ ਦੀ ਸਹਾਰੇ ਦੀ ਲੋੜ ਹੈ ਇਸ ਕਰਕੇ ਸਾਨੂੰ ਮਿਲ ਕੇ ਇੱਕ ਦੂਜੇ ਦੀ ਮਦਦ ਕਰਨੀ ਚਾਹੀਦੀ ਹੈ।ਇਸ ਮੌਕੇ ਸੁਪਰਡੈਂਟ ਅਰਵਿੰਦਰ ਸਿੰਘ ਅਤੇ ਸਮੂਹ ਟੀਮ ਮੈਂਬਰ ਅਤੇ ਆਦਰਸ਼ ਸੋਸ਼ਲ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਪ੍ਰਧਾਨ ਸਤਨਾਮ ਸਿੰਘ ਤੇ ਉਨ੍ਹਾਂ ਦੇ ਟੀਮ ਮੈਂਬਰ, ਡਾ. ਅਰਸ਼ਦੀਪ ਚੀਮਾ, ਡਾ. ਰਾਜੇਸ਼ਵਰ ਸਿੰਘ, ਡਾ. ਕਿਰਨ ਅਤੇ ਹੋਰ ਵੀ ਸਮੂਹ ਟੀਮ ਮੈਂਬਰ ਮੌਜੂਦ ਸਨ।

## ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਸ਼ਹਿਜ਼ਾਦਾ ਵੱਲੋਂ ਪਿਤਰ ਪੱਖ ਮੌਕੇ ਪ੍ਰੋਗਰਾਮ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੇ ਨੇੜੇ ਪੈਂਦੇ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਸ਼ਹਿਜ਼ਾਦਾ ਵੱਲੋਂ ਪਿਤ੍ਰ ਪੱਖ ਦੇ ਮੌਕੇ ਇੱਕ ਸਤਿਸੰਗ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਸੀ ।ਇਸ ਸਤਿਸੰਗ ਵਿੱਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਆਸ਼ੂਤੋਸ਼ ਮਹਾਰਾਜ ਦੇ ਸ਼ਿਸ਼ ਸਵਾਮੀ ਸੰਗਿਆਮਾਨੰਦ ਨੇ ਕਿਹਾ ਕਿ ਇਨ੍ਹਾਂ ਦਿਨਾਂ ਵਿੱਚ ਲੋਕ ਆਪਣੇ ਮ੍ਰਿਤਕ ਪੁਰਖਿਆਂ ਨੂੰ ਭੋਜਨ ਖਿਲਾਉਂਦੇ ਹਨ, ਪਰ ਜੇਕਰ ਅਸੀਂ ਉਨ੍ਹਾਂ ਦੀ ਸੇਵਾ ਉਨ੍ਹਾਂ ਦੇ ਜਿਊਂਦੇ ਜੀ ਕਰਦੇ ਹਾਂ ਤਾਂ ਸਮਝੋ ਕਿ ਅਸੀਂ ਪਿਤਰ ਪੂਜਨ ਕੀਤਾ ਹੈ।ਇਸ ਦੌਰਾਨ ਉਨ੍ਹਾਂ ਨੇ ਇਤਿਹਾਸਕ ਘਟਨਾਵਾਂ ਰਾਹੀਂ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ ਵਿੱਚ ਇੱਕ ਕਥਾ ਆਉਂਦੀ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਇੱਕ ਵਪਾਰੀ ਦੁਨੀਚੰਦ, ਸ਼ਰਾਧ ਦੇ ਦਿਨਾਂ ਵਿੱਚ ਪੰਡਤਾਂ ਨੂੰ ਭੋਜਨ ਛਕਾਉਣ ਅਤੇ ਪੁਰਖਿਆਂ ਦੀ ਪੂਜਾ ਕਰਨ ਤੋਂ ਬਾਅਦ, ਆਪਣੇ ਪਿਤਾ ਨੂੰ ਭੋਜਨ ਖੁਆਉਣਾ ਚਾਹੁੰਦਾ ਸੀ।ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਪੁੱਛਿਆ ਕਿ ਕੀ ਉਹ ਜਾਣਦੇ ਹਨ ਕਿ ਉਨ੍ਹਾਂ ਦੇ ਪਿਤਾ ਇਸ ਸਮੇਂ ਕਿਸ ਰੂਪ ਵਿੱਚ ਹਨ ਅਤੇ ਇਹ ਭੋਜਨ ਉਨ੍ਹਾਂ ਤੱਕ ਕਿਵੇਂ ਪਹੁੰਚੇਗਾ।ਦੁਨੀਚੰਦ ਨੇ ਕਿਹਾ ਕਿ ਉਹ ਨਹੀਂ ਜਾਣਦੇ। ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਦੇ ਪਿਤਾ ਇਸ ਸਮੇਂ ਬਘਿਆੜ ਦੀ ਜੂਨ ਵਿੱਚ ਹਨ, ਉਨ੍ਹਾਂ ਨੂੰ ਭੋਜਨ ਖੁਆਓ।ਦੁਨੀਚੰਦ ਨੇ ਬਘਿਆੜ ਨੂੰ ਭੋਜਨ ਖੁਆਇਆ। ਉਸ ਸਮੇਂ ਬਘਿਆੜ ਮਨੁੱਖੀ ਆਵਾਜ਼ ਵਿੱਚ ਬੋਲਿਆ।ਉਸ ਨੇ ਕਿਹਾ ਕਿ ਮਰਨ ਵੇਲੇ ਉਨ੍ਹਾਂ ਦੇ ਗੁਆਂਢ ਵਿੱਚ ਮਾਸ ਪਕਾਇਆ ਜਾ ਰਿਹਾ ਸੀ ਅਤੇ ਇਸਦੀ ਬਦਬੂ ਨੇ ਉਨ੍ਹਾਂ ਅੰਦਰ ਮਾਸ ਖਾਣ ਦੀ ਇੱਛਾ ਪੈਦਾ ਕਰ ਦਿੱਤੀ ਅਤੇ ਉਸੇ ਸਮੇਂ ਉਨ੍ਹਾਂ ਦੀ ਮੌਤ ਹੋ ਗਈ, ਜਿਸ ਕਾਰਨ ਉਨ੍ਹਾਂ ਨੂੰ ਬਘਿਆੜ ਦਾ ਸਰੀਰ ਮਿਲਿਆ ਅਤੇ ਹੁਣ ਉਹ ਮਾਸ ਖਾ ਕੇ ਆਪਣਾ ਪੇਟ ਭਰਦੇ ਹਨ, ਇਸ ਰੂਪ ਵਿੱਚ ਉਹ ਕਈ ਤਰ੍ਹਾਂ ਦੇ ਦੁੱਖ ਝੱਲਦੇ ਹਨ। ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਗੁਰੂ ਦੀ ਸ਼ਰਨ ਨਾਲ ਹੀ ਇਨ੍ਹਾਂ ਜੂਨੀਆਂ ਤੋਂ ਮੁਕਤੀ ਮਿਲ ਸਕਦੀ ਹੈ।ਇਸ ਦੌਰਾਨ ਸਵਾਮੀ ਰਾਜੇਸ਼ ਅਤੇ ਗੁਰੂ ਭਾਈ ਬਲਦੇਵ ਸਿੰਘ ਦੁਆਰਾ ਗੁਰਬਾਣੀ ਸ਼ਬਦ ਅਤੇ ਸੁਰੀਲੇ ਭਜਨ ਗਾਇਨ ਕੀਤੇ ਗਏ।

### ਝੋਨੇ ਦੀ ਨਿਰਵਿਘਨ ਖ਼ਰੀਦ...

ਰਹਿਣ। ਉਨ੍ਹਾ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਫ਼ਸਲ ਨੂੰ ਪੂਰੀ ਤਰ੍ਹਾਂ ਸੁਕਾ ਕੇ ਮੰਡੀਆਂ ਵਿੱਚ ਲਿਆਉਣ, ਤਾਂ ਕਿ ਉਨ੍ਹਾਂ ਨੂੰ ਫ਼ਸਲ ਵੇਚਣ ਵਿੱਚ ਬੇਲੋੜੀ ਦੇਰੀ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾ ਕਿਹਾ ਕਿ ਕਿਸਾਨਾਂ ਦਾ ਝੋਨਾ ਬਿਨਾਂ ਕਿਸੇ ਦੇਰੀ ਦੇ ਖ਼ਰੀਦਿਆ ਅਤੇ ਚੁੱਕਿਆ ਜਾਵੇਗਾ। ਸਮੁੱਚੀ ਖ਼ਰੀਦ ਪ੍ਰਕਿਰਿਆ ਕਿਸਾਨਾਂ ਨੂੰ ਕੋਈ ਪ੍ਰੇਸ਼ਾਨੀ ਦਿੱਤੇ ਬਗ਼ੈਰ ਨੇਪਰੇ ਚਾੜ੍ਹੀ ਜਾਵੇਗੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

24 Sep Page 11-Majha-25.qxd 9/23/2025 10:58 PM Page 1



# ਹਿੰਦ-ਪਾਕਿ ਸਰਹੱਦ ਨਾਲ ਲੱਗਦੇ ਹੜ੍ਹ ਪ੍ਰਭਾਵਿਤ ਚਾਰ ਪਿੰਡਾਂ 'ਚ ਲਗਾਏ ਮੈਗਾ ਮੈਡੀਕਲ ਕੈਂਪ

ਪਠਾਨਕੋਟ, (ਦਵਿੰਦਰ ਸਿੰਘ)-ਹਿੰਦ-ਪਾਕਿ ਸਰਹੱਦ ਨਾਲ ਲੱਗਦੇ ਵਿਧਾਨ ਸਭਾ ਹਲਕਾ ਭੋਆ ਦੇ ਪਿੰਡਾਂ ਅੰਦਰ ਹੜ੍ਹਾਂ ਨੇ ਲੋਕਾਂ ਦਾ ਜਨਜੀਵਨ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਅਤੇ ਹੁਣ ਹੜ੍ਹਾਂ ਤੋਂ ਬਾਅਦ ਬੀਮਾਰੀਆਂ ਫੈਲਣ ਦੇ ਡਰ ਨੂੰ ਦੂਰ ਕਰਨ ਲਈ ਵੱਖ-ਵੱਖ ਪਿੰਡਾਂ ਅੰਦਰ ਮੈਗਾ ਮੈਡੀਕਲ ਕੈਂਪ ਲਗਾ ਕੇ ਲੋਕਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਵਿਧਾਨ ਸਭਾ ਹਲਕਾ ਭੋਆ ਦੇ ਹੜ੍ਹ ਪ੍ਰਭਾਵਿੱਤ ਪਿੰਡਾਂ ਅੰਦਰ ਸਿਹਤ ਵਿਭਾਗ ਵੱਲੋਂ ਲਗਾਏ ਗਏ ਮੈਡੀਕਲ ਕੈਂਪਾਂ ਦਾ ਦੌਰਾ ਕਰਨ ਮਗਰੋਂ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਸੁਨੀਲ ਚੰਦ ਐੱਸਐੱਮਓ ਪਠਾਨਕੋਟ, ਤਰਸੇਮ ਯੂਥ ਪ੍ਰਧਾਨ ਭੋਆ, ਪ੍ਰੇਮ, ਸਰਪੰਚ ਮਨਵਾਲ ਸੰਦੀਪ ਕੁਮਾਰ,



ਸਾਹਿਲ ਰਮਕਾਲਮਾ, ਅਭਿ ਢੀਂਡਾ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਰਾਜੇਸ਼ ਕੋਟਭੱਟੀਆਂ ਬਲਾਕ ਪ੍ਰਧਾਨ, ਸਰਪੰਚ ਢੀਂਡਾ ਰਜਿੰਦਰ ਸਿੰਘ, ਸੁਰਜੀਤ ਕੁਮਾਰ ਸਰਪੰਚ ਪਲਾਹ, ਸਰਪੰਚ ਕਿੱਲਪੁਰ ਬੋਧ ਰਾਜ, ਜੋਤੀ ਦੇਵੀ, ਸਰਪੰਚ ਜੈਨਪੁਰ ਕਰਨ ਸਿੰਘ, ਸੁਰਜੀਤ ਸਿੰਘ ਲਵਲੀ ਬਲਾਕ ਪ੍ਰਧਾਨ, ਮੁਨੀਸ਼ ਗੁਪਤਾ ਸਰਪੰਚ ਬਮਿਆਲ ਅਤੇ ਪਾਰਟੀ ਦੇ ਹੋਰ ਕਾਰਜਕਰਤਾ ਵੀ ਹਾਜ਼ਰ ਸਨ।ਉਨ੍ਹਾਂ ਕਿਹਾ ਕਿ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਹੜ੍ਹ ਪ੍ਰਭਾਵਿਤ ਪਿੰਡ ਜੈਨਪੁਰ, ਕਿੱਲਪੁਰ, ਢੀਂਡਾ ਅਤੇ ਪਿੰਡ ਪਲਾਹ ਅੰਦਰ ਮੈਗਾ ਮੈਡੀਕਲ ਕੈਂਪ ਲਗਾਏ ਗਏ ਹਨ।ਇਨ੍ਹਾਂ ਕੈਂਪਾਂ ਤੋਂ ਸੈਕੜ੍ਹਾਂ ਲੋਕਾਂ ਨੇ ਅਪਣੀ ਜਾਂਚ ਕਰਵਾਈ ਅਤੇ ਸਿਹਤ ਵਿਭਾਗ ਵੱਲੋਂ ਫ੍ਰੀ ਦਵਾਈਆਂ ਵੀ ਵੰਡੀਆਂ ਗਈਆਂ।ਜ਼ਿਕਰਯੋਗ ਹੈ ਕਿ ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਵੱਲੋਂ ਜਿੱਥੇ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਸੁਣੀਆਂ ਉਥੇ ਹੀ ਕਿਸਾਨਾਂ ਨਾਲ ਉਨ੍ਹਾਂ ਦੇ ਖੇਤਾਂ ਅੰਦਰ ਪਹੁੰਚ ਕੇ ਫਸਲਾਂ ਦਾ ਜਾਇਜ਼ਾ ਲਿਆ ਅਤੇ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ।

# ਨਾੜ/ਪਰਾਲੀ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ 'ਤੇ ਲੱਗੀ ਪਾਬੰਦੀ

ਪਠਾਨਕੋਟ, (ਦਵਿੰਦਰ ਸਿੰਘ)-ਜ਼ਿਲ੍ਹਾ ਮੈਜਿਸਟਰੇਟ ਅਦਿੱਤਿਆ ਉਪਲ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸਹਿੰਤਾ, 2023 ਦੀ ਧਾਰਾ 163 ਬੀ.ਐੈਨ.ਐੱਸ.ਐੱਸ ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹੇ ਵਿੱਚ ਝੋਨੇ ਦੀ ਨਾੜ/ਪਰਾਲੀ ਦੇ ਰਹਿੰਦ ਖੂੰਹਦ ਨੂੰ ਖੇਤਾਂ ਵਿੱਚ ਅੱਗ ਲਗਾਉਣ ਤੇ ਪਾਬੰਦੀ ਲਗਾ ਦਿੱਤੀ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਆਪਣੇ ਹੁਕਮ ਵਿੱਚ ਸਪੱਸ਼ਟ ਕੀਤਾ ਹੈ ਕਿ ਝੋਨੇ ਦੀ ਕਟਾਈ ਦਾ ਸੀਜਨ ਸ਼ੁਰੂ ਹੋ ਚੁੱਕਾ ਹੈ ਅਤੇ ਝੋਨਾ ਕੱਟਣ ਉਪਰੰਤ ਨਾੜ/ਪਰਾਲੀ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਨਾਲ ਆਸੇ-ਪਾਸੇ ਨੁਕਸਾਨ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਹਵਾ ਵਿੱਚ ਧੂੰਏਂ ਨਾਲ ਬਹੁਤ ਪ੍ਰਦੂਸ਼ਣ ਫੈਲਦਾ ਹੈ ਜਿਸ ਨਾਲ ਸਾਹ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। ਨਾੜ/ਪਰਾਲੀ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਨਾਲ ਜਮੀਨ ਦਾ ਉਪਯੋਗੀ ਜੀਵਕ ਮਾਦਾ ਜੋ ਕਿ ਜ਼ਮੀਨ ਲਈ ਬਹੁਤ ਲਾਭਦਾਇਕ ਹੈ, ਉਸ ਦਾ ਵੀ ਨੁਕਸਾਨ ਹੁੰਦਾ ਹੈ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ।ਜ਼ਮੀਨ ਦੀ ਉਪਰਲੀ ਸਤ੍ਹਾ ਅੱਗ



ਨਾਲ ਜਲਣ ਕਾਰਨ ਇਸ ਵਿੱਚ ਮੌਜੂਦ ਕਈ ਲਾਭਦਾਇਕ ਜੀਵਾਣੂ ਵੀ ਮਰ ਜਾਂਦੇ ਹਨ, ਜਿਸ ਨਾਲ ਖੇਤ ਦੀ ਉਪਜਾਊ ਸ਼ਕਤੀ ਨਸ਼ਟ ਹੁੰਦੀ ਹੈ ਜਿਸ ਨਾਲ ਸਿੱਧਾ ਨੁਕਸਾਨ ਕਿਸਾਨਾਂ ਨੂੰ ਹੁੰਦਾ ਹੈ ਅਤੇ ਉਸ ਦਾ ਅਸਿੱਧੇ ਤੌਰ ਤੇ ਅਸਰ ਦੇਸ਼ ਦੇ ਉਤਪਾਦਨ ਤੇ ਪੈਂਦਾ ਹੈ।ਸੜਕਾਂ ਦੁਆਲੇ ਮੌਜੂਦ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਨਾਲ ਆਵਾਜਾਈ ਵਿੱਚ ਵਿਘਨ ਪੈਂਦਾ ਹੈ ਅਤੇ ਕਈ ਹਾਦਸੇ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ।ਇਸ ਲਈ ਝੋਨੇ ਦੀ ਨਾੜ/ਪਰਾਲੀ ਦੇ ਰਹਿੰਦ ਖੂੰਹਦ ਨੂੰ ਅੱਗ ਲਗਾਉਣ 'ਤੇ ਪਾਬੰਦੀ ਲਗਾਈ ਗਈ ਹੈ।ਇਹ ਹੁਕਮ ਤੁਰੰਤ ਲਾਗੂ ਹੋ ਕੇ 22 ਨਵੰਬਰ 2025 ਤੱਕ ਲਾਗੂ ਰਹੇਗਾ।

# ਕਤਲ ਕੇਸ 'ਚ ਸ਼ਾਮਲ 4 ਦੋਸ਼ੀ 12 ਘੰਟਿਆਂ 'ਚ ਗ੍ਰਿਫ਼ਤਾਰ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਡੀਜੀਪੀ ਪੰਜਾਬ ਗੌਰਵ ਯਾਦਵ ਦੀ ਯੋਗ ਅਗਵਾਈ ਹੇਠ ਹਰਮਨਬੀਰ ਸਿੰਘ ਗਿੱਲ ਆਈਪੀਐੱਸ ਡੀਆਈਜੀ ਫਿਰੋਜ਼ਪੁਰ ਰੇਂਜ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰਵਜੋਤ ਗਰੇਵਾਲ ਐੱਸਐੱਸਐੱਸਪੀ ਤਰਨ ਤਾਰਨ ਵੱਲੋਂ ਕਤਲ ਕੇਸ ਦੀ ਤਫਤੀਸ਼ ਦੇ ਸਬੰਧ ਵਿੱਚ ਰਿਪੁਤਾਪਨ ਸਿੰਘ ਪੀਪੀਐੱਸ/ਐੱਸਪੀ(ਡੀ) ਤਰਨ ਤਾਰਨ ਅਤੇ ਲਵਕੇਸ਼ ਪੀਪੀਐੱਸ ਡੀਐੱਸਪੀ ਪੱਟੀ ਦੀ ਨਿਗਰਾਨੀ ਹੇਠ ਇੰਸਪੈਕਟਰ ਕੰਵਲਜੀਤ ਰਾਏ ਮੁੱਖ ਅਫਸਰ ਥਾਣਾ ਸਿਟੀ ਪੱਟੀ ਨੇ ਇੱਕ ਆਪਰੇਸ਼ਨ ਦੌਰਾਨ ਪਿੰਡ ਕੈਰੋ ਫਾਟਕ ਨਜ਼ਦੀਕ ਫਾਇਰਿੰਗ ਕਰਕੇ ਦੋ ਵਿਅਕਤੀਆਂ ਦੇ ਹੋਏ ਕਤਲ ਕੇਸ ਵਿੱਚ ਚਾਰ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ।ਬਿਆਨ ਕਰਤਾ ਗੁਰਸ਼ੇਰ ਸਿੰਘ ਵਾਸੀ ਪਿੰਡ ਤੁੰਗ ਥਾਣਾ ਹਰੀਕੇ ਨੇ ਥਾਣਾ ਸਿਟੀ ਪੱਟੀ ਹਾਜ਼ਰ ਆ ਕੇ ਆਪਣਾ ਬਿਆਨ ਦਰਜ ਕਰਵਾਇਆ ਕਿ ਉਹ ਅਤੇ ਉਸਦੀ ਭੂਆ ਦਾ ਲੜਕਾ ਸਮਰਬੀਰ ਸਿੰਘ ਵਾਸੀ ਕਰਮੂਵਾਲਾ ਥਾਣਾ ਚੋਹਲਾ ਸਾਹਿਬ ਅਤੇ ਉਸਦਾ ਦੋਸਤ ਸੌਰਵ ਵਾਸੀ ਮਰਹਾਣਾ ਅਤੇ ਉਸਦੇ ਹੋਰ ਦੋਸਤ ਤਿੰਨ ਗੱਡੀਆਂ ਤੇ



ਸਵਾਰ ਹੋ ਕੇ ਗੁਰਦੁਆਰਾ ਟਾਹਲਾ ਸਾਹਿਬ ਮੱਥਾ ਟੇਕਣ ਲਈ ਜਾ ਰਹੇ ਸੀ। ਸ਼ਾਮ ਦੇ ਸਮੇਂ ਜਦ ਉਹ ਪਿੰਡ ਕੈਰੋਂ ਰੇਲਵੇ ਫਾਟਕ ਨਜ਼ਦੀਕ ਪੁਹੰਚੇ ਤਾਂ ਇੱਕਦਮ ਉਨ੍ਹਾਂ ਦੀ ਗੱਡੀ ਉਪਰ ਗੋਲੀਆਂ ਚੱਲਣੀਆਂ ਸ਼ੁਰੂ ਹੋ ਗਈਆਂ।

ਗੱਡੀ ਰੋਕ ਕੇ ਦੇਖਿਆ ਕਿ ਗੋਲੀਆਂ ਚਲਾਉਣ ਵਾਲੇ ਜਗਤਾਰ ਸਿੰਘ ਉਰਫ ਜੱਗਾ ਵਾਸੀ ਖੇਮਕਰਨ, ਗੁਰਪ੍ਰੀਤ ਸਿੰਘ ਉਰਫ ਗੋਪੀ ਵਾਸੀ ਠੱਕਰਪੁਰਾ ਅਤੇ ਹਰਪਾਲ ਸਿੰਘ ਵਾਸੀ ਗੋਇੰਦਵਾਲ ਸਾਹਿਬ ਸਨ।ਇਸ ਦੌਰਾਨ ਸਮਰਬੀਰ ਸਿੰਘ ਅਤੇ ਸੌਰਵ ਉਕਤ ਗੰਭੀਰ ਜ਼ਖਮੀ ਹੋ ਗਏ।ਦੌਰਾਨੇ ਇਲਾਜ ਇਨ੍ਹਾਂ ਦੋਵਾਂ ਦੀ ਮੌਤ ਹੋ ਗਈ, ਜਿਸ 'ਤੇ ਥਾਣਾ ਸਿਟੀ ਦੀ ਪੁਲਸ ਵੱਲੋਂ ਜਗਤਾਰ ਸਿੰਘ ਉਰਫ ਜੱਗਾ ਵਾਸੀ ਖੇਮਕਰਨ, ਗੁਰਪ੍ਰੀਤ ਸਿੰਘ ਉਰਫ ਗੋਪੀ ਵਾਸੀ ਠੱਕਰਪੁਰਾ ਅਤੇ ਹਰਪਾਲ ਸਿੰਘ ਵਾਸੀ ਗੋਇੰਦਵਾਲ ਸਾਹਿਬ ਅਤੇ 4-5 ਅਣਪਛਾਤੇ ਵਿਅਕਤੀਆਂ ਦੇ ਖਿਲਾਫ ਮੁਕੱਦਮਾ ਨੰਬਰ 149 ਥਾਣਾ ਸਿਟੀ ਪੱਟੀ ਦਰਜ ਰਜਿਸਟਰ ਕਰਕੇ ਦੋਸ਼ੀਆਂ ਦੀ ਭਾਲ ਕਰਨ ਲਈ ਵੱਖ-ਵੱਖ ਟੀਮਾਂ ਬਣਾਕੇ ਭਾਲ ਕਰਨੀ ਸ਼ੁਰੂ ਕਰ ਦਿੱਤੀ ਗਈ।ਤਰਨ ਤਾਰਨ ਪੁਲਸ ਪਾਰਟੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਿਊਮਨ ਇੰਟੈਲੀਜੈਂਸ ਅਤੇ ਤਕਨੀਕੀ ਇੰਟੈਲੀਜੈਂਸ ਰਾਹੀਂ ਇਹ ਪਤਾ ਲੱਗਾ ਕਿ ਕਾਤਲਾਂ ਨੂੰ ਹਥਿਆਰ ਜੁਗਰਾਜ ਸਿੰਘ ਵਾਸੀ ਖੇਮਕਰਨ, ਦਲੇਰ ਸਿੰਘ ਵਾਸੀ ਵਾਰਡ ਨੰਬਰ ਤਿੰਨ ਖੇਮਕਰਨ, ਸੋਨਾ ਸਿੰਘ ਵਾਸੀ ਭਾਈ ਲੱਧੂ ਅਤੇ ਸਲਵਿੰਦਰ ਸਿੰਘ ਵਾਸੀ ਸਕੱਤਰਾ ਹਨ।

# 'ਸੰਗਠਨ ਸਿਰਜਣ ਅਭਿਆਨ' ਤਹਿਤ ਕਾਂਗਰਸ ਪਾਰਟੀ ਨੇ ਕੁੱਕੜਾਂਵਾਲਾ ਵਿਖੇ ਕੀਤੀ ਵਿਸ਼ਾਲ ਰੈਲੀ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਪੰਜਾਬ ਵਿੱਚ ਕਾਂਗਰਸ ਪਾਰਟੀ ਦੇ ਸੰਗਠਨ ਨੂੰ ਮਜਬੂਤ ਕਰਨ ਦੇ ਮਕਸਦ ਤਹਿਤ ਵਿਧਾਨ ਸਭਾ ਹਲਕਾ ਅਜਨਾਲਾ ਦੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਦੀ ਅਗਵਾਈ ਹੇਠ ਪਾਰਟੀ ਵੱਲੋਂ ਕੁੱਕੜਾਂ ਵਾਲਾ ਦੇ ਟੀ. ਆਰ. ਵਿੱਲਾ ਵਿਖੇ ਇੱਕ ਵਿਸ਼ਾਲ ਰੈਲੀ ਕੀਤੀ ਗਈ, ਜਿਸ ਸਮੇਂ ਪਾਰਟੀ ਦੇ ਸੰਗਠਨ ਇੰਚਾਰਜ ਸੀ. ਪੀ. ਜੋਸ਼ੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਜੋਸ਼ੀ ਨੇ ਕਿਹਾ ਕਿ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਆਲ ਇੰਡੀਆਂ ਕਾਂਗਰਸ ਕਮੇਟੀ ਦੇ ਪ੍ਰਧਾਨ ਮਲਿਕਾ ਅਰਜੁਨ ਖੜਗੇ ਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਫ਼ੈਸਲਾ ਕੀਤਾ ਗਿਆ ਹੈ ਕਿ ਹੁਣ ਬੂਥ ਪੱਧਰ ਦੇ ਵਰਕਰਾਂ ਦੀ ਰਾਏ ਲੈ ਕੇ ਹੀ ਬਲਾਕ, ਜ਼ਿਲਾ ਅਤੇ ਸਟੇਟ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਜਾਵੇਗੀ।ਉਨ੍ਹਾਂ ਅੱਗੇ ਕਿਹਾ ਕਿ ਕਾਂਗਰਸ ਪਾਰਟੀ ਨੇ ਦੇਸ਼ ਦੇ ਹਰ ਨਾਗਰਿਕ ਨੂੰ ਵੋਟ ਦਾ ਅਧਿਕਾਰ ਦੇ ਕੇ ਇਸ ਦੇਸ਼ ਦੇ ਸੰਗਠਨ ਦੀ ਸਿਰਜਣਾ ਕੀਤੀ ਹੈ ਅਤੇ ਕਾਂਗਰਸ ਪਾਰਟੀ ਦਾ ਇਸ ਦੇਸ਼ ਦੀ ਆਜ਼ਾਦੀ ਤੇ ਆਰਥਿਕ ਤਰੱਕੀ ਵਿੱਚ ਅਹਿਮ ਯੋਗਦਾਨ ਹੈ ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ



ਸਕਦਾ। ਉਨਾਂ ਅਪੀਲ ਕੀਤੀ ਕਿ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਵਾਸਤੇ 2027 ਵਿੱਚ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਲਿਆਉਣੀ ਚਾਹੀਦੀ ਹੈ।ਇਸ ਰੈਲੀ ਨੂੰ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਤੋਂ ਇਲਾਵਾ ਜ਼ਿਲਾ ਦਿਹਾਤੀ ਸੰਗਠਨ ਇੰਚਾਰਜ ਹਮੀਦ ਮਸੀਹ, ਕੰਵਰਪ੍ਰਤਾਪ ਸਿੰਘ ਅਜਨਾਲਾ, ਡਾ: ਨਿਆਮਤ ਸੂਫੀ, ਦਿਲਬਾਗ ਸਿੰਘ ਫਿਰਵਰਿਆ, ਦਵਿੰਦਰ ਸਿੰਘ ਡੈਮ, ਰਾਣਾ ਭੱਖਾ ਅਤੇ ਦਲਜੀਤ ਸਿੰਘ ਸੋਨੂੰ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

# ਵਿਦਿਆਰਥਣਾਂ ਦਾ ਕਲਾ ਉਤਸਵ ਜ਼ੋਨਲ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)—ਖ਼ਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥਣਾਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਖਾਲਸਾ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵਨਿਊ ਵਿਖੇ ਕਰਵਾਏ ਗਏ ਜ਼ੋਨ ਪੱਧਰੀ ਕਲਾ ਉਤਸਵ-2025-26 ਮੁਕਾਬਲੇ 'ਚ ਆਪਣੀ ਕਾਬਲੀਅਤ ਦਾ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ, ਜ਼ਿਲ੍ਹੇ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।ਇਸ ਸਬੰਧੀ ਸਕੂਲ ਪ੍ਰਿੰ. ਪੁਨੀਤ ਕੌਰ ਨਾਗਪਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਕਤ ਜ਼ੋਨ ਪੱਧਰੀ ਮੁਕਾਬਲੇ 'ਚ ਸਕੂਲ ਦੀ ਡਾਂਸ ਗਰੁੱਪ ਦੀ ਟੀਮ ਨੇ ਅੰਮ੍ਰਿਤਸਰ ਜ਼ੋਨ ਵੱਲੋਂ ਭਾਗ ਲਿਆ ਅਤੇ ਪੰਜ ਜ਼ੋਨਾਂ 'ਚੋਂ ਪਹਿਲਾਂ ਸਥਾਨ ਹਾਸਲ ਕਰਕੇ ਸਕੂਲ ਦਾ ਮਾਣ ਵਧਾਇਆ ਹੈ।



ਉਨ੍ਹਾਂ ਕਿਹਾ ਕਿ ਇਸ ਮੁਕਾਬਲੇ 'ਚ ਜ਼ਿਲ੍ਹਾ ਪੱਧਰ 'ਤੇ ਜੇਤੂ ਰਹੀਆਂ ਟੀਮਾਂ ਦਾ ਮੁਕਾਬਲਾ ਅੰਮ੍ਰਿਤਸਰ, ਪਠਾਨਕੋਟ, ਗੁਰਦਾਸਪੁਰ, ਕਪੂਰਥਲਾ ਤੇ ਤਰਨਤਰਨ ਜ਼ੋਨ ਵਿਚਕਾਰ ਕਰਵਾਇਆ ਗਿਆ। ਇਸ ਮੌਕੇ ਨਾਗਪਾਲ ਨੇ ਵਿਦਿਆਰਥਣਾਂ ਦੀ ਉਕਤ ਜਿੱਤ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਗਾਈਡ ਅਧਿਆਪਕ ਹਰਲੀਨ ਕੌਰ ਨੂੰ ਵਧਾਈ ਦਿੰਦਿਆਂ ਭਵਿੱਖ 'ਚ ਰਾਜ ਪੱਧਰ ਮੁਕਾਬਲੇ 'ਚ ਭਾਗ ਲੈਣ ਲਈ ਹੋਰ ਮਿਹਨਤ ਕਰਨ ਸਬੰਧੀ ਉਤਸ਼ਾਹਿਤ ਕੀਤਾ।

# ਸਬਜ਼ੀ ਕਾਸ਼ਤਕਾਰ ਪਰਾਲੀ ਦੀ ਸਾਂਭ-ਸੰਭਾਲ ਲਈ ਬੇਲਰ ਦੀ ਵਰਤੋਂ ਕਰਨ : ਮੁੱਖ ਖੇਤੀਬਾੜੀ ਅਫਸਰ



ਬਟਾਲਾ (ਡਾ. ਮਲਵਿੰਦਰ ਸਿੰਘ)-ਜ਼ਿਲ੍ਹਾ ਗੁਰਦਾਸਪੁਰ ਵਿੱਚ ਸਾਲ 2025 ਦੌਰਾਨ ਝੋਨੇ ਦੀ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਜ਼ੀਰੋ ਪੱਧਰ 'ਤੇ ਲਿਆਉਣ ਦੇ ਮਿੱਥੇ ਟੀਚੇ ਨੂੰ ਪੂਰਾ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਲਾਈ ਜਾ ਰਹੀ ਮੁਹਿੰਮ ਤਹਿਤ ਖ਼ੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸ਼ਬਜੀ ਕਾਸ਼ਤਕਾਰਾਂ ਨੂੰ ਪਰਾਲੀ ਦੀ ਖੇਤ ਤੋਂ ਬਾਹਰ ਸੰਭਾਲ ਲਈ ਪ੍ਰੇਰਿਤ ਕਰਨ ਲਈ ਬਲਾਕ ਬਟਾਲਾ ਦੇ ਪਿੰਡ ਬਾਸਰਪੁਰਾ ਵਿਚ ਸਬਜ਼ੀ ਕਾਸ਼ਤਕਾਰਾਂ ਨਾਲ ਮੀਟਿੰਗ ਕੀਤੀ ਗਈ।ਮੀਟਿੰਗ ਦੀ ਪ੍ਰਧਾਨਗੀ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਕੀਤੀ।ਇਸ ਮੌਕੇ ਕੁਲਵਿੰਦਰ ਕੌਰ ਖੇਤੀ ਵਿਸਥਾਰ ਅਫ਼ਸਰ ਹਾਜ਼ਰ ਸਨ।ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਜ਼ਿਲਾ ਗੁਰਦਾਸਪੁਰ ਵਿਚ ਬਲਾਕ ਬਟਾਲਾ, ਡੇਰਾ ਬਾਬਾ ਨਾਨਕ, ਕਲਾਨੌਰ ਅਤੇ ਗੁਰਦਾਸਪੁਰ ਦੇ ਕਰੀਬ 35 ਪਿੰਡਾਂ ਵਿਚ ਅਗੇਤੀ ਸਬਜ਼ੀ ਜਿਵੇਂ ਫੁੱਲ ਗੋਭੀ, ਆਲੂ ਅਤੇ ਮਟਰ ਦੀ ਕਾਸ਼ਤ ਕਰਦੇ ਹਨ। ਉਨ੍ਹਾਂ ਦੱਸਿਆ ਕਿ ਸਬਜੀ ਕਾਸ਼ਤਕਾਰ ਵਲੋਂ ਆਮ ਕਰਕੇ ਘੱਟ ਸਮੇਂ ਵਿੱਚ ਪੱਕਣ ਵਾਲਿਆਂ ਝੋਨੇ ਦੀਆਂ ਕਿਸਮਾਂ ਜਿਵੇਂ 1509,1692 ਜਾਂ ਪੀ ਆਰ 126 ਦੀ ਕਾਸ਼ਤ ਕੀਤੀ ਜਾਂਦੀ ਹੈ।ਉਨ੍ਹਾਂ ਦਸਿਆ ਕਿ ਸਬਜ਼ੀਆਂ ਦੀ ਸਫਲ ਕਾਸ਼ਤ ਲਈ ਜਰਖੇਜ ਮਿੱਟੀ ਦੀ ਜ਼ਰੂਰਤ ਹੁੰਦੀ ਹੈ ਅਤੇ ਖੇਤਾਂ ਦੀ ਮਿੱਟੀ ਜਰਖੇਜ ਤਾਂ ਹੀ ਹੋ ਸਕਦੀ ਹੈ ਜੇਕਰ ਫ਼ਸਲੀ ਰਹਿੰਦ ਖੂੰਹਦ ਨੂੰ ਖੇਤਾਂ ਵਿਚ ਸੰਭਾਲ ਕੇ ਸਬਜ਼ੀ ਖਾਸ ਕਰਕੇ ਗੋਭੀ, ਮਟਰ ਅਤੇ ਆਲੂ ਦੀ ਕਾਸ਼ਤ ਕੀਤੀ ਜਾਵੇ।

# ਸਾਹਿਤਕ ਮਹਿਕ ਬਿਖੇਰਨ ਵਾਲੀ ਲੇਖਿਕਾ ਅਮਰਜੀਤ ਕੌਰ ਮਾਨ

ਅਮਰਜੀਤ ਕੌਰ ਮਾਨ ਪਟਿਆਲਾ ਜਿਨ੍ਹਾਂ ਦਾ ਪਿਛੋਕੜ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਮਾਨ ਸੈਂਡਵਾਲ ਤੋਂ ਹੈ, ਅੱਜਕੱਲ੍ਹ ਸਰੀ ਕੈਨੇਡਾ ਵਿਖੇ ਰਹਿ ਰਹੇ ਹਨ।ਸਵ. ਕੈਪਟਨ ਹਰਦਿਆਲ ਸਿੰਘ ਮਾਨ ਨਾਲ ਉਨ੍ਹਾਂ ਦੀ ਸ਼ਾਦੀ ਹੋਈ। ਉਨ੍ਹਾਂ ਜ਼ਿੰਦਗੀ ਦੇ ਉਤਰਾਅ ਚੜ੍ਹਾਅ ਤੇ ਸਮਾਜਿਕ ਉੱਥਲ ਪੁੱਥਲ ਅਤੇ ਸਮਾਜਿਕ ਕਦਰਾਂ ਕੀਮਤਾਂ ਨੂੰ ਬੜੀ ਗਹਿਰਾਈ ਨਾਲ ਮਹਿਸੂਸ ਕਰਦਿਆਂ ਕਲਮ ਉਠਾਈ।ਉਹ ਹੁਣ ਤੱਕ ਦੋ ਮੌਲਿਕ ਪੁਸਤਕਾਂ



ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ।'ਬੇੜੀ' ਕਿਤਾਬ ਖ਼ੂਬਸੂਰਤ ਕਵਿਤਾਵਾਂ ਦਾ ਸੰਗ੍ਰਹਿ ਹੈ ਜਿਸ ਵਿੱਚ ਪੁਰਾਣੇ ਵੇਲਿਆਂ ਦੀ ਨੁਹਾਰ, ਸੁਨੱਖੇ ਸੱਭਿਆਚਾਰ ਦੀ ਲਿਸ਼ਕੋਰ, ਚਿੜੀਆਂ ਦਾ ਰੁਦਨ ਤੇ ਕੁੜੀਆਂ ਦਾ ਤਰਲਾ ਹੈ।ਮਾਨ ਦੀ ਦੂਜੀ ਕਿਤਾਬ 'ਸ਼ੀਸ਼ਾ' ਲਘੂ ਕਹਾਣੀਆਂ ਦੀ ਕਿਤਾਬ ਹੈ।ਇਹ ਨਿੱਕੀਆਂ-ਨਿੱਕੀਆਂ ਪਰ ਵੱਡੇ ਅਰਥਾਂ ਵਾਲੀਆਂ ਕਹਾਣੀਆਂ ਕਿਸੇ ਡੂੰਘੇ ਜੀਵਨ ਸੰਘਰਸ਼ 'ਚੋਂ ਨਿਕਲੀਆਂ ਪ੍ਰਤੀਤ ਹੁੰਦੀਆਂ ਹਨ। ਸਾਦੀ ਭਾਸ਼ਾ ਸ਼ੈਲੀ ਵਿੱਚ ਲਿਖੀਆਂ ਇਹ ਦੋਵੇਂ ਕਿਤਾਬਾਂ ਬਹੁਤ ਹੀ ਵਧੀਆ ਤੇ ਪੜ੍ਹਨਯੋਗ ਹਨ।ਸ਼ਬਦ ਸਾਂਝ ਲਾਇਬ੍ਰੇਰੀ ਮਾਨ ਸੈਂਡਵਾਲ ਦੇ ਸੰਚਾਲਕ ਜਸਦੇਵ ਮਾਨ ਅਤੇ ਰਮਨਦੀਪ ਕੌਰ ਮਾਨ ਨੇ ਦੱਸਿਆ ਕਿ ਲੇਖਿਕਾ ਅਮਰਜੀਤ ਕੌਰ ਮਾਨ ਦੀ ਯੋਗ ਅਗਵਾਈ ਸਦਕਾ ਅਸੀਂ ਨਿਰੰਤਰ ਇਹ ਲਾਇਬ੍ਰੇਰੀ ਚਲਾ ਰਹੇ ਹਾਂ।ਇਸ ਮੌਕੇ ਪਿੰਡ ਮਾਨ ਸੈਂਡਵਾਲ ਦੇ ਸਰਪੰਚ ਜਸਪਾਲ ਸਿੰਘ ਮਾਨ, ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸੁਖਜਿੰਦਰ ਸਿੰਘ ਤੇ ਗ੍ਰੰਥੀ ਬਾਬਾ ਬਲਦੇਵ ਸਿੰਘ ਨੇ ਕਿਹਾ ਕਿ ਇਹ ਸਾਡੇ ਲਈ ਬੜੇ ਮਾਣ ਦੀ ਗੱਲ ਹੈ ਕਿ ਸਾਡੇ ਆਪਣੇ ਨਗਰ ਮਾਨ ਸੈਂਡਵਾਲ ਦੀ ਲੇਖਿਕਾ ਅਮਰਜੀਤ ਕੌਰ ਮਾਨ ਸਾਹਿਤ ਜਗਤ ਵਿੱਚ ਚੰਗਾ ਨਾਮਣਾ ਖੱਟ ਰਹੇ ਹਨ।ਇਸ ਮੌਕੇ ਭਿੰਦਰ ਮਾਨ, ਸੁਖਬੀਰ ਸਿੰਘ ਸੰਧੂ, ਸਾਬਕਾ ਸਰਪੰਚ ਕੁਲਦੀਪ ਸਿੰਘ ਮਾਨ, ਪ੍ਰੇਮ ਸਿੰਘ ਮਾਨ, ਕੁਲਵਿੰਦਰ ਸਿੰਘ ਦੋਧੀ, ਹਰਪਾਲ ਸਿੰਘ ਮੈਂਬਰ, ਯੋਧਾ ਸੰਧੂ, ਡਾ. ਇਕਬਾਲ ਸਿੰਘ ਆਦਿ ਹਾਜ਼ਰ ਸਨ।

**-ਜਸਦੇਵ ਸਿੰਘ ਮਾਨ ਫਤਿਹਗੜ੍ਹ ਚੂੜੀਆਂ**

# ਸਿੰਬਲ ਚੌਕ ਤੋਂ ਧੁੱਪਸੜੀ ਤੱਕ ਰੋਡ ਲਾਈਟਾਂ ਲਗਾਉਣ ਦੀ ਕਵਾਇਦ ਸ਼ੁਰੂ



ਬਟਾਲਾ, ਸਤੰਬਰ (ਡਾ. ਮਲਵਿੰਦਰ ਸਿੰਘ)-ਬਟਾਲਾ ਹਲਕੇ ਅਤੇ ਖਾਸਕਰਕੇ ਸ਼ਹਿਰ ਬਟਾਲਾ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਲੜੀ ਵਿੱਚ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਸਿੰਬਲ ਚੌਂਕ ਤੋਂ ਧੁੱਪਸੜੀ ਤੱਕ ਰੋਡ ਲਾਈਟਾਂ (3500 ਮੀਟਰ) ਦੀ ਸ਼ੁਰੂਆਤ ਕਰਵਾਈ, ਜਿਸ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।

ਇਸ ਮੌਕੇ ਗੱਲ ਕਰਦਿਆਂ ਸ਼ੈਰੀ ਕਲਸੀ ਨੇ ਕਿਹਾ ਕਿ ਰੋਡ ਲਾਈਟਾਂ ਲੱਗ ਜਾਣ ਨਾਲ ਲੋਕਾਂ ਨੂੰ ਰਾਤ ਸਮੇਂ ਆਵਾਜਾਈ ਦੀ ਵੱਡੀ ਸਹੂਲਤ ਮਿਲੇਗੀ ਅਤੇ ਜੋ ਲੋਕ ਸਵੱਖਤੇ ਸੈਰ ਕਰਦੇ ਹਨ ਉਨ੍ਹਾਂ ਨੂੰ ਵੀ ਰੋਡ ਲਾਈਟਾਂ ਲੱਗਣ ਨਾਲ ਰਾਹਤ ਮਿਲੇਗੀ।ਉਨ੍ਹਾਂ ਕਿਹਾ ਕਿ ਬਟਾਲਾ ਸ਼ਹਿਰ ਅੰਦਰ ਵੱਖ-ਵੱਖ ਵਿਕਾਸ ਕੰਮ ਕਰਵਾਏ ਗਏ ਹਨ ਅਤੇ ਸ਼ਹਿਰ ਵਾਸੀਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਵਿਕਾਸ ਕਾਰਜ ਨਿਰੰਤਰ ਜਾਰੀ ਹਨ। ਸ਼ਹਿਰ ਵਾਸੀਆਂ ਨੂੰ ਸਾਫ ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਕਰੀਬ 24 ਕਰੋੜ ਰੁਪਏ ਦੀ ਲਾਗਤ ਨਾਲ ਨਵਾਂ ਪ੍ਰੋਜੈਕਟ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਨਾਲ ਲੋਕਾਂ ਨੂੰ ਪੀਣ ਲਈ ਸਾਫ ਸੁਥਰਾ ਪਾਣੀ ਮਿਲੇਗਾ।

ਸਕੂਲ ਆਫ ਐਮੀਨੈਂਸ ਸ਼ੁਰੂ ਕੀਤਾ ਗਿਆ ਹੈ ਅਤੇ ਆਮ ਆਦਮੀ ਕਲੀਨਿਕਾਂ ਵਿੱਚ ਮਰੀਜ਼ ਰੋਜ਼ਾਨਾ ਆਪਣੇ ਘਰਾਂ ਦੇ ਨੇੜੇ ਹੀ ਆਪਣਾ ਇਲਾਜ ਕਰਵਾ ਰਹੇ ਹਨ।ਸ਼ਾਨਦਾਰ ਪਾਰਕਾਂ ਦੀ ਉਸਾਰੀ ਕਰਵਾਈ ਗਈ ਹੈ।ਉਨ੍ਹਾਂ ਦੁਹਰਾਇਆ ਕਿ ਉਹ ਬਟਾਲਾ ਦੇ ਵਿਕਾਸ ਲਈ ਵਚਨਬੱਧ ਅਤੇ ਦ੍ਰਿੜ ਸੰਕਲਪ ਹਨ।

# ਆਈਏਸੀ ਐਕਟੀਵਿਟੀ ਮੁਹਿੰਮ ਤਹਿਤ ਭਰੋਵਾਲ 'ਚ ਪਰਾਲੀ ਦੀਆਂ ਗੱਠਾਂ ਬਣਾਈਆਂ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਮਾਣਯੋਗ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਕੁਮਾਰ ਆਈਏਐਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮੁੱਖ ਖੇਤੀਬਾੜੀ ਅਫ਼ਸਰ ਤੇਜਬੀਰ ਸਿੰਘ ਭੰਗੂ ਦੀ ਪ੍ਰਧਾਨਗੀ ਅਤੇ ਬਲਾਕ ਖਡੂਰ ਸਾਹਿਬ ਖੇਤੀਬਾੜੀ ਅਫਸਰ ਡਾ. ਨਵਤੇਜ ਸਿੰਘ ਦੀ ਅਗਵਾਈ ਹੇਠ ਆਈਈਸੀ ਐਕਟੀਵਟੀ ਅਧੀਨ ਪਿੰਡ ਭਰੋਵਾਲ ਵਿਖੇ ਪਰਾਲੀ ਦੀਆਂ ਗੱਠਾ ਬਣਾਈਆਂ।ਇਸ ਮੌਕੇ ਸਿਮਰਨਜੀਤ ਸਿੰਘ ਖੇਤੀਬਾੜੀ ਸਬ-ਇੰਸਪੈਕਟਰ ਨੇ ਕਿਸਾਨ ਗੁਰਪ੍ਰੀਤ ਸਿੰਘ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪਰਾਲੀ ਦੀ ਸਾਂਭ ਸੰਭਾਲ ਕਰਦਿਆਂ ਅੱਠ ਏਕੜ ਖੇਤ ਦੀਆਂ ਗੱਠਾਂ ਬਣਾਈਆਂ।



ਇਸ ਮੌਕੇ ਕਿਸਾਨ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਪਿਛਲੇ ਪੰਜ ਸਾਲ ਤੋਂ ਪਰਾਲੀ ਦੀਆਂ ਗੱਠਾਂ ਬਣਾ ਰਿਹਾ ਹੈ ਅਤੇ ਬਾਅਦ ਵਿੱਚ ਮਟਰ ਅਤੇ ਫਲੀਆਂ ਦੀ ਖੇਤ ਵਿੱਚ ਬਿਜਾਈ ਕਰਦਾ ਹੈ।ਕਿਸਾਨ ਗੁਰਪ੍ਰੀਤ ਸਿੰਘ ਨੇ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ, ਇਸ ਨੂੰ ਖੇਤਾਂ ਵਿੱਚ ਮਿਲਾ ਕੇ ਅਤੇ ਗੱਠਾਂ ਰਾਹੀਂ ਪਰਾਲੀ ਪ੍ਰਬੰਧਨ ਕੀਤਾ ਜਾਵੇ।ਇਸ ਮੌਕੇ ਸਤਨਾਮ ਸਿੰਘ ਖੇਤੀਬਾੜੀ ਸਬ ਇੰਸਪੈਕਟਰ ਨੇ ਦੱਸਿਆ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਮਿੱਤਰ ਕੀੜੇ ਮਰ ਜਾਂਦੇ ਹਨ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਜਾਂਦੀ ਹੈ।ਪਰਾਲੀ ਨੂੰ ਅੱਗ ਲਾਉਣ ਨਾਲ ਸੜਕੀ ਹਾਦਸੇ ਵਾਪਰਦੇ ਹਨ ਅਤੇ ਜ਼ਹਿਰੀਲੇ ਧੂੰਏਂ ਨਾਲ ਬਜ਼ੁਰਗਾਂ ਅਤੇ ਬੱਚਿਆਂ ਨੂੰ ਸਾਹ ਲੈਣਾ ਔਖਾ ਹੋ ਜਾਂਦਾ ਹੈ।

ਇਸ ਮੌਕੇ ਸਤਨਾਮ ਸਿੰਘ ਖੇਤੀਬਾੜੀ ਸਬ ਇੰਸਪੈਕਟਰ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ। ਇਸ ਮੌਕੇ ਡਾ. ਰਮਨਜੀਤ ਸਿੰਘ, ਡਾ. ਗੁਰਪ੍ਰੀਤ ਸਿੰਘ, ਚਰਨਜੀਤ ਬੇਲਦਾਰ, ਕਰਨੈਲ ਸਿੰਘ ਅਤੇ ਆਦਿ ਹਾਜ਼ਰ ਸਨ।

# ਸੜਕ ਹਾਦਸੇ 'ਚ ਇੱਕ ਗੰਭੀਰ ਜ਼ਖ਼ਮੀ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਜਲੰਧਰ ਧਰਮਸ਼ਾਲਾ ਨੈਸ਼ਨਲ ਹਾਈਵੇਅ 'ਤੇ ਹੁਸ਼ਿਆਰਪੁਰ ਨਜ਼ਦੀਕ ਨਸਰਾਲਾ ਵਿਖੇ ਤੇਜ਼ ਰਫਤਾਰ ਬੋਲੈਰੋ ਅਤੇ ਸਕੂਟਰੀ ਦਰਮਿਆਨ ਜਬਰਸਤ ਹਾਦਸਾ ਵਾਪਰ ਗਿਆ ਜਿਸ ਨਾਲ ਸਕੂਟਰੀ ਪੂਰੀ ਤਰ੍ਹਾਂ ਤਬਾਹ ਹੋ ਗਈ । ਇਸ ਹਾਦਸੇ ਵਿੱਚ ਸਕੂਟਰੀ ਸਵਾਰ ਨੌਜਵਾਨ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਜਾਣਕਾਰੀ ਅਨੁਸਾਰ ਪਿੰਡ ਮੇਘੋਵਾਲ ਗੁਰੂ ਕਾ (ਗੰਜਿਆਂ) ਵਾਸੀ ਸਿਮਰਜੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਆਪਣੀ ਐਕਟਿਵਾ ਸਕੂਟਰੀ ਨੰਬਰ ਪੀ ਬੀ 07 ਬੀ ਈ 2502 'ਤੇ ਸਵਾਰ ਹੋ ਕੇ ਹੁਸ਼ਿਆਰਪੁਰ ਵੱਲ ਆ ਰਿਹਾ ਸੀ ਕਿ ਨਸਰਾਲਾ ਨਜ਼ਦੀਕ ਪਿਛਿਓਂ ਆ ਰਹੀ ਤੇਜ਼ ਰਫਤਾਰ ਬੋਲੈਰੋ ਕਾਰ ਨੰਬਰ ਸੀ ਐਚ 01 ਟੀਸੀ 2075 ਦੇ ਚਾਲਕ ਨੇ ਲਾਪਰਵਾਹੀ ਨਾਲ ਵਾਹਨ ਚਲਾਉਂਦੇ ਹੋਏ ਉਸ ਦੀ ਸਕੂਟਰੀ ਵਿੱਚ ਲਿਆ ਕੇ ਮਾਰੀ ਜਿਸ ਨਾਲ ਸਕੂਟਰੀ ਤਬਾਹ ਹੋ ਗਈ ਅਤੇ ਸਕੂਟਰੀ ਸਵਾਰ ਨੌਜਵਾਨ ਸਿਮਰਜੀਤ ਸਿੰਘ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਜਿਸ ਨੂੰ ਤੁਰੰਤ ਰਾਹਗੀਰਾਂ ਨੇ ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਇਲਾਜ ਲਈ ਦਾਖਲ ਕਰਵਾਇਆ । ਹਾਦਸਾ ਏਨਾ ਭਿਆਨਕ ਸੀ ਕਿ ਤੇਜ਼ ਰਫਤਾਰ ਬੋਲੈਰੋ ਬੇਕਾਬੂ ਹੋ ਕੇ ਕਾਫੀ ਦੂਰ ਖਤਾਨਾ ਵਿੱਚ ਜਾ ਵੜੀ । ਥਾਣਾ ਬੁੱਲੋਵਾਲ ਅਧੀਨ ਆਉਂਦੀ ਚੌਕੀ ਨਸਰਾਲਾ ਦੀ ਪੁਲਸ ਨੇ ਮੌਕੇ ਤੇ ਪਹੁੰਚ ਕੇ ਕਾਨੂੰਨੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਮੁੱਖ ਖੇਤੀਬਾੜੀ ਅਫਸਰ ਡਾ. ਖਹਿਰਾ ਨੇ ਬੇਲਰ ਮਾਲਕਾਂ ਨਾਲ ਕੀਤੀ ਜ਼ਰੂਰੀ ਮੀਟਿੰਗ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ ਹਰਜਿੰਦਰ ਸਿੰਘ ਬੇਦੀ ਦੇ ਹੁਕਮਾਂ ਤਹਿਤ ਤਹਿਸੀਲ ਬਟਾਲਾ ਦੇ ਉਪ-ਮੰਡਲ ਅਫਸਰ ਵਿਕਰਮਜੀਤ ਸਿੰਘ ਪਾਂਥੇ ਅਤੇ ਗੁਰਦਾਸਪੁਰ ਦੇ ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਖੇਤੀਬਾੜੀ ਅਫਸਰ ਕਾਦੀਆਂ ਦੇ ਦਫ਼ਤਰ ਵਿਚ ਸਟੱਬਲ ਬਰਨਿੰਗ ਨੂੰ ਲੈ ਕੇ ਡਾ. ਜੋਬਨਜੀਤ ਸਿੰਘ ਖਹਿਰਾ ਬਲਾਕ ਕੋਆਰਡੀਨੇਟਰ ਕਾਦੀਆਂ ਵੱਲੋਂ ਵੱਖ-ਵੱਖ ਵਿਭਾਗਾਂ ਤੋਂ ਤਾਇਨਾਤ ਕਲੱਸਟਰ ਕੁਆਰਡੀਨੇਟਰਜ਼ ਨਾਲ ਪਰਾਲੀ ਪ੍ਰਬੰਧਨ ਨੂੰ ਲੈ ਕੇ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਵਿਚ ਜ਼ਿਲ੍ਹਾ ਗੁਰਦਾਸਪੁਰ ਦੀ ਐਡਮਿਨਸਟ੍ਰੇਸ਼ਨ ਵੱਲੋਂ ਪਿਛਲੇ ਦਿਨੀਂ ਜੋ ਮੀਟਿੰਗਾਂ ਕੀਤੀਆਂ ਗਈਆ ਸਨ, ਬਾਰੇ ਕਲੱਸਟਰ ਕੋਆਰਡੀਨੇਟਰਜ਼ ਨੂੰ ਜਾਣੂ ਕਰਵਾਇਆ ਗਿਆ। ਇਸ ਮੌਕੇ ਡਾ. ਖਹਿਰਾ ਨੇ ਦੱਸਿਆ ਕੇ ਬਲਾਕ ਕਾਦੀਆਂ ਵਿਚ 7 ਕਲੱਸਟਰ ਕੁਆਰਡੀਨੇਟਰਜ਼ ਅਤੇ ਬਲਾਕ ਦੇ ਹਰ ਇਕ ਪਿੰਡ ਵਿਚ ਇੱਕ ਅਤੇ ਕੁੱਲ 68 ਨੋਡਲ ਅਫਸਰ ਤਾਇਨਾਤ ਕੀਤੇ ਗਏ ਹਨ, ਜੋ ਆਪਣੇ - ਆਪਣੇ ਪਿੰਡ ਦੇ ਸਰਪੰਚਾਂ ਅਤੇ ਲੰਬੜਦਾਰ



ਸਹਿਬਾਨ ਨੂੰ ਨਾਲ ਲੈ ਕੇ ਪਿੰਡ ਵਿਚ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਲਈ ਜਾਗਰੂਕ ਕਰਨਗੇ ਅਤੇ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣਗੇ! ਇਸ ਮੌਕੇ ਹਰਦੇਵ ਸਿੰਘ ਪੰਚਾਇਤ ਅਫਸਰ, ਸੁਨੀਲ ਕੁਮਾਰ ਜੇਈ ਬਿਜਲੀ ਬੋਰਡ, ਮਨਪ੍ਰੀਤ ਸਿੰਘ ਏਈਓ, ਨਰਿੰਦਰ ਕੁਮਾਰ ਕੋਆਪਰੇਟਿਵ ਇੰਸਪੈਕਟਰ, ਕਲੱਸਟਰ ਕੁਆਰਡੀਨੇਟਜ਼ ਅਤੇ ਬੇਲਰ ਐਸੋਸੀਏਸ਼ਨ ਦੇ ਨੁਮਾਇੰਦੇ ਸਤਨਾਮ ਸਿੰਘ ਹਾਜ਼ਰ ਸਨ।

# ਪ੍ਰਤਾਪ ਵਰਲਡ ਸਕੂਲ ਪਠਾਨਕੋਟ 'ਚ ਹਾਕੀ ਟੂਰਨਾਮੈਂਟ ਸ਼ੁਰੂ

ਪਠਾਨਕੋਟ (ਦਵਿੰਦਰ ਸਿੰਘ)-ਪ੍ਰਤਾਪ ਵਰਲਡ ਸਕੂਲ ਪਠਾਨਕੋਟ ਵਿਖੇ 12ਵੀਂ ਜ਼ਿਲ੍ਹਾ ਸਕੂਲ ਖੇਡਾਂ 2025 ਦੇ ਤਹਿਤ ਹਾਕੀ ਟੂਰਨਾਮੈਂਟ ਸ਼ੁਰੂ ਕੀਤਾ ਗਿਆ।



ਖੇਡ ਸਮਾਰੋਹ ਦੀ ਮੇਜ਼ਬਾਨੀ ਪ੍ਰਤਾਪ ਵਰਲਡ ਸਕੂਲ ਵੱਲੋਂ ਕੀਤੀ ਗਈ। ਟੂਰਨਾਮੈਂਟ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਅਤੇ ਨਿੱਜੀ ਸਕੂਲਾਂ ਦੇ ਖਿਡਾਰੀ ਹਿੱਸਾ ਲੈ ਰਹੇ ਹਨ, ਜੋ ਕਿ ਅੰਡਰ-14, ਅੰਡਰ-17 ਅਤੇ ਅੰਡਰ-19 ਉਮਰ ਵਰਗਾਂ ਵਿੱਚ ਲੜਕਿਆਂ ਅਤੇ ਲੜਕੀਆਂ ਲਈ ਮੁਕਾਬਲਾ ਕਰ ਰਹੇ ਹਨ।

ਇਸ ਮੌਕੇ ਡਾਇਰੈਕਟਰ ਸੰਨੀ ਮਹਾਜਨ ਨੇ ਕਿਹਾ ਕਿ ਪ੍ਰਤਾਪ ਵਰਲਡ ਸਕੂਲ ਹਮੇਸ਼ਾਂ ਖੇਡਾਂ ਦੀ ਉਸ ਸ਼ਕਤੀ 'ਚ ਵਿਸ਼ਵਾਸ ਕਰਦਾ ਆਇਆ ਹੈ ਜੋ ਵਿਦਿਆਰਥੀਆਂ ਵਿੱਚ ਚਰਿੱਤਰ, ਅਨੁਸ਼ਾਸਨ ਅਤੇ ਨੇਤ੍ਰਤਵ ਦੀ ਵਿਕਾਸ ਕਰਦੀ ਹੈ।ਇਸ ਹਾਕੀ ਟੂਰਨਾਮੈਂਟ ਦੀ ਮੇਜ਼ਬਾਨੀ ਕਰਨਾ ਸਾਡੇ ਲਈ ਮਾਣ ਦੀ ਗੱਲ ਹੈ, ਕਿਉਂਕਿ ਇਹ ਨੌਜਵਾਨ ਖਿਡਾਰੀਆਂ ਨੂੰ ਭਾਰਤ ਦੇ ਰਾਸ਼ਟਰੀ ਖੇਡ ਪ੍ਰਤੀ ਆਪਣੀ ਲਗਨ ਅਤੇ ਪ੍ਰਤਿਭਾ ਦਰਸਾਉਣ ਦਾ ਮੰਚ ਦਿੰਦਾ ਹੈ।ਪ੍ਰਿੰ. ਸੁਭਰਾ ਰਾਣੀ ਨੇ ਕਿਹਾ ਕਿ ਸਾਨੂੰ ਬਹੁਤ ਖੁਸ਼ੀ ਹੈ ਕਿ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਤੋਂ ਇੰਨੀ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਇਸ ਵਿੱਚ ਭਾਗ ਲਿਆ ਹੈ।

ਅਜਿਹੇ ਆਯੋਜਨ ਸਿਰਫ਼ ਸਿਹਤਮੰਦ ਮੁਕਾਬਲੇ ਨੂੰ ਹੀ ਉਤਸ਼ਾਹਤ ਨਹੀਂ ਕਰਦੇ, ਸਗੋਂ ਵਿਦਿਆਰਥੀਆਂ ਵਿੱਚ ਟੀਮ ਵਰਕ, ਸੰਘਰਸ਼ ਅਤੇ ਖੇਡ ਭਾਵਨਾ ਵਰਗੇ ਸੰਸਕਾਰ ਵੀ ਪੈਦਾ ਕਰਦੇ ਹਨ।

# ਆਈ.ਟੀ.ਆਈ. ਰੈਗੂਲਰ ਇੰਸਟਰੱਕਟਰ ਭਰਤੀ ਪ੍ਰਕਿਰਿਆ ਨੂੰ ਪੂਰਾ ਕਰਨ ਦੀ ਮੰਗ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬ ਦੇ ਹਜ਼ਾਰਾਂ ਬੇਰੁਜ਼ਗਾਰ ਕਰਾਫਟ ਇੰਸਟਰਕਟਰ (ਸੀ ਟੀ ਆਈ ਹੋਲਡਰ) ਪਿਛਲੇ ਲਗਭਗ 12 ਸਾਲਾਂ ਤੋਂ ਸਰਕਾਰੀ ਨੌਕਰੀ ਦੀ ਉਡੀਕ ਕਰ ਰਹੇ ਹਨ। ਇੰਸਟ੍ਰਕਟਰਾਂ ਦੀ ਰੈਗੂਲਰ ਭਰਤੀ ਨਾ ਹੋਣ ਕਾਰਨ ਜਿੱਥੇ ਨੌਜਵਾਨਾਂ ਵਿੱਚ ਨਿਰਾਸ਼ਾ ਪੈਦਾ ਹੋ ਰਹੀ ਹੈ, ਉਥੇ ਹੀ ਸਰਕਾਰੀ ਸਰਕਾਰੀ ਤਕਨੀਕੀ ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਸਿੱਖਿਆ ਦੀ ਗੁਣਵੱਤਾ ਵੀ ਪ੍ਰਭਾਵਿਤ ਹੋ ਰਹੀ ਹੈ।ਇਸ ਸਬੰਧ ਵਿੱਚ ਰਣਜੀਤ ਸਿੰਘ, ਰਾਜੇਸ਼ ਕੁਮਾਰ ,ਗੁਰਜੰਟ ਸਿੰਘ, ਨਿਰਵੈਰ ਸਿੰਘ, ਜਸਵੀਰ ਸਿੰਘ ਅਤੇ ਅੰਗਰੇਜ਼ ਸਿੰਘ ਸਮੇਤ ਕਈ ਸੀ ਟੀ ਆਈ ਹੋਲਡਰਾਂ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਤਕਨੀਕੀ ਸਿੱਖਿਆ ਤੇ ਉਦਯੋਗ ਸਿਖਲਾਈ ਵਿਭਾਗ, ਪੰਜਾਬ ਅਤੇ ਪੰਜਾਬ ਸਰਕਾਰ ਦਾ ਧਿਆਨ ਇੱਕ ਗੰਭੀਰ ਮੁੱਦੇ ਵੱਲ ਖਿੱਚਣਾ ਚਾਹੁੰਦੇ ਹਾਂ ਕਿ 2013 ਤੋਂ ਬਾਅਦ ਪੰਜਾਬ ਵਿੱਚ ਕੋਈ ਵੀ ਰੈਗੂਲਰ ਕਰਾਫਟ ਇੰਸਟਰਕਟਰ ਭਰਤੀ ਨਹੀਂ ਹੋਈ। 31 ਮਈ 2023 ਨੂੰ 831 ਇੰਸਟਰਕਟਰ ਪੋਸਟਾਂ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਪਰ ਉਸ ਪ੍ਰਕਿਰਿਆ ਨੂੰ ਅਜੇ ਤੱਕ ਅੱਗੇ ਨਹੀਂ ਵਧਾਇਆ ਗਿਆ।

ਇਸ ਤੋਂ ਇਲਾਵਾ, ਪੰਜਾਬ ਸਰਕਾਰ ਨੇ ਆਈ ਟੀ ਆਈ ਦੀਆਂ ਸੀਟਾਂ 35,000 ਤੋਂ ਵਧਾ ਕੇ 52,000 ਕਰ ਦਿੱਤੀਆਂ ਹਨ ਅਤੇ 814 ਨਵੇਂ ਟ੍ਰੇਡ ਸ਼ੁਰੂ ਕੀਤੇ ਹਨ। ਸਟੂਡੈਂਟਸ ਦੀ ਗਿਣਤੀ ਵੱਧਣ ਦੇ ਬਾਵਜੂਦ ਅਜੇ ਵੀ ਰੈਗੂਲਰ ਇੰਸਟਰਕਟਰਾਂ ਦੀ ਘਾਟ ਹੈ।

# ਹਲਕਾ ਮਜੀਠਾ ਵਿੱਚ ਵਿਕਾਸ ਕਾਰਜਾਂ ਨੂੰ ਮਿਲੇਗੀ ਨਵੀਂ ਰ.ਫਤਾਰ : ਤਲਬੀਰ ਸਿੰਘ ਗਿੱਲ

ਮਜੀਠਾ (ਸੋਇਮ ਆਨੰਦ)-ਹਲਕਾ ਮਜੀਠਾ ਦੇ ਪਿੰਡ ਰਮਾਣਾ ਚੱਕ ਵਿਖੇ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਛੋਟੇ ਸਮੇਂ ਵਿੱਚ ਲੋਕਾਂ ਲਈ ਕਈ ਇਤਿਹਾਸਕ ਫ਼ੈਸਲੇ ਕੀਤੇ ਹਨ। ਇਹ ਸਰਕਾਰ ਆਮ ਲੋਕਾਂ ਦੀਆਂ ਆਸਾਂ ਨੂੰ ਪੂਰਾ ਕਰਨ ਲਈ ਰਾਤ-ਦਿਨ ਕੰਮ ਕਰ ਰਹੀ ਹੈ।ਗਿੱਲ ਨੇ ਕਿਹਾ ਕਿ ਪੰਜਾਬ ਵਿੱਚ ਬਿਜਲੀ ਬਿੱਲਾਂ ਦੇ ਬੋਝ ਤੋਂ ਲੋਕਾਂ ਨੂੰ ਰਾਹਤ



ਦਿੱਤੀ ਗਈ ਹੈ ਅਤੇ ਘਰਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਮਿਲ ਰਹੀ ਹੈ।ਇਸ ਨਾਲ ਕਈ ਗਰੀਬ ਅਤੇ ਮੱਧਵਰਗੀ ਪਰਿਵਾਰਾਂ ਦਾ ਘਰੇਲੂ ਬਜਟ ਸੰਭਾਲਿਆ ਹੈ।ਸਕੂਲਾਂ ਵਿੱਚ ਸਕੂਲ ਆਫ਼ ਐਮੀਨੈਂਸ ਦੀ ਸਥਾਪਨਾ ਕਰਕੇ ਬੱਚਿਆਂ ਲਈ ਉੱਚ ਗੁਣਵੱਤਾ ਵਾਲੀ ਸਿੱਖਿਆ ਦੀ ਸੁਵਿਧਾ ਯਕੀਨੀ ਬਣਾਈ ਗਈ ਹੈ। ਸਿਹਤ ਖੇਤਰ ਵਿੱਚ ਆਮ ਲੋਕਾਂ ਨੂੰ ਇਲਾਜ ਨੇੜੇ ਹੀ ਮਿਲੇ, ਇਸ ਲਈ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ।ਉਹਨਾਂ ਨੇ ਕਿਹਾ ਕਿ ਹਲਕਾ ਮਜੀਠਾ ਵਿੱਚ ਵੀ ਵਿਕਾਸ ਨੂੰ ਨਵੀਂ ਰਫ਼ਤਾਰ ਦੇਣ ਲਈ ਖ਼ਾਸ ਯੋਜਨਾ ਬਣਾਈ ਗਈ ਹੈ ਜਿਸ ਵਿੱਚ ਸੜਕਾਂ ਦਾ ਨਵੀਨੀਕਰਨ, ਪੀਣ ਵਾਲੇ ਪਾਣੀ ਦੀ ਸਹੂਲਤ ਅਤੇ ਖੇਡ ਮੈਦਾਨਾਂ ਦੀ ਨਵੀਨੀਕਰਨ ਸ਼ਾਮਲ ਹੈ। ਉਨ੍ਹਾਂ ਨੇ ਕਿਹਾ ਕਿ ਹੜ੍ਹਾਂ ਨਾਲ ਨੁਕਸਾਨ ਝੱਲਣ ਵਾਲੇ ਪਰਿਵਾਰਾਂ ਦੀ ਸਹਾਇਤਾ ਲਈ ਮੁੱਖ ਮੰਤਰੀ ਵਲੋਂ ਵੱਡੇ ਪੱਧਰ 'ਤੇ ਕੰਮ ਸ਼ੁਰੂ ਹੋ ਚੁੱਕਾ ਹੈ।ਹਰ ਪੀੜਤ ਪਰਿਵਾਰ ਨੂੰ ਮੁੜ ਖੜ੍ਹਾ ਕਰਨ ਲਈ ਪੰਜਾਬ ਸਰਕਾਰ ਵਚਨਬੱਧ ਹੈ।

# ਆਰ. ਡੀ. ਖੋਸਲਾ ਸਕੂਲ ਵੱਲੋਂ ਪਾਵਰਲਿਫਟਿੰਗ ਟੂਰਨਾਮੈਂਟ 'ਚ ਅੱਵਲ ਸਥਾਨ ਹਾਸਲ

**ਬਟਾਲਾ (ਤਰਲੋਕ ਬੱਗਾ)**-ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਪੰਜਾਬ ਸਕੂਲ ਖੇਡਾਂ ਪਾਵਰਲਿਫਟਿੰਗ ਜ਼ਿਲ੍ਹਾ ਟੂਰਨਾਮੈਂਟ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਰੁਦਰ ਰੇਹਾਨ, ਦਕਸ਼, ਰਾਘਵ ਅਤੇ ਕਰਨ ਦੀ ਟੀਮ ਨੇ ਅੰਡਰ-19 ਵਰਗ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਗਗਨ ਯੁਵਰਾਜ ਸਿੰਘ ਨੇ ਅੰਡਰ-19 ਵਰਗ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੈ ਖੋਸਲਾ, ਪ੍ਰਿੰ. ਡਾ. ਬਿੰਦੂ ਭੱਲਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਸਫਲਤਾ ਉਨ੍ਹਾਂ ਦੀ ਸਖ਼ਤ ਮਿਹਨਤ, ਸਮਰਪਣ ਅਤੇ ਟੀਮ ਭਾਵਨਾ ਦਾ ਨਤੀਜਾ ਹੈ।ਉਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਅਤੇ ਟੀਮ ਕੋਚ ਤਰਲੋਕ ਸਿੰਘ, ਰਾਜਬੀਰ ਸਿੰਘ ਅਤੇ ਸ੍ਰੇਸ਼ਠਾ ਸ਼ਰਮਾ ਦੀ ਸ਼ਾਨਦਾਰ ਸਿਖਲਾਈ ਅਤੇ ਮਾਰਗਦਰਸ਼ਨ ਲਈ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਖੇਡਾਂ ਵਿੱਚ ਅਜਿਹੀਆਂ ਪ੍ਰਾਪਤੀਆਂ ਨਾ ਸਿਰਫ਼ ਵਿਦਿਆਰਥੀਆਂ ਦੇ ਸਰੀਰਕ ਵਿਕਾਸ ਵਿੱਚ ਯੋਗਦਾਨ ਪਾਉਂਦੀਆਂ ਹਨ ਸਗੋਂ ਉਨ੍ਹਾਂ ਦੇ ਆਤਮਵਿਸ਼ਵਾਸ ਅਤੇ ਅਗਵਾਈ ਦੇ ਹੁਨਰ ਨੂੰ ਵੀ ਮਜ਼ਬੂਤ ਕਰਦੀਆਂ ਹਨ।ਅਜਿਹੇ ਟੂਰਨਾਮੈਂਟ ਵਿਦਿਆਰਥੀਆਂ ਨੂੰ ਆਪਣੀ ਸਮਰੱਥਾ ਅਤੇ ਦ੍ਰਿੜ੍ਹਤਾ ਦਾ ਪ੍ਰਦਰਸ਼ਨ ਕਰਨ ਲਈ ਇੱਕ ਵਧੀਆ ਪਲੇਟਫਾਰਮ ਪ੍ਰਦਾਨ ਕਰਦੇ ਹਨ।



# ਬਿਰਧ ਆਸ਼ਰਮ ਝਾਖੋਲਾਹੜੀ ਦੀ ਸੁਪਰਡੈਂਟ ਅੰਜਲੀ ਸ਼ਰਮਾ ਸਨਮਾਨਿਤ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਬਜ਼ੁਰਗਾਂ ਦਾ ਵਿਹੜਾ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਪਠਾਨਕੋਟ ਜੋ ਕਿ ਪਿਛਲੇ ਪੰਜ ਸਾਲਾਂ ਤੋਂ ਮਾਨਵਤਾ ਦੀ ਸੇਵਾ ਵਿੱਚ ਯੋਗਦਾਨ ਦਿੰਦਾ ਆ ਰਿਹਾ ਹੈ, ਵਿੱਚ ਲਗਭਗ 350 ਤੋਂ ਜ਼ਿਆਦਾ ਬਜ਼ੁਰਗਾਂ ਨੂੰ ਸਹਾਰਾ ਦਿੱਤਾ ਗਿਆ ਹੈ ਅਤੇ 325 ਬਜ਼ੁਰਗਾਂ ਦਾ ਪਰਿਵਾਰ ਨਾਲ ਸਮਝੌਤਾ ਕਰਵਾ ਕੇ ਉਨ੍ਹਾਂ ਨੂੰ ਘਰ ਵਾਪਸ ਵੀ ਭੇਜਿਆ ਗਿਆ ਹੈ।ਇਸ ਤੋਂ ਇਲਾਵਾ ਇਥੇ ਪੰਜ ਤੋਂ ਛੇ ਬਜ਼ੁਰਗਾਂ ਦੀ ਮੌਤ ਵੀ ਹੋ ਗਈ ਹੈ ਜਿਨ੍ਹਾਂ ਦਾ ਸੰਸਕਾਰ ਵੀ ਆਸ਼ਰਮ ਪ੍ਰਬੰਧਕਾਂ ਵੱਲੋਂ ਕੀਤਾ ਗਿਆ।ਇਸ ਸੇਵਾ ਨੂੰ ਦੇਖਦੇ ਹੋਏ ਲੋਕ



ਸੇਵਾ ਦਲ ਸੋਸਾਇਟੀ ਤੇ ਬੰਦਾ ਸਿੰਘ ਬਹਾਦਰ ਸੋਸਾਇਟੀ ਦੀਨਾਨਗਰ ਵੱਲੋਂ ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸੋਸਾਇਟੀ ਮੈਂਬਰਾਂ ਦਾ ਆਸ਼ਰਮ ਪ੍ਰਬੰਧਕਾਂ ਵੱਲੋਂ ਤਹਿ ਦਿਲੋਂ ਧੰਨਵਾਦ ਕੀਤਾ ਗਿਆ।ਇਸ ਮੌਕੇ ਆਸ਼ਰਮ ਸਮੂਹ ਮੈਨੇਜਮੈਂਟ ਪ੍ਰਧਾਨ ਸਤਨਾਮ ਸਿੰਘ, ਸੁਪਰਡੈਂਟ ਅੰਜਲੀ ਸ਼ਰਮਾ, ਸਟਾਫ ਮੈਂਬਰ ਸਵਿਤਾ, ਪ੍ਰੀਆ, ਕਮਲੇਸ਼, ਰਾਜ ਰਾਣੀ, ਪੂਜਾ, ਕੁਲਵਿੰਦਰ ਕੌਰ, ਵਿਪੰਨ ਕੁਮਾਰ, ਰਮੇਸ਼ ਚੰਦਰ, ਲੋਕ ਸੇਵਾ ਦਲ ਸੋਸਾਇਟੀ ਪ੍ਰਧਾਨ ਸੁਖਵਿੰਦਰ ਸਿੰਘ ਪਾਹੜਾ ਤੇ ਸਮੂਹ ਟੀਮ ਮੌਜੂਦ ਸਨ।

# ਭੱਟੀਆਂ 'ਚ ਲੱਗੇ ਮੁਫਤ ਮੈਡੀਕਲ ਜਾਂਚ ਕੈਂਪ ਦਾ ਸੈਂਕੜੇ ਲੋਕਾਂ ਨੇ ਲਾਹਾ ਖੱਟਿਆ

ਗੁਰਦਾਸਪੁਰ (ਜਨਕ ਮਹਾਜਨ)- ਪੀ. ਐਚ. ਸੀ. ਰਣਜੀਤ ਬਾਗ ਅਧੀਨ ਪੈਂਦੀ ਡਿਸਪੈਂਸਰੀ ਗੋਹਤ ਪੋਕਰ ਦੇ ਸਟਾਫ ਵੱਲੋਂ ਪਿੰਡ ਭੱਟੀਆਂ ਵਿਖੇ ਸਿਹਤ ਸਹੂਲਤਾਂ ਨੂੰ ਮੁੱਖ ਰੱਖਦੇ ਹੋਏ ਦਾ ਕੈਂਪ ਲਗਾ ਕੇ 70 ਦੇ ਕਰੀਬ ਮਰੀਜ਼ਾਂ ਦੇ ਵੱਖ-ਵੱਖ ਬਿਮਾਰੀਆਂ ਦਾ ਚੈੱਕਅਪ ਕੀਤਾ। ਦਵਾਈਆਂ ਵੀ ਦਿੱਤੀਆਂ ਗਈਆਂ। ਸੀ. ਐਚ. ਓ. ਦਲਜੀਤ ਕੌਰ ਐੱਮ.ਪੀ. ਐਚ. ਡਬਲਯੂ ਬਲਦੇਵ ਸਿੰਘ ਨੇ ਦੱਸਿਆ ਕਿ ਪੰਜਾਬ ਅੰਦਰ ਆਏ ਭਿਆਨਕ ਹੜ੍ਹਾਂ ਨਾਲ ਪਿੰਡਾਂ ਵਿਚ



ਕੀੜੇ ਮਕੌੜੇ ਤੇ ਕਈ ਨੀਵੀਆਂ ਥਾਵਾਂ 'ਤੇ ਪਾਣੀ ਖੜ੍ਹਾ ਹੋਣ ਨਾਲ ਲੋਕਾਂ ਨੂੰ ਮਲੇਰੀਆ ਤੇ ਹੋਰ ਬਿਮਾਰੀਆਂ ਤੋਂ ਬਚਾਉਣ ਵਾਸਤੇ ਸੀਨੀਅਰ ਮੈਡੀਕਲ ਅਫਸਰ ਰਣਜੀਤ ਬਾਗ ਡਾਕਟਰ ਅਨੀਤਾ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮੈਡੀਕਲ ਕੈਂਪ ਲਗਾ ਕੇ ਹਰ ਤਰ੍ਹਾਂ ਦੀ ਬਿਮਾਰੀ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦੀ ਰਿਪੋਰਟ ਆਉਣ 'ਤੇ ਸਰਕਾਰੀ ਹਸਪਤਾਲ ਗੁਰਦਾਸਪੁਰ ਇਲਾਜ ਵੀ ਕਰਵਾਇਆ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਆਸ਼ਾ ਵਰਕਰ ਹਰਜੀਤ, ਸੁਪਰਵਾਈਜ਼ਰ ਰੰਜੂ ਬਾਲਾ ਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

# ਜੀ ਆਰ ਡੀ ਕੌਨਵੈਂਟ ਸੀਨੀਅਰ ਸੈਕੰਡਰੀ ਸਕੂਲ ਨੇ ਮਨਾਇਆ ਵਿਸ਼ਵ ਪੰਜਾਬੀ ਦਿਹਾੜਾ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਜੀ ਆਰ ਡੀ ਕੌਨਵੈਂਟ ਸੀਨੀਅਰ ਸੈਕੰਡਰੀ ਸਕੂਲ ਅਜਨਾਲਾ ਵੱਲੋਂ ਵਿਸ਼ਵ ਪੰਜਾਬੀ ਦਿਵਸ ਮਨਾਇਆ ਗਿਆ।ਇਹ ਦਿਵਸ ਪੂਰੇ ਵਿਸ਼ਵ ਵਿੱਚ ਪਹਿਲੀ ਵਾਰ ਬੜੇ ਧੂਮ ਧਾਮ ਦੇ ਨਾਲ ਮਨਾਇਆ ਗਿਆ।ਪੰਜਾਬੀ ਬੋਲੀ ਨੂੰ ਹੱਕ ਦੇਣ ਲਈ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਬਾਬਾ ਫਰੀਦ ਦੇ ਆਗਮਨ ਦਿਵਸ ਨੂੰ ਸਮਰਪਿਤ ਵਿਸ਼ਾ ਪੰਜਾਬੀ ਦਿਵਸ ਨੂੰ 23 ਸਤੰਬਰ ਨੂੰ ਮਨਾਉਣ ਲਈ ਫੈਸਲਾ ਕੀਤਾ ਗਿਆ।ਇਸ ਫੈਸਲੇ ਨੂੰ ਮੁੱਖ ਰੱਖਦਿਆਂ ਹੋਇਆਂ ਜੀ ਆਰ ਡੀ ਕੌਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਮੁਖੀ ਗੁਰਦਰਸ਼ਨ ਬਜਾਜ, ਐੱਮਡੀ ਸੰਤੋਸ਼ ਬਜਾਜ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਪੰਜਾਬੀ ਪਹਿਰਾਵਾ ਪਾਇਆ ਗਿਆ ਅਤੇ ਸਕੂਲ ਵਿੱਚ ਪੰਜਾਬੀ ਭਾਸ਼ਾ ਵਿੱਚ ਹੀ ਗੱਲਬਾਤ ਕਰਨ ਦਾ ਢੰਗ ਅਪਣਾਇਆ ਗਿਆ।ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪੋਸਟਰ ਵੀ ਬਣਾਏ।ਕਵਿਤਾ ਉਚਾਰਨ, ਭਾਸ਼ਣ ਮੁਕਾਬਲਾ ਤੇ ਨਿਬੰਧ/ਕਹਾਣੀ ਲੇਖਣ ਕੀਤਾ ਗਿਆ।ਪੰਜਾਬੀ ਭਾਸ਼ਾ ਵਿੱਚ ਨਾਰਾ ਲੇਖਣ ਗੀਤ ਸੰਗੀਤ ਵੀ ਕਰਵਾਇਆ ਗਿਆ।ਵਿਦਿਆਰਥੀਆਂ ਦਾ ਅਨੁਵਾਦ ਮੁਕਾਬਲਾ, ਸ਼ਬਦ ਜੋੜ ਮੁਕਾਬਲਾ, ਬੋਲ ਲਿਖਤ, ਸਵਾਲ ਜਵਾਬ ਮੁਕਾਬਲਾ ਵੀ ਕਰਵਾਇਆ ਗਿਆ।ਪ੍ਰਿੰ. ਗੁਰਦਰਸ਼ਨ ਬਜਾਜ ਨੇ ਸਾਰਿਆਂ ਨੂੰ ਵਿਸ਼ਵ ਪੰਜਾਬੀ ਦਿਵਸ ਦੀਆਂ ਵਧਾਈਆਂ ਦਿੱਤੀਆਂ।ਐੱਮਡੀ ਸੰਤੋਸ਼ ਬਜਾਜ, ਗੁਰਜਿੰਦਰ, ਹਰਦੀਪ, ਦਿਲਪ੍ਰੀਤ, ਰੇਨੂ, ਕਵਿਤਾ, ਭਾਵਨਾ, ਹਰਜੋਤ, ਬਲਜਿੰਦਰ ਮੈਮ, ਮਨਪ੍ਰੀਤ ਕੌਰ, ਮਨਪ੍ਰੀਤ ਕੌਰ, ਸੁਖਰਾਜ ਕੌਰ, ਲਵਪ੍ਰੀਤ ਕੌਰ, ਗੁਰਪ੍ਰੀਤ ਕੌਰ, ਜਸਦੀਪ ਕੌਰ, ਰਵਿੰਦਰ ਕੌਰ ਨੀਲਮ ਮੈਡਮ, ਪ੍ਰਭਜੋਤ ਕੌਰ, ਸਿਮਰ, ਰਜਿੰਦਰ ਮੈਡਮ ਆਦਿ ਸ਼ਾਮਿਲ ਸਨ।

# ਇੰਪਲਾਈਜ਼ ਫੈਡਰੇਸ਼ਨ ਨੂੰ ਛੱਡ ਕੇ ਟੀ. ਐੱਸ. ਯੂ. 'ਚ ਸ਼ਾਮਲ



**ਪੱਟੀ (ਸ਼ਮਸ਼ੇਰ ਸਿੰਘ ਯੋਧਾ)**-ਸਬ ਡਵੀਜ਼ਨ ਸਿਟੀ ਪੱਟੀ ਵਿਖੇ ਆਰ. ਏ. ਕਰਮ ਸਿੰਘ ਅਤੇ ਲਖਵੰਤ ਸਿੰਘ ਦਿਓਲ ਦੀ ਰਹਿਨੁਮਾਈ ਹੇਠ ਬਿਜਲੀ ਵਿਭਾਗ ਦੇ ਕੁੱਝ ਕਰਮਚਾਰੀਆਂ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।

ਇਸ ਮੀਟਿੰਗ ਦੌਰਾਨ ਲਖਵੰਤ ਸਿੰਘ ਦਿਓਲ ਸਕੱਤਰ ਟੀਐੱਸਯੂ ਰਜਿ. ਨੰ 49 ਮੈਂਬਰ ਜੁਆਇੰਟ ਫੋਰਮ ਦੀ ਰਹਿਨੁਮਾਈ ਹੇਠ ਅਤੇ ਗੁਰਜੀਤ ਸਿੰਘ ਬਰਵਾਲਾ, ਹਰਮਨਪ੍ਰੀਤ ਸਿੰਘ ਵਰਨਾਲਾ, ਕਰਨਜੀਤ ਸਿੰਘ ਗਜ਼ਲ ਦੇ ਪ੍ਰੇਰਨਾ ਸਦਕਾ ਆਰ. ਏ. ਕਰਮ ਸਿੰਘ ਸਭਰਾ, ਜੋਧਬੀਰ ਸਿੰਘ, ਗੁਰਪ੍ਰੀਤ ਸਿੰਘ, ਪਰਦੀਪ ਕੌਰ, ਗੁਰਸਿਮਰਨਪ੍ਰੀਤ ਕੌਰ, ਪਰਮਜੀਤ ਸਿੰਘ, ਕੰਵਲਜੀਤ ਸਿੰਘ ਵੱਲੋਂ ਇੰਪਲਾਈਜ਼ ਫੈਡਰੇਸ਼ਨ ਨੂੰ ਪੱਕੇ ਤੌਰ ਤੇ ਛੱਡ ਕੇ ਟੀ. ਐੱਸ. ਯੂ. ਰਜਿ. ਨੰ.49 ਵਿੱਚ ਸ਼ਾਮਲ ਹੋਏ।ਇਸ ਦੌਰਾਨ ਲਖਵੰਤ ਸਿੰਘ ਦਿਓਲ ਨੇ ਕਿਹਾ ਕਿ ਸਾਡੀ ਜਥੇਬੰਦੀ ਵਿੱਚ ਸ਼ਾਮਲ ਹੋਏ ਸਾਰੇ ਸਾਥੀਆਂ ਦਾ ਕਿਸੇ ਵੀ ਤਰ੍ਹਾਂ ਦਾ ਕੋਈ ਕੰਮ ਹੋਵੇਗਾ ਤਾਂ ਉਹ ਪਹਿਲ ਦੇ ਅਧਾਰ 'ਤੇ ਕਰਵਾਇਆ ਜਾਵੇਗਾ ਅਤੇ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ।

ਇਸ ਮੌਕੇ ਕਰਨਬੀਰ ਸਿੰਘ ਭੁੱਲਰ ਮੀਤ ਪ੍ਰਧਾਨ ਬਾਰਡਰ ਜ਼ੋਨ ਅੰਮ੍ਰਿਤਸਰ, ਹਰੀਸ਼ ਕੁਮਾਰ ਸੋਨੀ, ਸਰਵਨ ਸਿੰਘ ਮੀਤ ਪ੍ਰਧਾਨ, ਅੰਮ੍ਰਿਤਬੀਰ ਸਿੰਘ ਘਰਿਆਲਾ ਅਤੇ ਦਵਿੰਦਰ ਸਿੰਘ ਆਦਿ ਕਰਮਚਾਰੀ ਹਾਜ਼ਰ ਸਨ।

24 Sep Page 12.qxd 9/23/2025 9:47 PM Page 1



# ਬਾਬਾ ਸ਼ੇਖ਼ ਫ਼ਰੀਦ ਜੀ ਦੇ ਆਗਮਨ ਪੁਰਬ ਤੇ ਫ਼ਰੀਦਕੋਟ ਤੋਂ ਐਲਿਗਜ਼ੈਂਡਰ ਡਿਸੂਜ਼ਾ ਦਾ ਵਿਸ਼ੇਸ਼ ਸਪਲੀਮੈਂਟ











































## ਦ ਨੋਰਵੁੱਡ ਸਕੂਲ ਦੇ 33 ਵਿਦਿਆਰਥੀਆਂ ਦੀ ਸਟੇਟ ਲਈ ਚੋਣ



**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਰਾਜ ਜੋਨਲ ਖੇਡ ਮੁਕਾਬਲਿਆਂ ਵਿੱਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਦੀ ਬਦੌਲਤ ਦ ਨੋਰਵੁੱਡ ਸਕੂਲ ਦੇ 33 ਵਿਦਿਆਰਥੀਆਂ ਦੀ ਸਟੇਟ ਲਈ ਚੋਣ ਹੋਣ ਕਰਕੇ ਸਕੂਲ ਵਿੱਚ ਖ਼ੁਸ਼ੀ ਦਾ ਮਾਹੌਲ ਹੈ। ਸਕੂਲ ਮੈਨੇਜਮੈਂਟ ਨੇ ਦੱਸਿਆ ਕਿ ਵਾਲੀਬਾਲ (ਲੜਕੇ) ਅੰਡਰ-14 ਤੀਜਾ ਸਥਾਨ ਤੇ 2 ਖਿਡਾਰੀ ਸਟੇਟ ਲਈ ਚੁਣੇ ਗਏ, ਵਾਲੀਬਾਲ (ਲੜਕੇ) ਅੰਡਰ-17 ਤੀਜਾ ਸਥਾਨ ਤੇ 2 ਖਿਡਾਰੀ ਸਟੇਟ ਲਈ ਚੁਣੇ ਗਏ, ਕ੍ਰਿਕਟ (ਲੜਕੇ) ਅੰਡਰ-17 ਚੋਂ 2 ਖਿਡਾਰੀ ਸਟੇਟ ਲਈ ਚੁਣੇ ਗਏ, ਕ੍ਰਿਕਟ (ਲੜਕੇ) ਅੰਡਰ-14 ਚੋਂ 1 ਖਿਡਾਰੀ ਸਟੇਟ ਲਈ ਚੁਣਿਆ ਗਿਆ, ਫੁੱਟਬਾਲ (ਲੜਕੇ) ਅੰਡਰ-14 ਚੋਂ 1 ਖਿਡਾਰੀ ਸਟੇਟ ਲਈ ਚੁਣਿਆ ਗਿਆ, ਲਾਨ ਟੈਨਿਸ(ਲੜਕੇ) ਅੰਡਰ-17 ਚੋਂ 2 ਖਿਡਾਰੀ ਸਟੇਟ ਲਈ ਚੁਣੇ ਗਏ, ਵਾਲੀਬਾਲ (ਲੜਕੀਆਂ) ਅੰਡਰ-14 ਦੂਜਾ ਸਥਾਨ ਤੇ 5 ਖਿਡਾਰੀ ਸਟੇਟ ਲਈ ਚੁਣੇ ਗਏ, ਵਾਲੀਬਾਲ (ਲੜਕੀਆਂ) ਅੰਡਰ-17 ਤੀਜਾ ਸਥਾਨ ਤੇ 3 ਖਿਡਾਰੀ ਸਟੇਟ ਲਈ ਚੁਣੇ ਗਏ, ਵਾਲੀਬਾਲ (ਲੜਕੀਆਂ) ਅੰਡਰ-19 ਤੀਜਾ ਸਥਾਨ ਤੇ 3 ਖਿਡਾਰੀ ਸਟੇਟ ਲਈ ਚੁਣੇ ਗਏ, ਬਾਸਕਿਟਬਾਲ (ਲੜਕੀਆਂ) ਅੰਡਰ-14 ਦੂਜਾ ਸਥਾਨ ਤੇ 4 ਖਿਡਾਰੀ ਸਟੇਟ ਲਈ ਚੁਣੇ ਗਏ, ਬਾਸਕਿਟਬਾਲ (ਲੜਕੀਆਂ) ਅੰਡਰ-17 ਤੀਜਾ ਸਥਾਨ ਤੇ 3 ਖਿਡਾਰੀ ਸਟੇਟ ਲਈ ਚੁਣੇ ਗਏ, ਲਾਨ ਟੈਨਿਸ (ਲੜਕੀਆਂ) ਅੰਡਰ-14 ਚੋਂ 5 ਖਿਡਾਰੀ ਸਟੇਟ ਲਈ ਚੁਣੇ ਗਏ। ਸਕੂਲ ਮੈਨੇਜਮੈਂਟ ਨੇ ਮਾਣ ਮਹਿਸੂਸ ਕਰਦੇ ਹੋਏ ਦੱਸਿਆ ਕਿ ਇਹ ਵਿਦਿਆਰਥੀਆਂ ਤੇ ਕੋਚਿਸ ਦੀ ਮਿਹਨਤ ਦਾ ਹੀ ਨਤੀਜਾ ਹੈ ਤੇ ਸਾਡਾ ਮਕਸਦ ਪੜਾਈ ਦੇ ਨਾਲ-ਨਾਲ ਖੇਡਾਂ ਵਿੱਚ ਸਕੂਲ ਨੂੰ ਅੱਗੇ ਲੈ ਕੇ ਜਾਣਾ ਹੈ।

## ਡਿਪਟੀ ਸਪੀਕਰ ਵੱਲੋਂ ਕਈ ਸੜਕਾਂ ਦਾ ਉਦਘਾਟਨ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਪੇਂਡੂ ਢਾਂਚੇ ਅਤੇ ਕਨੈਕਟੀਵਿਟੀ ਨੂੰ ਮਜ਼ਬੂਤ ਕਰਨ ਵੱਲ ਵੱਡੇ ਕਦਮ ਦੇ ਤੌਰ 'ਤੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਗੜ੍ਹਸ਼ੰਕਰ ਹਲਕੇ ਦੇ ਵਿਧਾਇਕ ਸ. ਜੈ ਕ੍ਰਿਸ਼ਨ ਸਿੰਘ ਰੌੜੀ ਨੇ ਗੜ੍ਹਸ਼ੰਕਰ ਅਤੇ ਲੱਗਦੇ ਇਲਾਕਿਆਂ ਵਿੱਚ ਨਵੀਂ ਤਿਆਰ ਹੋਈਆਂ ਅਤੇ ਅਪਗ੍ਰੇਡ ਕੀਤੀਆਂ ਸੜਕਾਂ ਦਾ ਉਦਘਾਟਨ ਕੀਤਾ। ਉਦਘਾਟਨ ਕੀਤੀਆਂ ਮੁੱਖ ਸੜਕਾਂ ਵਿੱਚ ਸ਼ਾਮਲ ਹਨ ਬੋੜਾ ਤੋਂ ਥਾਣਾ ਸੜਕ, ਕੁੱਲੇਵਾਲ ਤੋਂ ਬਗਵਾਈਂ ਸੜਕ, ਘਾਗੋਂ ਗੁਰੂ ਤੋਂ ਮੁਕੰਦਪੁਰ ਸੜਕ, ਚੱਕ ਫੁੱਲੂ ਸੜਕ ਤੋਂ ਸਹੂੰਗੜਾ ਸੜਕ, ਨਵਾਂਸ਼ਹਿਰ ਸੜਕ ਤੋਂ ਰਸੂਲਪੁਰ ਬਸਿਆਲਾ, ਚੌਹੜਾ ਸੜਕ ਤੋਂ ਭੀਣ ਸੜਕ (ਐਸ ਬੀ ਐਸ ਨਗਰ), ਕਲੇਵਾਲ ਲੱਲੀਆਂ ਸੜਕ ਤੋਂ ਖਾਬੜਾ ਸੜਕ, ਮਾਹਿਲਪੁਰ ਤੋਂ ਖਾਬੜਾ ਸੜਕ, ਮਾਹਿਲਪੁਰ ਸੜਕ ਬਡੋਆਣ, ਸਰਦੂਲਾ ਪੁਰ ਤੇ ਪਾਲਦੀ ਸੜਕ ਸ਼ਾਮਿਲ ਹੈ। ਉਦਘਾਟਨ ਸਮਾਰੋਹ ਦੌਰਾਨ ਡਿਪਟੀ ਸਪੀਕਰ ਰੌੜੀ ਨੇ ਕਿਹਾ, ਅੱਜ ਗੜ੍ਹਸ਼ੰਕਰ ਵਿੱਚ ਵਿਕਾਸ ਦੇ ਨਵੇਂ ਯੁੱਗ ਦੀ ਸ਼ੁਰੂਆਤ ਹੈ। ਕੁਝ ਦਿਨਾਂ ਵਿੱਚ ਲੋਕ ਹੋਰ ਵਿਕਾਸ ਕਾਰਜਾਂ ਨੂੰ ਹਕੀਕਤ ਬਣਦੇ ਵੇਖਣਗੇ। ਇਸ ਮੌਕੇ ਸਮੂਹ ਗ੍ਰਾਮ ਪੰਚਾਇਤਾਂ, ਆਮ ਲੋਕਾਂ ਅਤੇ ਡਿਪਟੀ ਸਪੀਕਰ ਵਲੋਂ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ। ਉਹਨਾਂ ਨਾਲ ਓ ਐਸ ਡੀ ਤੇ ਹਲਕਾ ਸੰਗਠਨ ਇੰਚਾਰਜ ਚਰਨਜੀਤ ਸਿੰਘ ਚੰਨੀ, ਸਰਪੰਚ ਹਰਦੀਪ ਲੱਲੀਆ, ਗੁਰਭਾਗ ਸਿੰਘ ਭਾਗੀ , ਸਰਪੰਚ ਕੁਲਦੀਪ ਸਿੰਘ, ਸਰਪੰਚ ਸੁਮਨ ਬਾਲਾ, ਸਰਪੰਚ ਬਲਜਿੰਦਰ ਸਿੰਘ, ਸਰਪੰਚ ਓਂਕਾਰ ਸਿੰਘ, ਸਰਪੰਚ ਬਲਵਿੰਦਰ ਕੁਮਾਰ, ਸਰਪੰਚ ਸਰਪੰਚ ਸੰਤੋਸ਼, ਸਰਪੰਚ ਕਮਲਜੀਤ ਕੌਰ, ਨੰਬਰਦਾਰ ਪ੍ਰਦੀਪ ਲੋਈ, ਜਗਦੀਸ਼ ਕੌਰ, ਸਰਪੰਚ ਹਰਪਾਲ ਕੌਰ,ਬਲਾਕ ਪ੍ਰਧਾਨ ਤੇ ਸਮੂਹ ਪਿੰਡ ਵਾਸੀ ਹਾਜ਼ਰ ਸਨ।

## ਐੱਸ ਡੀ ਐੱਮ ਵੱਲੋਂ ਅਨਾਜ ਮੰਡੀ ਦੀ ਅਚਨਚੇਤ ਚੈਕਿੰਗ



**ਸ੍ਰੀ ਚਮਕੌਰ ਸਾਹਿਬ (ਅਮਰਜੀਤ ਸਿੰਘ ਕਲਸੀ)**- ਐਸ ਡੀ ਐਮ ਸ੍ਰੀ ਚਮਕੌਰ ਸਾਹਿਬ ਸ੍ਰੀ ਅਮਰੀਕ ਸਿੰਘ ਸਿੱਧੂ ਵਲੋਂ ਅਨਾਜ ਮੰਡੀ ਸ੍ਰੀ ਚਮਕੌਰ ਸਾਹਿਬ ਦੀ ਅਚਨਚੇਤ ਚੈਕਿੰਗ ਕੀਤੀ ਗਈ।ਚੈਕਿੰਗ ਦੌਰਾਨ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਹੋਏ ਮੌਕੇ ਤੇ ਪਾਇਆ ਗਿਆ ਕਿ ਮੰਡੀ ਵਿੱਚ ਲਗਭਗ ਕੁੱਲ 150 ਕੁਆਂਟਿਲ ਝੋਨੇ ਦੀ ਆਮਦ ਹੋ ਚੁੱਕੀ ਹੈ। ਐਸ ਡੀ ਐਮ ਸ੍ਰੀ ਚਮਕੌਰ ਸਾਹਿਬ ਵਲੋਂ ਹਦਾਇਤ ਕੀਤੀ ਕਿ ਕਿਸਾਨ ਆਪਣਾ ਝੋਨਾ/ਫਸਲ ਸੁੱਕਾ ਕੇ ਹੀ ਮੰਡੀਆਂ ਵਿੱਚ ਲਿਆਉਣ ਤਾਂ ਜੋ ਮੰਡੀਆਂ ਵਿੱਚ ਉਨ੍ਹਾਂ ਨੂੰ ਕੋਈ ਦਿੱਕਤ ਪੇਸ਼ ਨਾ ਆਏ।ਇਸ ਤੋਂ ਇਲਾਵਾ ਸਕੱਤਰ ਮਾਰਕਿਟ ਕਮੇਟੀ, ਸ੍ਰੀ ਚਮਕੌਰ ਸਾਹਿਬ ਨੂੰ ਹਦਾਇਤ ਕੀਤੀ ਕਿ ਸਬ ਡਵੀਜ਼ਨ ਸ੍ਰੀ ਚਮਕੌਰ ਸਾਹਿਬ ਦੀਆਂ ਸਾਰੀਆਂ ਅਨਾਜ ਮੰਡੀਆਂ ਵਿੱਚ ਸਫਾਈ ਦੇ ਪੁੱਖਤਾ ਪ੍ਰਬੰਧ ਯਕੀਨੀ ਕੀਤੇ ਜਾਣ, ਸਫਾਈ ਦੇ ਮਸਲੇ ਵਿੱਚ ਕੋਈ ਵੀ ਕੁਤਾਹੀ ਵਰਤੀ ਨਾ ਜਾਵੇ। ਇਸ ਮੌਕੇ ਚੈਅਰਮੈਨ ਮਾਰਕਿਟ ਕਮੇਟੀ, ਸ੍ਰੀ ਚਮਕੌਰ ਸਾਹਿਬ ਤੇ ਹੋਰ ਕਰਮਚਾਰੀ ਹਾਜ਼ਰ ਸਨ।

## ਕੰਧਾਲਾ ਜੱਟਾਂ ਵਿਖੇ ਵਿਸ਼ਾਲ ਭਗਵਤੀ ਜਾਗਰਣ ਹੋਇਆ



**ਅੱਡਾ ਸਰਾਂ (ਜਸਵੀਰ ਕਾਜਲ)**- ਮਾਂ ਸ਼ੇਰਾਂ ਵਾਲੀ ਚਿੰਤਪੁਰਨੀ ਜੀ ਨੂੰ ਸਮਰਪਿਤ 23ਵਾਂ ਵਿਸ਼ਾਲ ਭਗਵਤੀ ਜਾਗਰਣ ਪਿੰਡ ਕੰਧਾਲਾ ਜੱਟਾਂ ਵਿਖੇ ਹੀਰ ਪਰਵਾਰ ਵੱਲੋਂ ਕਰਵਾਇਆ ਗਿਆ ਜਿਸ ਵਿੱਚ ਪ੍ਰਵੀਨ ਰੰਗੀਲਾ ਅਤੇ ਜਾਗਰਨ ਪਾਰਟੀ ਨੇ ਮਾਤਾ ਦੀਆਂ ਭੇਟਾਂ ਦਾ ਗੁਣਗਾਨ ਕਰਦਿਆਂ ਮਾਤਾ ਦੀ ਮਹਿਮਾ ਗਾਈ। ਜਾਗਰਨ ਵਿੱਚ ਚਾਹ ਮਠਿਆਈਆਂ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਹੀਰ ਪਰਿਵਾਰ ਪ੍ਰਬੰਧਕ ਕਮੇਟੀ ਵਿੱਚ ਵਿੱਕੀ ਹੀਰ, ਗੁਰਪ੍ਰੀਤ ਹੀਰ, ਬਾਬਾ ਹਰਭਜਨ ਦਾਸ ਜੀ, ਬੋਬੀ, ਕਾਕੂ, ਰਾਣਾ ਹੀਰ, ਰਾਜਾ, ਕਾਨਤੀ ਅਮਰਜੀਤ ਹੀਰ, ਦਵਿੰਦਰ ਹੀਰ, ਜਸਵੀਰ ਨਿੱਕਾ,ਮਨੀ ਹੀਰ ਅਤੇ ਹੋਰ ਨਗਰ ਦੀਆਂ ਸੰਗਤਾਂ ਹਾਜ਼ਰ ਸਨ।

## ਭਗਵਾਨ ਰਾਮ ਦੀਆਂ ਸਿੱਖਿਆਵਾਂ ਨੂੰ ਬਣਾਇਆ ਜਾਵੇ ਜੀਵਨ-ਜਾਚ : ਗਿਲਜੀਆਂ



**ਅੱਡਾ ਸਰਾਂ/ ਟਾਂਡਾ (ਜਸਵੀਰ ਕਾਜਲ /ਉਂਕਾਰ ਸਿੰਘ)**- ਸ੍ਰੀ ਰਾਮਾ ਡਰਾਮੇਟਿਕ ਕਲੱਬ ਵੱਲੋਂ ਸਾਲਾਨਾ ਸ੍ਰੀ ਰਾਮਲੀਲਾ ਦਾ ਮੰਚਨ ਲਗਾਤਾਰ ਜਾਰੀ ਹੈ । ਬੀਤੀ ਰਾਤ ਰਾਮਲੀਲਾ ਦੀ ਚੌਥੀ ਨਾਈਟ ਦਾ ਉਦਘਾਟਨ ਮੁੱਖ ਮਹਿਮਾਨ ਸਾਬਕਾ ਕੈਬਨਿਟ ਮੰਤਰੀ ਪੰਜਾਬ ਸੰਗਤ ਸਿੰਘ ਗਿਲਜੀਆਂ ਨੇ ਕੀਤਾ । ਇਸ ਦੌਰਾਨ ਕਲੱਬ ਦੀ ਟੀਮ ਚੇਅਰਮੈਨ ਨਵਦੀਪ ਕੁਮਾਰ, ਪ੍ਰਧਾਨ ਵਿਕਾਸ ਮਦਾਨ, ਬ੍ਰਹਮ ਸੈਣੀ ਅਤੇ ਸੁਭਾਸ਼ ਰੇਹਾਨ ਨੇ ਸਾਬਕਾ ਮੰਤਰੀ ਗਿਲਜੀਆਂ ਅਤੇ ਉਨ੍ਹਾਂ ਦੀ ਟੀਮ ਦਾ ਸਨਮਾਨ ਕੀਤਾ । ਇਸ ਮੌਕੇ ਸਾਬਕਾ ਮੰਤਰੀ ਗਿਲਜੀਆਂ ਨੇ ਬੱਚਿਆਂ ਅਤੇ ਨੌਜਵਾਨ ਪੀੜੀ ਨੂੰ ਰਾਮਲੀਲਾ ਦੇ ਮੰਚਨ ਰਾਹੀਂ ਆਪਣੀ ਧਾਰਮਿਕ ਵਿਰਾਸਤ ਅਤੇ ਭਗਵਾਨ ਸ੍ਰੀ ਰਾਮ ਦੀਆਂ ਸਿੱਖਿਆਵਾਂ ਨਾਲ ਜੋੜਨ ਦੇ ਉਪਰਾਲੇ ਦੀ ਸਲਾਘਾ ਕੀਤੀ । ਉਨ੍ਹਾਂ ਆਖਿਆ ਕਿ ਰਾਮਲੀਲਾ ਨੂੰ ਮਹਿਜ ਡਰਾਮੇ ਦੇ ਰੂਪ ਵਿਚ ਵੇਖਣ ਦੀ ਬਜਾਏ ਮਰਯਾਦਾ ਪਰਸ਼ੋਤਮ ਸ੍ਰੀ ਭਗਵਾਨ ਸ੍ਰੀ ਰਾਮ ਜੀ ਦੀਆਂ ਸਿੱਖਿਆਵਾਂ ਨੂੰ ਜੀਵਨ ਜਾਚ ਬਣਾਉਂਣਾ ਚਾਹੀਦਾ ਹੈ । ਬੀਤੀ ਰਾਤ ਕਲੱਬ ਦੇ ਕਲਾਕਾਰਾਂ ਨੇ ਮਾਤਾ ਸੀਤਾ ਸਵੰਬਰ ਅਤੇ ਭਗਵਾਨ ਪਰਸ਼ੁਰਾਮ ਜੀ ਦੇ ਪ੍ਰਸੰਗ ਦਾ ਮੰਚਨ ਕੀਤਾ । ਇਸ ਮੌਕੇ ਇਸ ਮੌਕੇ ਨਗਰ ਕੌਂਸਲ ਪ੍ਰਧਾਨ ਗੁਰਸੇਵਕ ਮਾਰਸ਼ਲ, ਐੱਮ. ਸੀ.ਕ੍ਰਿਸ਼ਨ ਬਿੱਟੂ, ਲਾਡੀ ਵੈਦ, ਗੁਰਮੁਖ ਸਿੰਘ, ਬਾਬੂ ਰੂਪ ਲਾਲ, ਪਿੰਕੀ ਸੰਗਰ, ਜਸਵਿੰਦਰ ਕਾਕਾ, ਡਾ.ਬਲਦੇਵ ਰਾਜ, ਆਸ਼ੂ ਵੈਦ, ਸਨੀ ਪੰਡਿਤ, ਲਲਿਤ ਵੈਦ, ਸ਼ਿਵ ਪੰਮੀ, ਨਰਿੰਦਰ ਅਰੋੜਾ, ਪੰਕਜ ਸਚਦੇਵਾ, ਧੀਰਜ ਪੁਰੀ, ਮਨੂੰ, ਸ਼ੈਂਕੀ ਵਰਮਾ ਆਦਿ ਮੌਜੂਦ ਸਨ।

## ਕੇਂਦਰ ਤੇ ਸੂਬਾ ਸਰਕਾਰ ਮਹਾਰਾਜਾ ਅਗਰਸੇਨ ਦੇ ਦਿਖਾਏ ਮਾਰਗ 'ਤੇ ਚੱਲ ਰਹੀ : ਮੁੱਖ ਮੰਤਰੀ



**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਮਹਾਰਾਜਾ ਅਗਰਸੇਨ ਦੇ ਦਿਖਾਏ ਮਾਰਗ 'ਤੇ ਚੱਲ ਕੇ ਸੱਭਕਾ ਸਾਥ, ਸੱਭਕਾ ਵਿਕਾਸ ਦੀ ਨੀਤੀ 'ਤੇ ਚੱਲ ਰਹੀ ਹੈ। ਜਿਸ ਤਰ੍ਹਾ ਨਾਲ ਮਹਾਰਾਜਾ ਅਗਰਸੇਨ ਆਪਣੇ ਰਾਜ ਵਿੱਚ ਵੱਸਣ ਵਾਲੇ ਹਰ ਵਿਅਕਤੀ ਨੂੰ ਇੱਕ ਇੱਟ ਅਤੇ ਇੱਕ ਸੋਨੇ ਦੀ ਮੋਹਰ ਭੇਂਟ ਕਰ ਸਹਿਯੋਗ ਕਰਦੇ ਹਨ, ਉਨ੍ਹਾਂ ਦੀ ਇਸੀ ਸਮਾਵੇਸ਼ੀ ਅਤੇ ਦੂਰਗਾਮੀ ਸੋਚ ਨੂੰ ਆਧਾਰ ਬਣਾ ਕੇ ਸਰਕਾਰ ਆਪਣੀ ਯੋਜਨਾਵਾਂ ਨਾਲ ਹਰੇਕ ਵਿਅਕਤੀ ਨੂੰ ਆਤਮਨਿਰਭਰ ਬਨਾਉਣ ਦੀ ਦਿਸ਼ਾ ਵਿੱਚ ਕੰਮ ਕਰ ਰਹੀ ਹੈ। ਮੁੱਖ ਮੰਤਰੀ ਪੰਚਕੂਲਾ ਵਿੱਚ ਹਰਿਆਣਾ ਸਰਕਾਰ ਦੀ ਸੰਤ ਮਹਾਪੁਰਸ਼ ਸਨਮਾਨ ਅਤੇ ਵਿਚਾਰ ਪ੍ਰਸਾਰ ਯੋਜਨਾ ਤਹਿਤ ਆਯੋਜਿਤ ਮਹਾਰਾਜਾ ਅਗਰਸੇਨ ਜੈਯੰਤੀ ਵਿੱਚ ਬਤੌਰ ਮੁੱਖ ਮਹਿਮਾਨ ਸੰਬੋਧਿਤ ਕਰ ਰਹੇ ਸਨ।

### ਜਨਮ ਦਿਨ ਮੁਬਾਰਕ



ਸਮਰ



ਮਨਮੀਤ ਕੌਰ, ਤਰਨ ਤਾਰਨ



ਸੁਖਪ੍ਰੀਤ ਕੌਰ ਕੋਟਲਾ
ਮੋਗਾ

## ਕਿਸਾਨਾਂ ਵੱਲੋਂ ਖੇਤਾਂ 'ਚ ਪਰਾਲੀ ਦੇ ਨਿਪਟਾਰੇ ਨੂੰ ਭਰਵਾਂ ਹੁੰਗਾਰਾ



**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)**- ਕਪੂਰਥਲਾ ਜ਼ਿਲ੍ਹੇ ਵਿੱਚ ਪਰਾਲੀ ਨੂੰ ਅੱਗ ਲਾਉਂਣ ਦੀ ਥਾਂ ਖੇਤਾਂ ਵਿੱਚ ਹੀ ਮਿਲਾਕੇ ਨਿਪਟਾਉਂਣ ਲਈ ਕਿਸਾਨਾਂ ਨੂੰ ਪ੍ਰੇਰਿਤ ਕਰਨ ਵਾਸਤੇ ਐਸ.ਡੀ.ਐਮਜ਼ ਦੀ ਅਗਵਾਈ ਹੇਠ ਖੇਤੀਬਾੜੀ, ਸਹਿਕਾਰਤਾ 'ਤੇ ਪੁਲਸ ਦੀਆਂ ਸਾਂਝੀਆਂ ਟੀਮਾਂ ਵੱਲੋਂ ਹਾਟ ਸਪਾਟ ਪਿੰਡਾਂ ਦਾ ਦੌਰਾ ਕਰਕੇ ਕਿਸਾਨਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਗਿਆ। ਡਿਪਟੀ ਕਮਿਸ਼ਨਰ ਸ੍ਰੀ ਅਮਿਤ ਕੁਮਾਰ ਪੰਚਾਲ ਵੱਲੋਂ ਬੀਤੇ ਦਿਨੀਂ ਜ਼ਿਲ੍ਹਾ ਕਪੂਰਥਲਾ ਵਿੱਚ ਪਿਛਲੇ ਸੀਜ਼ਨ ਦੌਰਾਨ 3 ਜਾਂ ਉਸ ਤੋਂ ਵੱਧ ਪਰਾਲੀ ਨੂੰ ਅੱਗ ਲਗਾਉਂਣ ਦੇ ਮਾਮਲਿਆਂ ਵਾਲੇ 27 ਪਿੰਡਾਂ ਦਾ ਦੌਰਾ ਕਰਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕਰਨ ਦੇ ਹੁਕਮ ਦਿੱਤੇ ਗਏ ਸਨ। ਇਸੇ ਤਹਿਤ ਐਸ.ਡੀ.ਐਮ ਕਪੂਰਥਲਾ ਮੇਜਰ ਇਰਵਿਨ ਕੌਰ, ਭੁਲੱਥ ਦੇ ਐਸ.ਡੀ.ਐਮ ਡੈਵੀ ਗੋਇਲ ਤੇ ਸੁਲਤਾਨਪੁਰ ਲੋਧੀ ਦੇ ਐਸ ਡੀ ਐਮ ਅਲਕਾ ਕਾਲੀਆ ਵੱਲੋਂ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ। ਸੁਲਤਾਨਪੁਰ ਲੋਧੀ ਸਬ ਡਵੀਜਨ ਦੇ ਪਿੰਡਾਂ ਵਿੱਚ ਐਸ ਡੀ ਐਮ ਅਲਕਾ ਕਾਲੀਆ ਦੀ ਅਗਵਾਈ ਹੇਠ ਪਿੰਡ ਮੋਖੇ, ਜੈਨਪੁਰ, ਤਰਫ ਬਹਿਬਲ ਬਹਾਦਰ, ਸ਼ੇਰਪੁਰ ਡੋਗਰਾ ਤੇ ਨੂਰੋਵਾਲ ਵਿਖੇ ਕਿਸਾਨਾਂ ਨੂੰ ਪਰਾਲੀ ਸਾੜਨ ਕਾਰਨ ਹੋਣ ਵਾਲੇ ਨੁਕਸਾਨ ਬਾਰੇ ਜਾਣੂੰ ਕਰਵਾਇਆ ਗਿਆ। ਉਨ੍ਹਾਂ ਕਿਸਾਨਾਂ ਨੂੰ ਕਿਹਾ ਕਿ ਉਹ ਖੇਤੀਬਾੜੀ ਵਿਭਾਗ ਵੱਲੋਂ ਸਬਸਿਡੀ ਉਪਰ ਦਿੱਤੀ ਗਈ ਮਸ਼ੀਨਰੀ ਨਾਲ ਪਰਾਲੀ ਦਾ ਨਿਪਟਾਰਾ ਖੇਤਾਂ ਵਿੱਚ ਹੀ ਕਰਨ ਜਿਸ ਨਾਲ ਨਾ ਸਿਰਫ ਵਾਤਾਵਰਨ ਸਾਫ ਸੁਥਰਾ ਰਹੇਗਾ ਸਗੋਂ ਜ਼ਮੀਨ ਦੀ ਸਿਹਤ ਨੂੰ ਵੀ ਨੁਕਸਾਨ ਨਹੀਂ ਹੋਵੇਗਾ। ਖੇਤੀਬਾੜੀ ਵਿਕਾਸ ਅਫ਼ਸਰ ਡਾ. ਜਸਪਾਲ ਸਿੰਘ ਨੇ ਕਿਸਾਨਾਂ ਨੂੰ ਸਬਸਿਡੀ ਉੱਪਰ ਦਿੱਤੀ ਗਈ ਮਸ਼ੀਨਰੀ ਜਿਵੇਂ ਕਿ ਸਟਰਾਅ ਰੀਪਰ, ਬੇਲਰ, ਮਲਚਰ ਆਦਿ ਦੀ ਸੁਚੱਜੀ ਵਰਤੋਂ ਬਾਰੇ ਜਾਣਕਾਰੀ ਦਿੱਤੀ। ਸਹਿਕਾਰਤਾ ਵਿਭਾਗ ਦੇ ਇੰਸਪੈਕਟਰ ਇੰਦਰਬੀਰ ਸਿੰਘ ਨੇ ਸਹਿਕਾਰੀ ਸੁਸਾਇਟੀਆਂ ਵੱਲੋਂ ਕਿਸਾਨਾਂ ਨੂੰ ਪਰਾਲੀ ਦੀ ਸਾਂਭ ਸੰਭਾਲ ਲਈ ਦਿੱਤੀ ਜਾ ਰਹੀ ਮਸ਼ੀਨਰੀ ਬਾਰੇ ਜਾਣਕਾਰੀ ਦਿੱਤੀ। ਵੱਖ-ਵੱਖ ਪਿੰਡਾਂ ਵਿੱਚ ਕਿਸਾਨਾਂ ਵੱਲੋਂ ਪਰਾਲੀ ਨੂੰ ਨਾ ਸਾੜਨ ਦਾ ਅਹਿਦ ਵੀ ਲਿਆ ਗਿਆ।

## ਅਗਨੀਵੀਰ, ਪੰਜਾਬ ਪੁਲਸ ਤੇ ਬੀ ਐੱਸ ਐੱਫ 'ਚ ਭਰਤੀ ਸਬੰਧੀ ਲਾਲੜੂ ਵਿਖੇ ਤਿਆਰੀ ਕੈਂਪ ਸ਼ੁਰੂ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਕੈਂਪ ਇੰਚਾਰਜ ਗੁਰਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੁਆਰਾ ਚਲਾਏ ਜਾ ਰਹੇ ਸੀ-ਪਾਈਟ ਕੈਂਪ, ਲਾਲੜੂ ਵਿਖੇ ਅਗਨੀਵੀਰ, ਪੰਜਾਬ ਪੁਲਸ ਤੇ ਬੀ.ਐਸ.ਐਫ. ਵਿਚ ਨੌਜਵਾਨਾਂ ਦੀ ਭਰਤੀ ਸਬੰਧੀ ਸਿਖਲਾਈ ਕੈਂਪ ਸ਼ੁਰੂ ਹੈ।ਉਨ੍ਹਾਂ ਦੱਸਿਆ ਕਿ ਲਾਲੜੂ ਕੈਂਪ ਵਿਖੇ ਇਸ ਭਰਤੀ ਸਬੰਧੀ ਲਿਖਤੀ ਅਤੇ ਫਿਜੀਕਲ ਟ੍ਰੇਨਿੰਗ ਸ਼ੁਰੂ ਹੋ ਚੁੱਕੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰਹਿਣਾ, ਖਾਣਾ, ਪੜਾਈ ਅਤੇ ਫਿਜੀਕਲ ਟੈਸਟ ਦੀ ਤਿਆਰੀ ਸਾਰਾ ਕੁੱਝ ਬਿਲਕੁਲ ਮੁਫਤ ਹੈ। ਉਨ੍ਹਾਂ ਅਪੀਲ ਕੀਤੀ ਕਿ ਇਸ ਦਾ ਵੱਧ ਤੋਂ ਵੱਧ ਲਾਭ ਲਿਆ ਜਾਵੇ। ਵਧੇਰੇ ਜਾਣਕਾਰੀ ਲਈ 9815077512 ਅਤੇ 7658816457 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕਾਂਗਰਸੀ ਆਗੂ ਗੁਰਪ੍ਰਤਾਪ ਸਿੰਘ ਨੇ ਰਾਮ ਲੀਲ੍ਹਾ ਦਾ ਕੀਤਾ ਉਦਘਾਟਨ



**ਕੁਰਾਲੀ (ਮੋਹਨ ਅੱਗਰਵਾਲ)**- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਰਾਮ ਲੀਲਾ ਡਰਾਮੇਟਿਕ ਕਲੱਬ ਵਲੋਂ ਸੰਗਤਾਂ ਦੇ ਸਹਿਯੋਗ ਸਦਕਾ ਨਜ਼ਦੀਕ ਪੁਲਸ ਸਟੇਸ਼ਨ ਖਰੜ ਦੇ ਸ੍ਰੀ ਰਾਮ ਲੀਲਾ ਦਾ ਆਯੋਜਨ ਕੀਤਾ ਗਿਆ।ਸ੍ਰੀ ਰਾਮਲੀਲਾ ਦਾ ਪਹਿਲੇ ਦਿਨ ਦਾ ਉਦਘਾਟਨ ਮੁਖ ਮਹਿਮਾਨ ਦੇ ਤੌਰ ਤੇ ਪਹੁੰਚੇ ਕਾਂਗਰਸੀ ਆਗੂ ਗੁਰਪ੍ਰਤਾਪ ਸਿੰਘ ਪਡਿਆਲਾ ਜਰਨਲ ਸਕੱਤਰ (ਪੰਜਾਬ ਕਿਸਾਨ ਕਾਂਗਰਸ) ਵੱਲੋਂ ਰੀਬਨ ਕੱਟ ਕੇ ਕੀਤਾ ਗਿਆ।ਇਸ ਮੌਕੇ ਗੁਰਪ੍ਰਤਾਪ ਸਿੰਘ ਪਡਿਆਲਾ ਨੇ ਆਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਗੁਰੂਆਂ ਪੀਰਾਂ ਮਹਾਪੁਰਸ਼ਾਂ ਦੇ ਦੱਸੇ ਮਾਰਗ ਤੇ ਚੱਲਣਾ ਚਾਹੀਦਾ ਹੈ। ਬੱਚਿਆਂ ਨੂੰ ਵੀ ਧਰਮ ਨਾਲ ਜੋੜਨਾ ਚਾਹੀਦਾ ਹੈ। ਸ੍ਰੀ ਰਾਮ ਲੀਲਾ ਦੇ ਪਹਿਲੇ ਦਿਨ ਕਲਾਕਾਰਾਂ ਵੱਲੋਂ ਸਰਵਣ ਦੁਆਰਾ ਆਪਣੇ ਅੰਨੇ ਮਾਤਾ ਪਿਤਾ ਨੂੰ ਤੀਰਥ ਯਾਤਰਾ ਤੇ ਲੈ ਜਾਣਾ, ਰਾਜਾ ਦਸ਼ਰਥ ਵਲੋਂ ਸ਼ਿਕਾਰ ਦੇ ਧੋਖੇ ਵਿੱਚ ਸਰਵਣ ਦੇ ਤੀਰ ਮਾਰਨਾ ਅਤੇ ਹੋਰ ਮੁੱਖ ਸੀਨ ਦਰਸ਼ਕਾਂ ਅੱਗੇ ਪੇਸ਼ ਕੀਤੇ ਗਏ ਜਿਨਾਂ ਨੂੰ ਦਰਸ਼ਕਾਂ ਵੱਲੋਂ ਬੜੇ ਸ਼ਰਧਾ ਭਾਵਨਾ ਦੇ ਨਾਲ ਦੇਖਿਆ ਗਿਆ।ਇਸ ਮੌਕੇ ਕਲੱਬ ਦੇ ਮੈਂਬਰਾਂ ਵੱਲੋਂ ਆਏ ਮੁੱਖ ਮਹਿਮਾਨ ਗੁਰ ਪ੍ਰਤਾਪ ਸਿੰਘ ਪਡਿਆਲਾ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਕਲੱਬ ਦੇ ਚੈਅਰਮੈਨ ਸੀਨੀਅਰ ਐਡਵੋਕੇਟ ਤਾਰਾ ਚੰਦ ਗੁਪਤਾ, ਕਲੱਬ ਦੇ ਪ੍ਰਧਾਨ ਸ਼ਿਵਚਰਨ ਪਿੰਕੀ, ਸੀਨੀਅਰ ਵਾਈਸ ਪ੍ਰਧਾਨ ਵਰਿੰਦਰ ਭਾਮਾ, ਜਨਰਲ ਸਕੱਤਰ ਯੋਗੇਸ਼ ਕਪਿਲ, ਪ੍ਰੈਜ ਸੈਕਟਰੀ ਪੰਕਜ ਚੱਢਾ, ਸ਼ਾਮ ਸੁੰਦਰ ਲਾਂਬਾ, ਪਰਵੀਨ ਕਰਵਲ, ਹਰ ਗੋਪਾਲ ਬਿੱਲੂ ਅਤੇ ਕਲੱਬ ਦੇ ਸਮੂਹ ਮੈਂਬਰ ਹਾਜ਼ਰ ਸਨ।